
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



11ਵਾਂ ਸਾਲ

ਹਫਤਾਵਾਰੀ

# ਦੇਸ਼ ਦੁਆਬਾ

VOL -11 ISSUE - 14
July 13, 2022

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ/ ਵਿਵੇਕ ਭਾਟੀਆ




'ਸਿੱਖੀ-ਸਿਦਕ ਨਿਭਾਉਣ ਵਾਲਾ ਮਹਾਨ ਯੋਧਾ' ਸ਼ਹੀਦ ਭਾਈ ਤਾਰੂ ਸਿੰਘ ਜੀ
*(ਸਬੰਧਤ ਲੇਖ ਦੇਖੋ ਸਫਾ 20 ਅਤੇ 22 'ਤੇ)*



ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੇਫੋਰਨੀਆ) ਦਾ 37ਵਾਂ ਸਥਾਪਨਾ ਦਿਵਸ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ
ਰਿਪੋਰਟ ਅਤੇ ਤਸਵੀਰਾਂ ਲਈ ਦੇਖੋ "ਅੰਬੇਦਕਰ ਟਾਈਮਜ਼"




ਪਹਾੜ ਵਰਗੀਆਂ ਪ੍ਰਾਪਤੀਆਂ ਵਾਲੇ ਵਿਰਾਸਤੀ ਪਿੰਡ ਗੁਣਾਚੌਰ ਬਾਰੇ ਸੰਤੋਖ ਸਿੰਘ ਜੱਸੀ ਦੀ ਵਿਸ਼ੇਸ਼ ਲੇਖਣੀ ਦੇਖੋ ਸਫਾ 27 ਤੋਂ 30 'ਤੇ

# ਰਾਜਪਕਸ਼ੇ ਦੇ ਭੱਜਣ ਬਾਅਦ ਸ੍ਰੀਲੰਕਾ 'ਚ ਐਮਰਜੰਸੀ ਲਗਾਈ

**ਨਵੀ ਦਿੱਲੀ (ਬਿਊਰੋ)**– ਸ੍ਰੀਲੰਕਾ ਦੇ ਪ੍ਰਧਾਨ ਮੰਤਰੀ ਰਾਨਿਲ ਵਿਕਰਮਸਿੰਘੇ ਨੇ ਰਾਸ਼ਟਰਪਤੀ ਗੋਟਬਾਯਾ ਰਾਜਪਕਸ਼ੇ ਦੇ ਮਾਲਦੀਪ ਭੱਜ ਜਾਣ ਤੋਂ ਬਾਅਦ ਕਾਰਜਕਾਰੀ ਰਾਸ਼ਟਰਪਤੀ ਵਜੋਂ ਐਮਰਜੰਸੀ ਦੀ ਸਥਿਤੀ ਦਾ ਐਲਾਨ ਕਰ ਦਿੱਤਾ ਹੈ, ਜਿਸ ਨਾਲ ਆਰਥਿਕ ਸੰਕਟ 'ਚ ਫਸੇ ਦੇਸ਼ 'ਚ ਪ੍ਰਦਰਸ਼ਨ ਹੋਰ ਜ਼ੋਰ ਫੜ ਗਏ ਹਨ। ਵਿਕਰਮਸਿੰਘੇ ਦੇ ਮੀਡੀਆ ਸਕੱਤਰ ਨੇ ਦੱਸਿਆ, 'ਪ੍ਰਧਾਨ ਮੰਤਰੀ ਨੇ ਕਾਰਜਕਾਰੀ ਰਾਸ਼ਟਰਪਤੀ ਵਜੋਂ ਐਮਰਜੰਸੀ (ਦੇਸ਼ ਵਿਆਪੀ) ਦਾ ਐਲਾਨ ਕਰ ਦਿੱਤਾ ਹੈ ਅਤੇ ਪੱਛਮੀ ਸੂਬੇ ਵਿੱਚ ਕਰਫਿਊ ਲਗਾ ਦਿੱਤਾ ਹੈ।'



**ਰਾਜਪਕਸ਼ੇ ਦੇਸ਼ ਛੱਡ ਕੇ ਮਾਲਦੀਪ ਭੱਜਿਆ**

ਸ੍ਰੀਲੰਕਾ ਦੇ ਰਾਸ਼ਟਰਪਤੀ ਗੋਟਬਾਯਾ ਰਾਜਪਕਸ਼ੇ ਅੱਜ ਫੌਜ ਦੇ ਜਹਾਜ਼ ਵਿਚ ਦੇਸ਼ ਛੱਡ ਕੇ ਮਾਲਦੀਪ ਪਹੁੰਚ ਗਏ। ਰਾਜਪਕਸ਼ੇ ਨੇ ਦੇਸ਼ ਦੀ ਅਰਥਵਿਵਸਥਾ ਨੂੰ ਨਾ ਸੰਭਾਲਣ ਲਈ ਆਪਣੇ ਅਤੇ ਆਪਣੇ ਪਰਿਵਾਰ ਖ਼ਿਲਾਫ਼ ਵੱਧ ਰਹੇ ਜਨਤਕ ਰੋਸ ਕਾਰਨ ਅੱਜ ਆਪਣੇ ਅਸਤੀਫੇ ਦੇਣ ਦਾ ਐਲਾਨ ਕੀਤਾ ਸੀ। ਸ੍ਰੀਲੰਕਾਈ ਹਵਾਈ ਸੈਨਾ ਨੇ ਸੰਖੇਪ ਬਿਆਨ ਵਿੱਚ ਕਿਹਾ ਕਿ 73 ਸਾਲਾ ਨੇਤਾ ਆਪਣੀ ਪਤਨੀ ਅਤੇ ਦੋ ਸੁਰੱਖਿਆ ਅਧਿਕਾਰੀਆਂ ਨਾਲ ਫੌਜ ਦੇ ਜਹਾਜ਼ ਵਿੱਚ ਦੇਸ਼ ਛੱਡ ਗਏ।ਪ੍ਰਧਾਨ ਮੰਤਰੀ ਦਫ਼ਤਰ ਨੇ ਵੀ ਰਾਸ਼ਟਰਪਤੀ ਦੇ ਜਾਣ ਦੀ ਪੁਸ਼ਟੀ ਕੀਤੀ ਹੈ। ਦੱਸਿਆ ਜਾ ਰਿਹਾ ਹੈ ਕਿ ਨਵੀਂ ਸਰਕਾਰ ਵੱਲੋਂ ਗ੍ਰਿਫਤਾਰੀ ਦੀ ਸੰਭਾਵਨਾ ਤੋਂ ਬਚਣ ਲਈ ਰਾਜਪਕਸ਼ੇ ਅਸਤੀਫਾ ਦੇਣ ਤੋਂ ਪਹਿਲਾਂ ਵਿਦੇਸ਼ ਜਾਣਾ ਚਾਹੁੰਦੇ ਸਨ।

**ਸਾਡਾ ਹੱਥ ਨਹੀਂ: ਭਾਰਤ**

ਭਾਰਤ ਨੇ ਉਨ੍ਹਾਂ ਮੀਡੀਆ ਰਿਪੋਰਟਾਂ ਨੂੰ 'ਬੇਬੁਨਿਆਦ' ਕਰਾਰ ਦਿੱਤਾ, ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ ਉਸ ਨੇ ਸ੍ਰੀਲੰਕਾ ਦੇ ਰਾਸ਼ਟਰਪਤੀ ਗੋਟਬਾਯਾ ਰਾਜਪਕਸ਼ੇ ਨੂੰ ਦੇਸ਼ ਛੱਡ ਕੇ ਮਾਲਦੀਪ ਭੱਜਣ ਵਿੱਚ ਮਦਦ ਕੀਤੀ ਹੈ। ਸ੍ਰੀਲੰਕਾ ਵਿਚ ਭਾਰਤੀ ਹਾਈ ਕਮਿਸ਼ਨ ਨੇ ਟਵੀਟ ਕਰਕੇ ਕਿਹਾ, 'ਹਾਈ ਕਮਿਸ਼ਨ ਮੀਡੀਆ ਦੀਆਂ ਉਨ੍ਹਾਂ ਰਿਪੋਰਟਾਂ ਨੂੰ ਖਾਰਜ ਕਰਦਾ ਹੈ ਤੇ ਬੇਬੁਨਿਆਦ ਕਰਾਰ ਦਿੰਦਾ ਹੈ ਕਿ ਭਾਰਤ ਨੇ ਗੋਟਬਾਯਾ ਰਾਜਪਕਸ਼ੇ ਨੂੰ ਸ੍ਰੀਲੰਕਾ ਤੋਂ ਬਾਹਰ ਕੱਢਣ ਵਿੱਚ ਮਦਦ ਕੀਤੀ।

# ਨਾਸਾ ਨੇ ਪਹਿਲੀ ਵਾਰ ਬ੍ਰਹਿਮੰਡ ਦੀਆਂ ਰੰਗੀਨ ਤਸਵੀਰਾਂ ਦਿਖਾਈਆਂ

**ਹਿਊਸਟਨ (ਬਿਊਰੋ)** – ਨਾਸਾ ਨੇ ਪਹਿਲੀ ਵਾਰ ਬ੍ਰਹਿਮੰਡ ਦੀਆਂ ਰੰਗੀਨ ਤਸਵੀਰਾਂ ਦਿਖਾਈਆਂ ਹਨ। ਇਨ੍ਹਾਂ ਨੂੰ ਜੇਮਸ ਵੈਬ ਸਪੇਸ ਟੈਲੀਸਕੋਪ ਦੁਆਰਾ ਲਿਆ ਗਿਆ ਹੈ, ਜੋ ਕਿ 1990 ਵਿੱਚ ਭੇਜੇ ਗਏ ਹਬਲ ਟੈਲੀਸਕੋਪ ਤੋਂ 100 ਗੁਣਾ ਜ਼ਿਆਦਾ ਸ਼ਕਤੀਸ਼ਾਲੀ ਹੈ। ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਜੇਮਸ ਵੈਬ ਸਪੇਸ ਟੈਲੀਸਕੋਪ ਤੋਂ ਤਸਵੀਰਾਂ ਜਾਰੀ ਕੀਤੀਆਂ ਹਨ। ਉਹਨਾਂ ਵਿੱਚੋਂ ਉੱਪਰ ਦੇਖੇ ਗਏ ਸਭ ਤੋਂ ਉੱਚੇ ਰੈਜ਼ੋਲਿਊਸ਼ਨ ਅਤੇ ਬ੍ਰਹਿਮੰਡ ਦੀ ਪਹਿਲੀ ਰੰਗੀਨ ਫੋਟੋ ਹੈ।



ਨਾਸਾ ਦੇ ਜੇਮਸ ਵੈਬ ਟੈਲੀਸਕੋਪ ਨੇ ਡੂੰਘੇ ਪੁਲਾੜ ਦੀ ਪਹਿਲੀ ਅਜਿਹੀ ਤਸਵੀਰ ਦਿਖਾਈ ਹੈ ਜੋ ਪਹਿਲਾਂ ਕਦੇ ਨਹੀਂ ਦੇਖੀ ਗਈ ਸੀ। ਇਹ ਨਾਸਾ ਅਤੇ ਉਸ ਦੀਆਂ ਭਾਈਵਾਲ ਏਜੰਸੀਆਂ ਲਈ ਵੱਡੀ ਗੱਲ ਹੈ। ਤੁਹਾਨੂੰ ਦੱਸ ਦੇਈਏ ਕਿ ਨਾਸਾ ਦੇ ਇਸ ਜੇਮਸ ਵੈਬ ਟੈਲੀਸਕੋਪ ਨੂੰ ਪਿਛਲੇ ਸਾਲ ਦਸੰਬਰ ਵਿੱਚ ਲਾਂਚ ਕੀਤਾ ਗਿਆ ਸੀ। ਯੂਰਪੀਅਨ ਸਪੇਸ ਏਜੰਸੀ (ESA) ਅਤੇ ਕੈਨੇਡੀਅਨ ਸਪੇਸ ਏਜੰਸੀ (ਛੰਓ) ਵੀ ਇਸ ਵਿੱਚ ਭਾਈਵਾਲ ਹਨ। ਇਸ ਦੇ ਲਾਂਚ ਦੇ ਸਮੇਂ ਵਿਗਿਆਨੀਆਂ ਨੂੰ ਇਸ ਤੋਂ ਕਾਫੀ ਉਮੀਦਾਂ ਸਨ। ਵੱਲੋਂ ਭੇਜੀਆਂ ਗਈਆਂ ਤਾਜ਼ਾ ਫੋਟੋਆਂ ਨੇ ਇਨ੍ਹਾਂ ਉਮੀਦਾਂ 'ਤੇ ਖਰਾ ਉਤਰਿਆ ਹੈ। ਵਿਗਿਆਨੀਆਂ ਨੇ ਇਸ ਵੈੱਬ ਟੈਲੀਸਕੋਪ ਦੀ ਉਮਰ ਦਸ ਸਾਲ ਦੱਸੀ ਹੈ ਪਰ ਉਨ੍ਹਾਂ ਨੂੰ ਉਮੀਦ ਹੈ ਕਿ ਇਹ ਲਗਭਗ 20 ਸਾਲ ਕੰਮ ਕਰਦੀ ਰਹੇਗੀ।

ਵੈਬ ਟੈਲੀਸਕੋਪ ਨੇ ਵਿਗਿਆਨੀਆਂ ਨੂੰ ਡੂੰਘੇ ਸਪੇਸ ਦੇ ਪਹਿਲੇ ਰੰਗ ਦੇ ਚਿੱਤਰ ਅਤੇ ਸਪੈਕਟ੍ਰੋਸਕੋਪਿਕ ਡੇਟਾ ਪ੍ਰਦਾਨ ਕੀਤੇ ਹਨ। ਇਹ ਸਾਰੀਆਂ

**(ਬਾਕੀ ਸਫਾ 5 'ਤੇ)**



SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
3222 PENELOPE DR. STOCKTON, CA- 95212
(NEAR HWY 99 ON MORADA LANE)
Note: I am not an Immigration Attorney.
(209-373-3562) msandhu2014@gmail.com


DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

## ਪੁਰਾਣੇ ਟਾਇਰਾਂ ਦੀ ਸੇਲ

## ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

## WASH, LUBE, BRAKES

Call:

650-642-0697

## 3525 Highway 99, West Corning, CA 96021

Across the Street from TA Truck Stop





# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

## ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# HAPPY BAZAAR

HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।


EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212
EMAIL: indiabazaar08@yahoo.com



# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ




ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





# Raja

SWEETS & CATERING

AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



# INDIA MARKET

INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ
ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY


MUSIC, FABRIC
ARTIFICIAL
JEWELRY, SWEETS,
FRESH VEGETABLES
& MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੈਂਗੜ

Super Eyebrow
Threading Now Open
Eyebrow Threading
& Henna Tattoo

7 times,
Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell :
916-798-8142

Email:
IndiaMarketRoseville@gmail.com

# ਭਗਵੰਤ ਮਾਨ ਨੇ ਨਵੀਂ ਵਹੁਟੀ ਨਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ !

**ਅੰਮ੍ਰਿਤਸਰ –** ਮੁੱਖ-ਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦੀ ਪਤਨੀ ਡਾ। ਗੁਰਪ੍ਰੀਤ ਕੌਰ ਵਿਆਹ ਮਗਰੋਂ ਇੱਥੇ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਏ। ਉਨ੍ਹਾਂ ਗੁਰੂ ਘਰ ਵਿਚ ਮੱਥਾ ਟੇਕਿਆ ਅਤੇ ਆਪਣੇ ਜੀਵਨ ਦੇ ਨਵੇਂ ਪੜਾਅ ਦੀ ਸ਼ੁਰੂਆਤ

ਲਾਇਆ ਕਿ ਚੰਡੀਗੜ੍ਹ 'ਤੇ ਪੰਜਾਬ ਦੇ ਦਾਅਵਿਆਂ ਨੂੰ ਖੋਰਾ ਲਾਉਣ ਲਈ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੀ ਕੇਂਦਰ ਸਰਕਾਰਾਂ ਨਾਲ ਮਿਲੀਭੁਗਤ ਰਹੀ ਹੈ। ਅਕਾਲੀ ਆਗੂਆਂ ਵੱਲੋਂ ਸੂਬੇ ਦੀ ਰਾਜਧਾਨੀ ਦੇ ਮੁੱਦੇ 'ਤੇ ਕੀਤੀ

ਨਿੱਜੀ ਹਿੱਤਾਂ ਦੀ ਪੂਰਤੀ ਲਈ ਚੁੱਪ ਰਹੇ ਅਤੇ ਕਾਂਗਰਸ ਲੀਡਰਸ਼ਿਪ ਵੀ ਇਸ ਸਮੁੱਚੇ ਮਾਮਲੇ 'ਤੇ ਮੂਕ ਦਰਸ਼ਕ ਬਣੀ ਰਹੀ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਅਕਾਲੀ ਦਲ ਅਤੇ ਕਾਂਗਰਸ ਮੀਡੀਆ ਸਾਹਮਣੇ ਨਿਰਆਧਾਰ ਬਿਆਨਬਾਜ਼ੀ ਕਰਕੇ ਸਸਤੀ ਸ਼ੋਹਰਤ ਖੱਟਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।

ਭਗਵੰਤ ਮਾਨ ਨੇ ਅੱਗੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਮਾਜ ਦੇ ਹਰੇਕ ਵਰਗ ਦੀ ਭਲਾਈ ਲਈ ਵਚਨਬੱਧ ਹੈ। ਉਨ੍ਹਾਂ

ਬਣਾਉਣ ਦੇ ਮਕਸਦ ਨਾਲ ਲਿਆ ਗਿਆ ਹੈ। ਭਗਵੰਤ ਮਾਨ ਨੇ ਕਿਹਾ ਕਿ ਮੱਤੇਵਾੜਾ ਜੰਗਲ ਨੂੰ ਸੈਰ-ਸਪਾਟੇ ਵਜੋਂ ਆਕਰਸ਼ਿਤ ਕਰਨ ਲਈ ਵਾਤਾਵਰਨ ਪਾਰਕ ਵਜੋਂ ਵਿਕਸਤ ਕਰਨ ਲਈ ਠੋਸ ਉਪਰਾਲੇ ਕੀਤੇ ਜਾਣਗੇ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਸੂਬੇ ਵਿੱਚ ਨਸ਼ਾ ਤਸਕਰਾਂ ਵਿਰੁੱਧ ਵੱਡੇ ਪੱਧਰ 'ਤੇ ਕਾਰਵਾਈ ਸ਼ੁਰੂ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦਾ ਟੀਚਾ ਮਿੱਥਿਆ ਹੈ। ਭਗਵੰਤ ਮਾਨ ਨੇ ਕਿਹਾ ਕਿ ਭਾਵੇਂ ਕਿ ਨਸ਼ਿਆਂ ਦੀ ਸਪਲਾਈ ਲਾਈਨ ਟੁੱਟ ਚੁੱਕੀ ਹੈ, ਸੂਬਾ ਸਰਕਾਰ ਹੁਣ ਨਸ਼ਾ ਤਸਕਰਾਂ ਨੂੰ ਸਲਾਖਾਂ





ਕਰਨ ਲਈ ਆਸ਼ੀਰਵਾਦ ਲਿਆ। ਮੁੱਖ ਮੰਤਰੀ ਆਪਣੀ ਮਾਂ ਬੀਬੀ ਹਰਪਾਲ ਕੌਰ ਅਤੇ ਭੈਣ ਨਾਲ ਗੁਰੂ ਨਗਰੀ ਵਿਚ ਆਏ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਇਸ ਮੌਕੇ ਲੋਕਾਂ ਵਲੋਂ ਮੁੱਖ ਮੰਤਰੀ ਨੂੰ ਵਿਆਹ ਦੀਆਂ ਵਧਾਈਆਂ ਵੀ ਦਿੱਤੀਆਂ ਗਈਆਂ ਜਿਨ੍ਹਾਂ ਦਾ ਮੁੱਖ ਮੰਤਰੀ ਤੇ ਉਨ੍ਹਾਂ ਦੇ ਪਰਿਵਾਰ ਨੇ ਧੰਨਵਾਦ ਵੀ ਕੀਤਾ। ਇਸ ਮੌਕੇ ਸੂਚਨਾ ਕੇਂਦਰ 'ਚ ਸ਼੍ਰੋਮਣੀ ਕਮੇਟੀ ਵਲੋਂ ਮੁੱਖ ਮੰਤਰੀ ਤੇ ਉਨ੍ਹਾਂ ਦੀ ਪਤਨੀ ਦਾ ਸਨਮਾਨ ਕੀਤਾ ਗਿਆ। ਸੂਚਨਾ ਕੇਂਦਰ ਬਾਹਰ ਮੀਡੀਆ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਆਖਿਆ ਕਿ ਪੰਜਾਬ ਨੇ ਚੰਡੀਗੜ੍ਹ 'ਤੇ ਕਦੇ ਵੀ ਆਪਣਾ ਦਾਅਵਾ ਨਹੀਂ ਛੱਡਿਆ। ਇਸ ਬਾਰੇ ਵਿਰੋਧੀ ਧਿਰਾਂ ਵੱਲੋਂ ਗਲਤ ਬਿਆਨਬਾਜ਼ੀ ਕੀਤੀ ਜਾ ਰਹੀ ਹੈ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਇਸ ਮਾਮਲੇ ਵਿਚ ਕਰੜੇ ਹੱਥੀਂ ਲੈਂਦਿਆਂ ਆਖਿਆ ਕਿ ਉਨ੍ਹਾਂ ਨੇ ਅਕਾਲੀ ਸਰਕਾਰ ਵੇਲੇ ਪੰਜਾਬ ਦੇ ਸਾਰੇ ਸਰਕਾਰੀ ਦਫਤਰ ਹੀ ਮੁਹਾਲੀ ਤਬਦੀਲ ਕਰ ਦਿੱਤੇ ਸਨ। ਮੁੱਖ ਮੰਤਰੀ ਨੇ ਦੋਸ਼

ਬੇਬੁਨਿਆਦ ਬਿਆਨਬਾਜ਼ੀ ਦਾ ਸਖ਼ਤ ਨੋਟਿਸ ਲੈਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਚੰਡੀਗੜ੍ਹ 'ਤੇ ਸੂਬੇ ਦੇ ਦਾਅਵੇ ਨੂੰ ਕਮਜ਼ੋਰ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦੀ ਕਰੜੀ ਆਲੋਚਨਾ ਕੀਤੀ।

ਅੱਜ ਇੱਥੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਮੁੱਖ ਮੰਤਰੀ ਨੇ ਕਿਹਾ, "ਹਰੇਕ ਪੰਜਾਬੀ ਇਹ ਭਲੀ-ਭਾਂਤ ਜਾਣਦਾ ਹੈ ਕਿ ਸੂਬਾ ਸਰਕਾਰ ਦੇ ਦਫ਼ਤਰਾਂ ਨੂੰ ਚੰਡੀਗੜ੍ਹ ਤੋਂ ਮੋਹਾਲੀ ਤਬਦੀਲ ਕਿਸ ਨੇ ਕੀਤਾ ਅਤੇ ਨਿਊ ਚੰਡੀਗੜ੍ਹ ਦੀ ਸਥਾਪਨਾ ਕਰਨ ਵਾਲੇ ਕੌਣ ਹਨ।ਮੁੱਖ ਮੰਤਰੀ ਨੇ ਕਿਹਾ ਕਿ ਚੰਡੀਗੜ੍ਹ 'ਤੇ ਪੰਜਾਬ ਦੇ ਦਾਅਵਿਆਂ ਨੂੰ ਖੋਰਾ ਲਾਉਣ ਲਈ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੀ ਕੇਂਦਰ ਦੀਆਂ ਸਰਕਾਰਾਂ ਨਾਲ ਮਿਲੀਭੁਗਤ ਰਹੀ ਹੈ। ਉਨ੍ਹਾਂ ਨੇ ਸੁਖਬੀਰ ਬਾਦਲ ਤੋਂ ਪੁੱਛਿਆ ਕਿ ਕੇਂਦਰ ਦੀ ਸਰਕਾਰ 'ਚ ਭਾਈਵਾਲ ਹੋਣ ਦੇ ਬਾਵਜੂਦ ਉਨ੍ਹਾਂ ਨੇ ਚੰਡੀਗੜ੍ਹ ਨੂੰ ਲੈ ਕੇ ਚੁੱਪ ਕਿਉਂ ਧਾਰੀ ਰੱਖੀ। ਭਗਵੰਤ ਮਾਨ ਨੇ ਕਿਹਾ ਕਿ ਬਾਦਲ ਆਪਣੇ

ਕਿਹਾ ਕਿ ਆਮ ਲੋਕਾਂ ਨਾਲ ਸਲਾਹ ਮਸ਼ਵਰਾ ਕਰਕੇ ਹਰ ਮਸਲੇ ਦਾ ਹੱਲ ਕੀਤਾ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਾਂਗਰਸ ਪਾਰਟੀ 'ਤੇ ਵਰ੍ਹਦਿਆਂ ਕਿਹਾ ਕਿ ਇਸ ਪਾਰਟੀ ਦੇ ਮੰਤਰੀਆਂ ਨੇ ਸੂਬੇ ਦੇ ਦਰੱਖਤ ਤੱਕ ਵੀ ਵੇਚ ਦਿੱਤੇ ਹਨ। ਦੂਜੇ ਪਾਸੇ ਉਨ੍ਹਾਂ ਦੀ ਸਰਕਾਰ ਪੰਜਾਬ ਨੂੰ ਸਿਹਤਮੰਦ, ਹਰਿਆ ਭਰਿਆ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਲਈ ਵਚਨਬੱਧ ਹੈ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਆਉਣ ਵਾਲੇ ਸਮੇਂ ਵਿੱਚ ਸੂਬੇ ਦੀ ਪੁਰਾਤਨ ਸ਼ਾਨ ਨੂੰ ਬਹਾਲ ਕਰੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਮੱਤੇਵਾੜਾ ਜੰਗਲਾਂ ਨੇੜੇ ਕੋਈ ਵੀ ਉਦਯੋਗਿਕ ਯੂਨਿਟ ਲਾਉਣ ਦੀ ਇਜਾਜ਼ਤ ਨਾ ਦੇਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਪੰਜਾਬ ਨੂੰ ਹਰਿਆ ਭਰਿਆ ਅਤੇ ਪ੍ਰਦੂਸ਼ਣ ਮੁਕਤ

ਪਿੱਛੇ ਡੱਕਣ ਵੱਲ ਧਿਆਨ ਦੇ ਰਹੀ ਹੈ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਅਮਨ-ਕਾਨੂੰਨ ਨੂੰ ਕਾਇਮ ਰੱਖਣਾ ਸੂਬਾ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ। ਉਨ੍ਹਾਂ ਸਪੱਸ਼ਟ ਕਿਹਾ ਕਿ ਕਿਸੇ ਨੂੰ ਵੀ ਸੂਬੇ ਦੀ ਅਮਨ-ਸ਼ਾਂਤੀ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਹਰੇਕ ਵਰਗ ਦੇ ਭਲੇ ਲਈ ਵਚਨਬੱਧ ਹੈ। ਇਸ ਮੌਕੇ ਕੈਬਨਿਟ ਮੰਤਰੀ ਸ: ਹਰਭਜਨ ਸਿੰਘ ਈਟੀਓ।, ਡਾ ਇੰਦਰਬੀਰ ਸਿੰਘ ਨਿੱਜਰ, ਮੇਅਰ ਨਗਰ ਨਿਗਮ ਸ: ਕਰਮਜੀਤ ਸਿੰਘ ਰਿੰਟੂ, ਡਿਪਟੀ ਕਮਿਸ਼ਨਰ ਸ੍ਰੀ ਹਰਪ੍ਰੀਤ ਸਿੰਘ ਸੂਦਨ ਅਤੇ ਪੁਲਿਸ ਕਮਿਸ਼ਨਰ ਸ: ਅਰੁਣਪਾਲ ਸਿੰਘ ਵੀ ਹਾਜ਼ਰ ਸਨ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

ਸੋਹੰ

ਹਰਿ

SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

Sri Guru Ravidass Temple
Gurughar's 37th Anniversary 2022

**July 31, 2022 Sukhmani Sahib Path and Langar Sewa by Lashkari Ram Suman.**

ਲਖ ਖੁਸੀਆ ਪਾਤਿਸਾਹੀਆ ਜੇ ਸਤਗਿਰੁ ਨਦਰਿ ਕਰੇਇ

Sri Sukhmani Sahib Path and Langar Sewa will be hosted by Bhai Lashkari Ram Suman and family in preparation of their daughter Bindu Suman's wedding. May Waheguru bless Bindu Suman with all the joy in her married life and keep Suman family in CHARDI KALA.

**"NANAK NAM CHARDI KALA TERE BHANE SARBAT DA BHALA"**

**Please contact General Secretary Abhishek Pal Narabut at (925)695-4637 for booking any program.**

**Sangat De Sewadar**

| Chairperson | President | General Secretary | Treasurer |
|---|---|---|---|
| Kulwant Kaur Banga | Jagtar Bhatia | Abhishek Pal Narabut | Sunita K Singh |

**Please visit Gurughar website for information: WWW.SriGuruRavidassTemple.com**


## ਨਾਸਾ ਨੇ ਪਹਿਲੀ ਵਾਰ ਬ੍ਰਹਿਮੰਡ ਦੀਆਂ ਰੰਗੀਨ ਤਸਵੀਰਾਂ ਦਿਖਾਈਆਂ

**(ਸਫਾ 1 ਦੀ ਬਾਕੀ)**

ਤਸਵੀਰਾਂ ਮੰਗਲਵਾਰ, 12 ਜੁਲਾਈ, 2022 ਨੂੰ ਨਾਸਾ ਦੁਆਰਾ ਅਧਿਕਾਰਤ ਤੌਰ 'ਤੇ ਲਾਈਵ ਪ੍ਰਸਾਰਣ ਵਿੱਚ ਦਿਖਾਈਆਂ ਜਾਣਗੀਆਂ, ਜੋ ਕਿ ਸਥਾਨਕ ਸਮੇਂ ਅਨੁਸਾਰ ਲਗਭਗ 10:30 ਵਜੇ ਸ਼ੁਰੂ ਹੋਵੇਗਾ। ਇਸ ਤੋਂ ਇਲਾਵਾ ਇਹ ਤਸਵੀਰਾਂ ਨਾਸਾ ਦੀ ਵੈੱਬ ਸਾਈਟ 'ਤੇ ਵੀ ਮੌਜੂਦ ਹੋਣਗੀਆਂ। ਤੁਹਾਨੂੰ ਦੱਸ ਦੇਈਏ ਕਿ ਕੱਲ੍ਹ ਤੋਂ ਹੀ ਇਹ ਦੂਰਬੀਨ ਵੀ ਅਧਿਕਾਰਤ ਤੌਰ 'ਤੇ ਆਪਣਾ ਕੰਮ ਕਰਨਾ ਸ਼ੁਰੂ ਕਰ ਦੇਵੇਗੀ।

ਜੇਮਸ ਬਾਬ ਦੀਆਂ ਇਨ੍ਹਾਂ ਤਸਵੀਰਾਂ ਵਿੱਚ ਕੈਰੀਨਾ ਨੇਬੂਲਾ ਦੀ ਤਸਵੀਰ ਵੀ ਸ਼ਾਮਲ ਹੈ ਜੋ ਧਰਤੀ ਤੋਂ ਲਗਭਗ 7600 ਪ੍ਰਕਾਸ਼ ਸਾਲ ਦੀ ਦੂਰੀ 'ਤੇ ਮੌਜੂਦ ਹੈ। ਇਸਦੀ ਸਭ ਤੋਂ ਖਾਸ ਗੱਲ ਇਹ ਹੈ ਕਿ ਇਹ ਅਸਮਾਨ ਦਾ ਸਭ ਤੋਂ ਵੱਡਾ ਅਤੇ ਚਮਕਦਾਰ ਨੀਬੂਲਾ ਹੈ। ਨੇਬੂਲਾ ਅਸਲ ਵਿੱਚ ਤਾਰਿਆਂ ਦੀ ਨਰਸਰੀ ਹੈ ਜਿੱਥੇ ਉਹ ਉਤਪੰਨ ਹੁੰਦੇ ਹਨ। ਨੇਬੂਲਾ ਬਹੁਤ ਸਾਰੇ ਵੱਡੇ ਚਮਕਦਾਰ ਤਾਰਿਆਂ ਦਾ ਘਰ ਵੀ ਹੈ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਨ੍ਹਾਂ 'ਚੋਂ ਕੁਝ ਸਾਡੇ ਸੂਰਜ ਤੋਂ ਵੀ ਵੱਡੇ ਹੁੰਦੇ ਹਨ।

WASP-96 b (ਸਪੈਕਟ੍ਰਮ): ਇਹ ਸਾਡੇ ਸੂਰਜੀ ਸਿਸਟਮ ਤੋਂ ਬਾਹਰ ਇੱਕ ਵਿਸ਼ਾਲ ਗ੍ਰਹਿ ਹੈ। ਇਹ ਵੱਖ-ਵੱਖ ਤਰ੍ਹਾਂ ਦੀਆਂ ਗੈਸਾਂ ਤੋਂ ਬਣਿਆ ਹੁੰਦਾ ਹੈ। ਇਹ ਗ੍ਰਹਿ ਧਰਤੀ ਤੋਂ ਲਗਭਗ 1150 ਪ੍ਰਕਾਸ਼ ਸਾਲ ਦੀ ਦੂਰੀ 'ਤੇ ਸਥਿਤ ਹੈ। ਇਹ ਪਹਿਲੀ ਵਾਰ ਸਾਲ 2014 ਵਿੱਚ ਦੇਖਿਆ ਗਿਆ ਸੀ। ਇਸਦਾ ਪੁੰਜ ਜੁਪੀਟਸ ਨਾਲੋਂ ਅੱਧਾ ਹੈ।

**ਦੱਖਣੀ ਰਿੰਗ ਨੈਬੂਲਾ:** ਇਸਨੂੰ ਅੱਠ ਬਰਸਟ ਨੈਬੂਲਾ ਵੀ ਕਿਹਾ ਜਾਂਦਾ ਹੈ। ਇਹ ਵੱਖ-ਵੱਖ ਤਰ੍ਹਾਂ ਦੀਆਂ ਗੈਸਾਂ ਦਾ ਬਣਿਆ ਬੱਦਲ ਹੈ। ਇਸ ਦੇ ਅਸਮਾਨ ਵਿੱਚ ਮਰੇ ਹੋਏ ਤਾਰੇ ਹਨ। ਇਹ ਧਰਤੀ ਤੋਂ ਲਗਭਗ 2000 ਪ੍ਰਕਾਸ਼ ਸਾਲ ਦੀ ਦੂਰੀ 'ਤੇ ਮੌਜੂਦ ਹੈ। ਇਸ ਦੇ ਵਿਆਸ ਦੀ ਗੱਲ ਕਰੀਏ ਤਾਂ ਇਹ ਅੱਧਾ ਪ੍ਰਕਾਸ਼ ਸਾਲ ਹੈ।

ਸਟੀਫਨ ਦਾ ਕੁਇੰਟੇਟ: ਸਟੀਫਨ ਦਾ ਕੁਇੰਟੇਟ ਪੈਗਾਸਸ ਵਿੱਚ ਮੌਜੂਦ ਹੈ, ਜੋ ਧਰਤੀ ਤੋਂ ਲਗਭਗ 290 ਮਿਲੀਅਨ ਪ੍ਰਕਾਸ਼ ਸਾਲ ਦੀ ਦੂਰੀ 'ਤੇ ਸਥਿਤ ਹੈ। ਇਹ ਪਹਿਲੀ ਵਾਰ 1877 ਵਿੱਚ ਖੋਜਿਆ ਗਿਆ ਸੀ।

ਰਾਸ਼ਟਰਪਤੀ ਜੋਅ ਬਿਡੇਨ ਨੇ ਇਸ ਨੂੰ ਇਤਿਹਾਸਕ ਕਰਾਰ ਦਿੱਤਾ ਹੈ। ਅਮਰੀਕਾ ਦੇ ਰਾਸ਼ਟਰਪਤੀ ਜੋ ਬਿਡੇਨ ਦਾ ਕਹਿਣਾ ਹੈ ਕਿ ਇਹ ਤਸਵੀਰਾਂ ਦਿਖਾਉਂਦੀਆਂ ਹਨ ਕਿ ਅਮਰੀਕਾ ਕਿੰਨੇ ਵੱਡੇ ਕਾਰਨਾਮੇ ਕਰ ਸਕਦਾ ਹੈ। ਇਸ ਦੇ ਨਾਲ ਹੀ ਨਾਸਾ ਦੇ ਮੁਖੀ ਬਿਲ ਨੇਲਸਨ ਨੇ ਕਿਹਾ ਕਿ ਅਸੀਂ 13 ਅਰਬ ਸਾਲ ਪਿੱਛੇ ਦੇਖ ਰਹੇ ਹਾਂ। ਇਹਨਾਂ ਛੋਟੇ ਕਣਾਂ ਵਿੱਚੋਂ ਇੱਕ ਉੱਤੇ ਜੋ ਰੌਸ਼ਨੀ ਤੁਸੀਂ ਦੇਖਦੇ ਹੋ ਉਹ 13 ਬਿਲੀਅਨ ਸਾਲਾਂ ਤੋਂ ਯਾਤਰਾ ਕਰ ਰਹੀ ਹੈ। ਫੋਟੋ ਖਿੱਚਣ ਵਾਲੀ ਟੈਲੀਸਕੋਪ ਪੁਲਾੜ ਤੋਂ ਧਰਤੀ 'ਤੇ ਉੱਡ ਰਹੇ ਪੰਛੀ ਦਾ ਵੀ ਆਸਾਨੀ ਨਾਲ ਪਤਾ ਲਗਾ ਸਕਦੀ ਹੈ।

# ਸੰਸਦ 'ਚ ਅਸ਼ੋਕਾ ਥੰਮ੍ਹ 'ਤੇ ਨਵਾਂ ਵਿਵਾਦ

**ਨਵੀਂ ਦਿੱਲੀ–** ਪਿਛਲੇ ਅੱਠ ਸਾਲਾਂ 'ਚ ਨਰਿੰਦਰ ਮੋਦੀ ਦੀ ਸਰਕਾਰ ਬਣਨ ਤੋਂ ਬਾਅਦ ਵਿਰੋਧੀ ਪਾਰਟੀਆਂ ਅਤੇ ਕੁਝ ਬੁੱਧੀਜੀਵੀਆਂ ਨੇ ਉਸ ਦੇ ਹਰ ਕੰਮ 'ਤੇ ਇਤਰਾਜ਼ ਜਤਾਇਆ ਹੈ। ਹੁਣ ਨਵਾਂ ਵਿਵਾਦ ਸੰਸਦ 'ਚ ਅਸ਼ੋਕਾ ਥੰਮ੍ਹ 'ਚ ਲੱਗੇ ਸ਼ੇਰਾਂ ਨੂੰ ਲੈ ਕੇ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਨਵੇਂ ਸੰਸਦ ਭਵਨ 'ਚ ਅਸ਼ੋਕਾ ਥੰਮ੍ਹ ਦਾ ਉਦਘਾਟਨ ਕੀਤਾ ਪਰ ਹੁਣ ਇਸ ਨੂੰ ਲੈ ਕੇ ਵਿਰੋਧੀ ਪਾਰਟੀਆਂ ਵੱਲੋਂ ਲਗਾਤਾਰ ਸਵਾਲ ਉਠਾਏ ਜਾ ਰਹੇ ਹਨ।

ਪਹਿਲਾਂ ਵਿਰੋਧੀ ਧਿਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਅਸ਼ੋਕਾ ਥੰਮ੍ਹ ਦਾ ਉਦਘਾਟਨ ਕਿਉਂ ਕੀਤਾ, ਇਸ ਦਾ ਉਦਘਾਟਨ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਕਰਨਾ ਚਾਹੀਦਾ ਸੀ। ਹੁਣ ਕਿਹਾ ਜਾ ਰਿਹਾ ਹੈ ਕਿ ਅਸ਼ੋਕ ਥੰਮ੍ਹ ਵਿਚਲੇ ਸ਼ੇਰ ਸਾਡੀ ਪਰੰਪਰਾ ਨਾਲ ਮੇਲ ਨਹੀਂ ਖਾਂਦੇ। ਪਹਿਲੇ ਸ਼ੇਰ ਸ਼ਾਂਤ ਸਨ, ਅਸ਼ੋਕ ਥੰਮ੍ਹ ਵਿੱਚ ਨਵੇਂ ਹਮਲਾਵਰ ਹਨ। ਵਿਰੋਧੀ ਪਾਰਟੀਆਂ ਨਵੇਂ ਅਸ਼ੋਕਾ ਥੰਮ੍ਹ 'ਤੇ ਚਾਰ ਸ਼ੇਰਾਂ ਦੇ ਡਿਜ਼ਾਈਨ 'ਤੇ ਸਵਾਲ ਚੁੱਕ ਰਹੀਆਂ ਹਨ। ਇਸ ਮੁਤਾਬਕ ਇਨ੍ਹਾਂ ਸ਼ੇਰਾਂ ਦਾ ਮੂੰਹ ਹਮਲਾਵਰ ਤੌਰ 'ਤੇ ਖੁੱਲ੍ਹਾ ਰਹਿੰਦਾ ਹੈ, ਜਦਕਿ ਸਾਰਨਾਥ 'ਚ ਬਣੇ ਅਸਲ ਅਸ਼ੋਕਾ ਦੇ ਲਾਟ 'ਤੇ ਬਣੇ ਸ਼ੇਰਾਂ ਦਾ ਮੂੰਹ ਬੰਦ ਹੁੰਦਾ ਹੈ।



ਇਹ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਇਹ ਇਕ ਨਵਾਂ ਭਾਰਤ ਹੈ। ਇਹ ਜ਼ਰੂਰੀ ਨਹੀਂ ਕਿ 70 ਸਾਲ ਪਹਿਲਾਂ ਜੋ ਹੋਇਆ, ਉਸ ਦਾ ਪਾਲਣ ਕੀਤਾ ਜਾਵੇ। ਅਸ਼ੋਕ ਥੰਮ੍ਹ ਜਿੱਤ ਦਾ ਪ੍ਰਤੀਕ ਹੈ ਅਤੇ 4 ਸ਼ੇਰ ਤਾਕਤ, ਸਾਹਸ, ਆਤਮ ਵਿਸ਼ਵਾਸ ਅਤੇ ਹੰਕਾਰ ਨੂੰ ਦਰਸਾਉਂਦੇ ਹਨ। ਪਾਰਲੀਮੈਂਟ ਵਿਚ ਅਸ਼ੋਕ ਥੰਮ੍ਹ ਨਵੇਂ ਭਾਰਤ ਦੇ ਅਨੁਰੂਪ ਹੈ, ਜੋ ਕਦੇ ਨਹੀਂ ਝੁਕਦਾ। ਉਸਦੀ ਨਿਮਰਤਾ ਨੂੰ ਦੂਰ ਤੱਕ ਮਹਿਸੂਸ ਕੀਤਾ ਜਾ ਸਕਦਾ ਹੈ।

ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਇਸ ਤੋਂ ਵੀ ਇਕ ਕਦਮ ਅੱਗੇ ਵਧਦਿਆਂ ਭਾਜਪਾ 'ਤੇ ਹੀ ਰਾਸ਼ਟਰੀ ਚਿੰਨ੍ਹ ਬਦਲਣ ਦਾ ਦੋਸ਼ ਲਾਇਆ ਹੈ। ਇਕ ਟਵੀਟ ਸਾਂਝਾ ਕਰਦੇ ਹੋਏ ਸੰਜੇ ਸਿੰਘ ਨੇ ਸਵਾਲ ਉਠਾਇਆ ਕਿ ਮੈਂ 130 ਕਰੋੜ ਭਾਰਤੀਆਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਰਾਸ਼ਟਰੀ ਚਿੰਨ੍ਹ ਬਦਲਣ ਵਾਲਿਆਂ ਨੂੰ ਰਾਸ਼ਟਰ ਵਿਰੋਧੀ ਬੋਲਣਾ ਚਾਹੀਦਾ ਹੈ ਜਾਂ ਨਹੀਂ। ਟਵੀਟ 'ਚ ਸੰਜੇ ਸਿੰਘ ਨੇ ਲਿਖਿਆ ਕਿ ਪੁਰਾਣੇ ਅਸ਼ੋਕਾ ਪਿੱਲਰ 'ਚ ਸਿੰਘ ਗੰਭੀਰ ਮੁਦਰਾ 'ਚ ਇਕ ਜ਼ਿੰਮੇਵਾਰ ਸ਼ਾਸਕ ਦੇ ਰੂਪ 'ਚ ਨਜ਼ਰ ਆ ਰਹੇ ਹਨ, ਜਦਕਿ ਦੂਜੇ 'ਚ (ਸੰਸਦ ਦੀ ਛੱਤ 'ਤੇ) ਉਹ ਇਕ ਡਰਾਮੇ ਦੀ ਤਰ੍ਹਾਂ ਦਿਖਾਈ ਦਿੰਦੇ ਹਨ।

ਰਾਸ਼ਟਰੀ ਜਨਤਾ ਦਲ ਨੇ ਅਸ਼ੋਕ ਥੰਮ੍ਹ ਬਾਰੇ ਕਿਹਾ ਹੈ ਕਿ ਅਸਲੀ ਅਸ਼ੋਕ ਥੰਮ੍ਹ ਦੇ ਚਾਰ ਸ਼ੇਰਾਂ ਦੇ ਚਿਹਰੇ 'ਤੇ ਕੋਮਲਤਾ ਦਾ ਅਹਿਸਾਸ ਹੁੰਦਾ ਹੈ, ਜਦੋਂ ਕਿ ਅੰਮ੍ਰਿਤ ਕਾਲ 'ਚ ਬਣੇ ਅਸ਼ੋਕ ਪਿੱਲਰ ਦੇ ਸ਼ੇਰਾਂ 'ਚ ਸਭ ਕੁਝ ਨਿਗਲਣ ਦੀ ਭਾਵਨਾ ਹੁੰਦੀ ਹੈ। ਟਵੀਟ ਵਿਚ ਲਿਖਿਆ ਗਿਆ ਹੈ ਕਿ ਹਰ ਪ੍ਰਤੀਕ ਮਨੁੱਖ ਦੀ ਅੰਦਰੂਨੀ ਸੋਚ ਨੂੰ ਦਰਸਾਉਂਦਾ ਹੈ। ਮਨੁੱਖ ਆਮ ਮਨੁੱਖ ਨੂੰ ਪ੍ਰਤੀਕਾਂ ਨਾਲ ਦਰਸਾਉਂਦਾ ਹੈ ਕਿ ਉਸ ਦਾ ਸੁਭਾਅ ਕੀ ਹੈ।

### ਸਾਰਨਾਥ ਤੇ ਨਵੇਂ ਸੰਸਦ ਭਵਨ 'ਚ ਲੱਗੇ ਰਾਸ਼ਟਰੀ ਚਿੰਨ੍ਹ ਇੱਕੋ ਜਿਹੇ

ਦਿੱਲੀ ਦੀ ਨਵੀਂ ਸੰਸਦ ਭਵਨ ਵਿੱਚ ਲਗਾਏ ਗਏ ਰਾਸ਼ਟਰੀ ਚਿੰਨ੍ਹ ਨੂੰ ਲੈ ਕੇ ਵਿਵਾਦ ਸ਼ੁਰੂ ਹੋ ਗਿਆ ਹੈ। ਵਿਰੋਧੀ ਪਾਰਟੀਆਂ ਦਾ ਦੋਸ਼ ਹੈ ਕਿ ਨਵੀਂ ਸੰਸਦ ਭਵਨ ਵਿੱਚ ਰਾਸ਼ਟਰੀ ਚਿੰਨ੍ਹ ਦੀ ਦਿੱਖ ਬਦਲ ਦਿੱਤੀ ਗਈ ਹੈ। ਇਸ 'ਤੇ ਕੇਂਦਰੀ ਹਾਊਸਿੰਗ ਅਤੇ ਸ਼ਹਿਰੀ ਮਾਮਲਿਆਂ ਬਾਰੇ ਮੰਤਰੀ ਹਰਦੀਪ ਸਿੰਘ ਪੁਰੀ ਨੇ ਟਵੀਟ ਕਰਕੇ ਵਿਰੋਧੀ ਧਿਰ ਨੂੰ ਜਵਾਬ ਦਿੱਤਾ ਹੈ। ਰਾਸ਼ਟਰੀ ਚਿੰਨ੍ਹ ਨੂੰ ਲੈ ਕੇ ਵਿਰੋਧੀ ਧਿਰ ਦੇ ਦੋਸ਼ਾਂ 'ਤੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਜਵਾਬੀ ਕਾਰਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਾਰਨਾਥ ਸਥਿਤ ਰਾਸ਼ਟਰੀ ਚਿੰਨ੍ਹ ਦਾ ਆਕਾਰ ਵਧਾਇਆ ਜਾਂਦਾ ਹੈ ਜਾਂ ਨਵੇਂ ਸੰਸਦ ਭਵਨ 'ਤੇ ਲੱਗੇ ਪ੍ਰਤੀਕ ਦਾ ਆਕਾਰ ਛੋਟਾ ਕੀਤਾ ਜਾਂਦਾ ਹੈ ਤਾਂ ਦੋਵਾਂ 'ਚ ਕੋਈ ਫਰਕ ਨਹੀਂ ਹੋਵੇਗਾ।

ਵਿਰੋਧੀ ਪਾਰਟੀਆਂ ਦਾ ਕਹਿਣਾ ਹੈ ਕਿ ਅਸ਼ੋਕਾ ਦੇ ਲਾਟ ਦੇ 'ਆਕਰਸ਼ਕ ਅਤੇ ਸ਼ਾਨਦਾਰ' ਸ਼ੇਰਾਂ ਦੀ ਥਾਂ 'ਤੇ ਬਲਦੀ ਸ਼ੇਰਾਂ ਨੂੰ ਦਰਸਾ ਕੇ ਰਾਸ਼ਟਰੀ ਚਿੰਨ੍ਹ ਦਾ ਚਿਹਰਾ ਬਦਲ ਦਿੱਤਾ ਗਿਆ ਹੈ। ਵਿਰੋਧੀ ਧਿਰ ਨੇ ਇਸ ਨੂੰ ਤੁਰੰਤ ਬਦਲਣ ਦੀ ਮੰਗ ਕੀਤੀ ਹੈ। ਹਰਦੀਪ ਸਿੰਘ ਪੁਰੀ ਦਾ ਮੰਤਰਾਲਾ ਸੈਂਟਰਲ ਵਿਸਟਾ ਰੀਡਿਵੈਲਪਮੈਂਟ ਪ੍ਰੋਜੈਕਟ ਤਹਿਤ ਨਵੀਂ ਪਾਰਲੀਮੈਂਟ ਦੀ ਇਮਾਰਤ ਦੀ ਉਸਾਰੀ ਲਈ ਜ਼ਿੰਮੇਵਾਰ ਹੈ। ਪੁਰੀ ਨੇ ਕਿਹਾ ਕਿ ਦੋਵਾਂ ਢਾਂਚੇ ਦੀ ਤੁਲਨਾ ਕਰਦੇ ਸਮੇਂ ਕੋਣ, ਉਚਾਈ ਅਤੇ ਮਾਪ ਦੇ ਪ੍ਰਭਾਵ ਦੀ ਕਦਰ ਕਰਨ ਦੀ ਲੋੜ ਹੈ।

ਦੇਸ਼ ਦੁਆਬਾ

## Babu Jagjivan Ram Former Deputy PM A True Democrat and Savior of Downtrodden

**Prem K. Chumber Editor-in-Chief: Ambedkar Times & Desh Doaba**

Babu Jagjivan Ram (April 5, 1908 – July 6, 1986) was known for his patriotism, straight forwardness, and concern for lower castes and poor. When in 1937, the Britishers wanted to set up a puppet government in Bihar, Babuji was approached with an offer of a large sum of money and a Ministerial berth and many other similar benefits to shake hand with them, but he simply refused to be on their side. Rather, he stood like a rock with his people who were to tally committed to lay their lives for the liberation of the motherland. He earned the love of the people and leaders of the Indian freedom movement for his patriotism and integrity. Showering praises on Babu Jagjivan Ram for his bold stand on to be remained with his people, Gandhiji said that he 'had emerged as pure as gold in the test of fire'.

Babuji was a born fighter and a crusader for freedom, dignity and social justice. During his middle school education, he refused to avail scholarship meant for Scheduled Castes students and earned it by appearing in open competition and becoming successful on the basis of his meritorious academic performance. It was also during his Arrah Town School days that he smashed twice separate pitcher meant drinking water for Scheduled Castes students and forced the principal to withdraw his discriminatory decision of segregated water arrangement at the premises of the school. He proved his exceptional talent by excelling in studies despite extreme poverty at home as his father (Sobhi Ram) passed away (1914) while Babu Jagjivan Ram was still in his village primary school. He and his mother (Vasanti Devi) fought boldly against poverty and social exclusion all around.

Despite such an oppressive social environment and poor economic conditions at home, Babuji acquired proficiency in Hindi, Bengali, English and Sanskrit besides Bhojpuri – his native Bhasha. It was his command over Hindi and English that attracted the attention of Pt. Madan Mohan Malviyaji during the welcome address by him that finally took him to study at the prestigious Banaras Hindu University. It was at the Banaras Hindu University that Babuji organized, for the first time, Scheduled Castes students to protest against the denial of basic services like meals for Scheduled Castes students in the hostel and hair cuts by local barbers. After qualifying his Inter Science examination at BHU, Babuji left BHU and completed B. Sc. degree from the Calcutta University in 1931. It was during his stint at Calcutta University, Babuji organized Mazdoor Rally at Wellington Square in1928. This mammoth rally in which approximately 50,000 people participated brought Babu Jagjivan Ram closer to Netaji Subash Chandra Bose who got convinced of his organizing skills and political acumen.

Babu Jagjivan Ram devoted his entire life strengthening India and empowering poor and lower castes. He was a great inspirer and organizer of people against oppression. He was an eloquent orator, a distinguished parliamentarian and a talented administrator. From his school days to the celebration of freedom at midnight, he remined in the forefront of various struggles (including the Civil Disobedience Movement in 1930 and the Quit India Movement in 1942) launched during the historic freedom movement of India. On the national political platform, he established himself as the savior of lower castes and poor people. He became the youngest minister in the interim government of Jawaharlal Nehru in 1946, Labor Minister in the first cabinet of India as well as member of the Constituent Assembly of India. He played a constructed role in the meeting of the Constituent Assembly of India for promoting the cause of the Scheduled Castes and poor people. He served as a minister of various portfolios at the level of Central Government exceptionally for more than forty years as a member of the Indian National Congress. In 1977 and joined the Janata Party alliance, along with his Congress for Democracy. He also served as Deputy Prime Minister of India (1977-79). In 1981, Babuji formed Congress (J). Till his passing away in 1986, he remained active in the service of the nation and the downtrodden.

"Ambedkar Times" and "Desh Doaba" Weeklies fondly remember Babu Jagjivan Ram on his Death Anniversary and pay him floral tribute!

***Read more: www.ambedkartimes.com***

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਵਧਦੀ ਆਬਾਦੀ ਸਮੱਸਿਆਵਾਂ ਦੀ ਜੜ੍ਹ

ਲਖਵੀਰ ਕੌਰ

ਕੋਈ ਸਮਾਂ ਸੀ ਜਦੋਂ ਮਾਨਵ ਸ੍ਰੋਤਾਂ ਨੂੰ ਕਿਸੇ ਰਾਸ਼ਟਰ ਦਾ ਮਜ਼ਬੂਤ ਪੱਖ ਮੰਨਿਆ ਜਾਂਦਾ ਸੀ ਕਿਉਂਕਿ ਜਿੱਥੇ ਲੋਕ ਵੱਧ ਸੰਖਿਆ ਵਿਚ ਹੁੰਦੇ ਸੀ,ਉੱਥੇ ਵਿਕਾਸ ਦਾ ਪਹੀਆ ਵੀ ਓਨੀ ਹੀ ਤੇਜ਼ੀ ਨਾਲ ਚੱਲਦਾ ਸੀ ਪਰ ਹੁਣ ਸਥਿਤੀ ਬਦਲ ਚੁੱਕੀ ਹੈ। ਮਨੁੱਖ ਦੇ ਹੱਥ ਮਸ਼ੀਨਾਂ ਨੇ ਕੱਟ ਦਿੱਤੇ ਹਨ। ਪਹਿਲਾਂ ਜਿੱਥੇ 20 ਲੋਕ ਕੰਮ ਕਰਦੇ ਸੀ, ਉੱਥੇ ਹੁਣ ਦੋ ਲੋਕਾਂ ਨਾਲ ਕੰਮ ਚੱਲ ਰਿਹਾ ਹੈ। ਜਦੋਂ ਕਿਸੇ ਖੇਤਰ ਵਿਚ ਨੌਜਵਾਨਾਂ ਲਈ ਆਮਦਨੀ ਦੇ ਸਾਧਨ ਘੱਟ ਜਾਂ ਫਿਰ ਉਨ੍ਹਾਂ ਨੂੰ ਨੌਕਰੀ ਲਈ ਭਟਕਣਾ ਪਵੇ ਤਾਂ ਇਹ ਨਿਸ਼ਚਿਤ ਹੋ ਜਾਂਦਾ ਹੈ ਕਿ ਉੱਥੋਂ ਦੀ ਜਨਸੰਖਿਆ ਜ਼ਰੂਰਤ ਤੋਂ ਵੱਧ ਹੋਣ ਲੱਗ ਪਈ ਹੈ। ਅਜਿਹੇ ਵਿਚ ਇਸ ਨੂੰ ਜਨਸੰਖਿਆ ਵਾਧਾ ਕਿਹਾ ਜਾਂਦਾ ਹੈ।



ਬੇਰੁਜ਼ਗਾਰੀ, ਭੁੱਖਮਰੀ, ਕਾਲਾਬਾਜ਼ਾਰੀ, ਕੀਮਤਾਂ 'ਚ ਵਾਧਾ, ਹਿੰਸਾ ਵਰਗੀਆਂ ਸਮੱਸਿਆਵਾਂ ਦੀ ਜੜ੍ਹ ਵੀ ਤੇਜ਼ੀ ਨਾਲ ਫੈਲ ਰਹੀ ਆਬਾਦੀ ਹੀ ਹੈ। ਅੱਜ ਵਿਸ਼ਵ ਭਰ 'ਚ ਜਨਸੰਖਿਆ ਵਿਚ ਹੋ ਰਿਹਾ ਵਾਧਾ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਸਭ ਤੋਂ ਪਹਿਲਾਂ 1987 'ਚ, ਇਸ ਵਿਸ਼ੇ ਬਾਰੇ ਵਿਸ਼ਵ ਬੈਂਕ ਦੇ ਸੀਨੀਅਰ ਡੈਮੋਗ੍ਰਾਫਰ ਨੇ ਸੁਝਾਅ ਦਿੱਤਾ ਕਿ ਸੰਸਾਰ ਦੀ ਆਬਾਦੀ 5 ਬਿਲੀਅਨ ਤੋਂ ਪਾਰ ਹੋ ਚੁੱਕੀ ਹੈ। ਇਸ ਤੋਂ ਬਾਅਦ ਉਸ ਨੇ ਤੈਅ ਕੀਤਾ ਕਿ ਲੋਕਾਂ ਦਾ ਧਿਆਨ ਇਸ ਪਾਸੇ ਖਿੱਚਣ ਲਈ ਇਹ ਦਿਨ ਮਨਾਇਆ ਜਾਵੇ। ਪਹਿਲੀ ਵਾਰ 11 ਜੁਲਾਈ 1989 ਨੂੰ ਵਿਸ਼ਵ ਜਨਸੰਖਿਆ ਦਿਵਸ ਮਨਾਇਆ ਗਿਆ ਅਤੇ ਲੋਕਾਂ ਨੂੰ ਇਸ ਦੇ ਬੁਰੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ ਗਿਆ। ਪ੍ਰੰਤੂ ਦੂਜੇ ਪਾਸੇ ਇਕ ਭਾਰਤ ਦੇਸ਼ ਹੈ ਜੋ ਬਿਨਾਂ ਕਿਸੇ ਭਵਿੱਖ ਦੀ ਚਿੰਤਾ ਤੋਂ ਹਰ ਸਾਲ ਇਕ ਨਵਾਂ ਆਸਟਰੇਲੀਆ ਭਾਰਤ ਵਿਚ ਹੀ ਬਣਾ ਰਿਹਾ ਹੈ। ਉਹ ਦਿਨ ਦੂਰ ਨਹੀਂ ਜਦੋਂ ਭਾਰਤ ਆਬਾਦੀ ਦੇ ਮੁਕਾਬਲੇ 'ਚ ਚੀਨ ਨੂੰ ਵੀ ਪਿੱਛੇ ਛੱਡ ਦੇਵੇਗਾ।

ਕਿਹਾ ਜਾਂਦਾ ਹੈ ਕਿ ਲੋੜ ਤੋਂ ਵੱਧ ਕੋਈ ਵੀ ਚੀਜ਼ ਚੰਗੀ ਨਹੀ ਹੁੰਦੀ, ਫਿਰ ਚਾਹੇ ਉਹ ਕਿਸੇ ਦੇਸ਼ ਵਿਚ ਰਹਿਣ ਵਾਲੇ ਲੋਕ ਹੀ ਕਿਉਂ ਨਾ ਹੋਣ। ਭਾਰਤ ਵਿਚ ਆਬਾਦੀ ਵਧਣ ਦਾ ਇਕ ਕਾਰਨ ਅੰਧ-ਵਿਸ਼ਵਾਸ ਅਤੇ ਅਨਪੜ੍ਹਤਾ ਵੀ ਹੈ ਕਿਉਂਕਿ ਇੱਥੇ ਇਹ ਮੰਨਿਆ ਜਾਂਦਾ ਹੈ ਕਿ ਜਿੰਨੇ ਲੋਕ ਕਮਾਉਣ ਵਾਲੇ ਹੋਣਗੇ ਓਨੀ ਹੀ ਆਮਦਨ ਅਧਿਕ ਹੋਵੇਗੀ ਜਦੋਂਕਿ ਉਹ ਇਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਬੱਚਿਆਂ ਨੂੰ ਵਧੀਆ ਸਿੱਖਿਆ ਤੇ ਹੋਰ ਸੁਵਿਧਾਵਾ ਵੀ ਦੇਣੀਆਂ ਹਨ। ਅੱਜ ਦੇ ਸਮੇਂ ਵਿਚ ਜ਼ਰੂਰਤ ਇਹ ਬਣ ਚੁੱਕੀ ਹੈ ਕਿ ਬੱਚਿਆਂ ਨੂੰ ਰੱਬ ਦੀ ਦੇਣ ਨਾ ਮੰਨ ਕਿ ਇਹ ਸਮਝਿਆ ਜਾਵੇ ਕਿ ਜਨਸੰਖਿਆ ਨੂੰ ਕਾਬੂ ਕਰਨਾ ਸਾਡੇ ਹੱਥ ਵਿਚ ਹੀ ਹੈ।

ਦੁਆਰਾ ਹਰ ਸਾਲ ਲੋਕਾਂ ਨੂੰ ਜਾਗਰੂਕ ਕਰਨ ਲਈ ਵੱਖ-ਵੱਖ ਪ੍ਰੋਗਰਾਮ ਉਲੀਕੇ ਜਾਂਦੇ ਹਨ। ਪਰਿਵਾਰ ਕਲਿਆਣ ਯੋਜਨਾਵਾਂ ਨੂੰ ਵਿਗਿਆਪਨਾਂ ਦੁਆਰਾ ਲੋਕਾਂ ਵਿਚ ਪੇਸ਼ ਕੀਤਾ ਜਾਂਦਾ ਹੈ। ਇਹ ਪ੍ਰੋਗਰਾਮ ਸਮਾਜ ਵਿਚ ਜਨਸੰਖਿਆ ਦੇ ਵਾਧੇ ਅਤੇ ਉਸ ਦੇ ਬੁਰੇ ਪ੍ਰਭਾਵਾਂ ਬਾਰੇ ਹੁੰਦੇ ਹਨ। ਵਧਦੀ ਆਬਾਦੀ, ਮਾਂ ਅਤੇ ਬੱਚੇ ਦੀ ਸਿਹਤ, ਗਰੀਬੀ, ਮਨੁੱਖੀ ਅਧਿਕਾਰਾਂ ਵਰਗੇ ਵਿਸ਼ਿਆ ਬਾਰੇ ਲੋਕਾਂ ਦਾ ਧਿਆਨ ਖਿੱਚਿਆ ਜਾਂਦਾ ਹੈ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵੀ ਆਪਣੀ ਆਬਾਦੀ ਨੂੰ ਕੰਟਰੋਲ ਕਰਨ ਲਈ ਜਾਗਰੂਕਤਾ ਮੁਹਿੰਮ ਚਲਾਉਣ ਤਾਂ ਜੋ ਵਿਸ਼ਵ ਦੀ ਆਬਾਦੀ ਘੱਟ ਕਰਨ ਵਿਚ ਆਪਣਾ ਯੋਗਦਾਨ ਦੇ ਸਕਣ। ਸਰਕਾਰ ਨੂੰ ਚਾਹੀਦਾ ਹੈ ਕਿ ਬਾਲ ਵਿਆਹ ਵਰਗੀ ਸਮੱਸਿਆ ਨੂੰ ਖ਼ਤਮ ਕਰਨ ਲਈ ਸਖ਼ਤ ਕਾਨੂੰਨ ਬਣਾਏ ਜਾਣ। ਲੋਕਾਂ ਲਈ ਨੌਕਰੀ ਅਤੇ ਹੋਰ ਸੁਵਿਧਾਵਾਂ ਦੇ ਕੇ ਦੋ ਬੱਚਿਆਂ ਦੀ ਨੀਤੀ ਅਸਰਦਾਰ ਬਣਾਈ ਜਾ ਸਕਦੀ ਹੈ।

ਇਸ ਤੋਂ ਇਲਾਵਾ ਕੁਦਰਤੀ ਸ੍ਰੋਤਾਂ ਦੀ ਘਾਟ ਅਤੇ ਵਾਤਾਵਰਨ ਉੱਤੇ ਵਧਦੀ ਜਨਸੰਖਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਵੀ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਇਸ ਦੇ ਨਾਲ ਲੋਕਾਂ ਨੂੰ ਵੀ ਇਹ ਸਮਝਣਾ ਚਾਹੀਦਾ ਹੈ ਕਿ ਜੇਕਰ ਪਰਿਵਾਰ ਛੋਟਾ ਹੋਵੇਗਾ ਤਾਂ ਸੁਖੀ ਤੇ ਸਿਹਤਮੰਦ ਆਪ ਹੀ ਹੋ ਜਾਵੇਗਾ ਕਿਉਂਕਿ ਉਨ੍ਹਾਂ ਕੋਲ ਜਿਊਣ ਦੇ ਸਾਧਨ ਹੋਣਗੇ।

# ਮੱਤੇਵਾੜਾ ਜੰਗਲਾਂ ਨੇੜੇ ਕੋਈ ਸਨਅਤੀ ਇਕਾਈ ਸਥਾਪਤ ਨਹੀਂ ਹੋਵੇਗੀ: ਮੁੱਖ ਮੰਤਰੀ

**ਚੰਡੀਗੜ੍ਹ –** ਪੰਜਾਬ ਦੇ ਮੁੱਖ ਮੰਤਰੀ ਨੇ ਅੱਜ ਐਲਾਨ ਕੀਤਾ ਕਿ ਸੂਬੇ ਦੇ ਜੰਗਲਾਂ ਤੇ ਬਹੁਮੱਲੇ ਜਲ ਸਰੋਤਾਂ ਨੂੰ ਬਚਾਉਣ ਲਈ ਮੱਤੇਵਾੜਾ ਦੇ ਜੰਗਲਾਂ ਨੇੜੇ ਤਜਵੀਜ਼ਤ ਥਾਂ ਉਤੇ ਕੋਈ ਸਨਅਤੀ ਇਕਾਈ ਨਹੀਂ ਲੱਗੇਗੀ।



ਮੱਤੇਵਾੜਾ ਜੰਗਲ ਬਾਰੇ ਜਨਤਕ ਐਕਸ਼ਨ ਕਮੇਟੀ ਨਾਲ ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਨੇ ਐਲਾਨ ਕੀਤਾ, "ਮੈਂ ਸਪੱਸ਼ਟ ਤੌਰ ਉਤੇ ਦੱਸਣਾ ਚਾਹੁੰਦਾ ਹਾਂ ਕਿ ਨਾ ਸਿਰਫ਼ ਮੱਤੇਵਾੜਾ, ਸਗੋਂ ਸੂਬਾ ਸਰਕਾਰ ਪੰਜਾਬ ਦੇ ਕਿਸੇ ਵੀ ਦਰਿਆ ਦੇ ਕੰਢੇ ਉਤੇ ਕੋਈ ਸਨਅਤ ਲਾਉਣ ਦੀ ਇਜਾਜ਼ਤ ਨਹੀਂ ਦੇਵੇਗੀ ਤਾਂ ਕਿ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਿਆ ਜਾ ਸਕੇ।"

ਮੁੱਖ ਮੰਤਰੀ ਨੇ ਅਫ਼ਸੋਸ ਪ੍ਰਗਟ ਕੀਤਾ ਕਿ ਸਾਬਕਾ ਮੁੱਖ ਮੰਤਰੀ ਨੇ ਕੇਂਦਰ ਸਰਕਾਰ ਵੱਲੋਂ ਬਣਾਏ ਇਸ ਪ੍ਰਾਜੈਕਟ ਦੇ ਸਾਰੇ ਪੱਖਾਂ ਨੂੰ ਘੋਖੇ ਬਗੈਰ ਇਕ ਹਜ਼ਾਰ ਏਕੜ ਜਗ੍ਹਾ ਵਿੱਚ ਟੈਕਸਟਾਈਲ ਪਾਰਕ ਸਥਾਪਤ ਕਰਨ ਦੀ ਮਨਜ਼ੂਰੀ ਦੇ ਦਿੱਤੀ ਸੀ। ਉਨ੍ਹਾਂ ਕਿਹਾ ਕਿ ਪ੍ਰਾਜੈਕਟ ਦੀ ਪ੍ਰਸਤਾਵਿਤ ਥਾਂ ਮੱਤੇਵਾੜਾ ਜੰਗਲਾਂ ਦੇ ਨੇੜੇ ਅਤੇ ਸਤਲੁਜ ਦਰਿਆ ਦੇ ਕੰਢੇ ਉਤੇ ਹੈ ਪਰ ਇਸ ਪ੍ਰਾਜੈਕਟ ਨਾਲ ਸੂਬੇ ਦੇ ਵਾਤਾਵਰਨ ਉਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਨੂੰ ਕੈਪਟਨ ਸਰਕਾਰ ਨੇ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ। ਭਗਵੰਤ ਮਾਨ ਨੇ ਕਿਹਾ ਕਿ ਇਸ ਪ੍ਰਾਜੈਕਟ ਨਾਲ ਨਾ ਸਿਰਫ਼ ਦਰੱਖਤ ਵੱਢੇ ਜਾਣਗੇ, ਸਗੋਂ ਇਸ ਨਾਲ ਦਰਿਆਈ ਪਾਣੀ ਵਿੱਚ ਵੱਡੇ ਪੱਧਰ ਉਤੇ ਪ੍ਰਦੂਸ਼ਣ ਫੈਲੇਗਾ, ਜਿਹੜਾ ਇਸ ਖਿੱਤੇ ਵਿੱਚ ਜੰਗਲੀ ਜੀਵਨ ਦੇ ਨਾਲ-ਨਾਲ ਮਨੁੱਖੀ ਜੀਵਨ ਲਈ ਘਾਤਕ ਸਿੱਧ ਹੋਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਇਸ ਪ੍ਰਾਜੈਕਟ ਦੀ ਡੂੰਘਾਈ ਨਾਲ ਘੋਖ ਕੀਤੀ ਅਤੇ ਪਾਇਆ ਕਿ ਇਸ ਨਾਲ ਇਲਾਕੇ ਦਾ ਵਾਤਾਵਰਨਕ ਤਾਵਜ਼ਨ ਵਿਗੜੇਗਾ। ਉਨ੍ਹਾਂ ਕਿਹਾ ਕਿ ਵਾਤਾਵਰਨ ਤੇ ਮਨੁੱਖੀ ਜੀਵਨ ਉਤੇ ਇਸ ਪ੍ਰਾਜੈਕਟ ਦੇ ਮਾੜੇ ਪ੍ਰਭਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਸੂਬਾ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਇਸ ਜ਼ਮੀਨ ਉਤੇ ਕੋਈ ਸਨਅਤੀ ਇਕਾਈ ਨਹੀਂ ਲੱਗੇਗੀ। ਭਗਵੰਤ ਮਾਨ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਹਰਿਆਲੀ ਨੂੰ ਕਿਸੇ ਵੀ ਕੀਮਤ ਉਤੇ ਬਚਾਏਗੀ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਸ ਪ੍ਰਸਤਾਵਿਤ ਟੈਕਸਟਾਈਲ ਪਾਰਕ ਲਈ ਕਿਸੇ ਹੋਰ ਥਾਂ ਉਤੇ ਜ਼ਮੀਨ ਦੇਣ ਲਈ ਤਿਆਰ ਹੈ ਪਰ ਸ਼ਰਤ ਇਹ ਹੈ ਕਿ ਇਸ ਨਾਲ ਸੂਬੇ ਦਾ ਪਾਣੀ ਪ੍ਰਦੂਸ਼ਿਤ ਨਾ ਹੋਵੇ। ਭਗਵੰਤ ਮਾਨ ਨੇ ਪੰਜਾਬ ਨੂੰ ਸਾਫ਼-ਸੁਥਰਾ, ਹਰਿਆ-ਭਰਿਆ ਤੇ ਪ੍ਰਦੂਸ਼ਣ ਮੁਕਤ ਕਰਨ ਲਈ ਵਾਤਾਵਰਨਕ ਪ੍ਰਦੂਸ਼ਣ ਨੂੰ ਠੱਲ੍ਹ ਪਾਉਣ ਦੀ ਆਪਣੀ ਸਰਕਾਰ ਦੀ ਵਚਨਬੱਧਤਾ ਦੁਹਰਾਈ।

# ਮੈਡੀਕਲ ਨਸ਼ਿਆਂ ਦੀ ਵਿਕਰੀ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ : ਚੇਤਨ ਸਿੰਘ ਜੌੜਾਮਾਜਰਾ

**ਚੰਡੀਗੜ੍ਹ –** ਸ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਬਿਹਤਰ ਤੇ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਤਤਪਰ ਹੈ। ਸੂਬਾ ਸਰਕਾਰ ਨੇ ਇਸ ਚਾਲੂ ਵਿੱਤ ਵਰ੍ਹੇ ਲਈ ਪਾਸ ਕੀਤੇ ਗਏ ਬਜ਼ਟ ਵਿਚ ਸਿਹਤ ਵਿਭਾਗ ਦੇ ਬਜ਼ਟ ਵਿਚ ਮਿਸਾਲੀ ਵਾਧਾ ਕੀਤਾ ਹੈ।ਸਿਹਤ ਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਸ। ਚੇਤਨ ਸਿੰਘ ਜੌੜਾਮਾਜਰਾ ਸੂਬੇ ਦੇ ਸਰਕਾਰੀ ਹਸਪਤਾਲਾਂ ਦੀ ਅਸਲ ਸਥਿਤੀ ਤੋਂ ਜਾਣੂ ਹੋਣ ਦੇ ਮਕਸਦ ਨਾਲ ਅੱਜ (12 ਜੁਲਾਈ 2022) ਤੋਂ ਪੰਜਾਬ ਦੌਰੇ ਤੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਦੌਰੇ ਦਾ ਮਕਸਦ ਸਿਹਤ ਸੰਸਥਾਵਾਂ ਦੀ ਸਥਿਤੀ ਨੂੰ ਬਾਰੀਕੀ ਨਾਲ ਸਮਝਣ ਦੇ ਨਾਲ ਲੋਕਾਂ ਦੀਆਂ ਲੋੜਾਂ ਨੂੰ ਸਮਝਣਾਂ ਹੈ। ਉਨ੍ਹਾਂ ਕਿਹਾ ਕਿ ਉਹ ਲਗਾਤਾਰ ਇਸ ਤਰ੍ਹਾਂ ਦੇ ਟੂਰ ਭਵਿੱਖ ਵਿੱਚ ਕਰਦੇ ਰਹਿਣਗੇ। ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਐਲਾਨ ਕੀਤਾ ਉਹ ਫਰਵਰੀ 2023 ਵਿੱਚ ਪੂਰੇ ਪੰਜਾਬ ਦੇ ਸਰਕਾਰੀ ਹਸਪਤਾਲਾਂ ਦਾ ਦੌਰਾ ਕਰਨਗੇ ਅਤੇ ਵਧੀਆ ਸੇਵਾਵਾਂ ਨਿਭਾਉਣ ਵਾਲੇ ਸਿਵਲ ਸਰਜਨ ਨੂੰ ਆਪਣੀ ਜੇਬ ਵਿਚੋਂ 51 ਹਜ਼ਾਰ ਦਾ ਇਨਾਮ ਦੇਣਗੇ। ਸਿਹਤ ਮੰਤਰੀ ਨੇ ਇਥੇ ਪੰਜਾਬ ਭਵਨ ਵਿਖੇ ਵਿਭਾਗ ਦੇ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ ਵਿੱਚ ਮੈਡੀਕਲ ਨਸ਼ਿਆਂ ਦੀ ਵਿਕਰੀ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਪੰਜਾਬ ਰਾਜ ਦੇ ਸਮੂਹ ਸਿਵਲ ਸਰਜਨਾਂ ਅਤੇ ਡਰੱਗ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸਾਰੇ ਮੈਡੀਕਲ ਸਟੋਰ ਮਾਲਕ ਨੂੰ ਪੰਜਾਬ ਸਰਕਾਰ ਦੀ ਨਸ਼ਿਆਂ ਦੀ ਰੋਕਥਾਮ ਸਬੰਧੀ ਜ਼ੀਰੋ ਟੋਲਰੈਂਸ ਨੀਤੀ ਬਾਰੇ ਸੂਚਿਤ ਕਰ ਦਿੱਤਾ ਜਾਵੇ ਅਤੇ ਸੂਚਿਤ ਕਰਨ ਉਪਰੰਤ ਵੱਡੇ ਪੱਧਰ ਤੇ ਚੈਕਿੰਗ ਮੁਹਿੰਮ ਚਲਾਈ ਜਾਵੇ। ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਮੰਤਰੀ ਸ ਚੇਤਨ ਸਿੰਘ ਜੌੜਾਮਾਜਰਾ ਨੇ ਵਿਭਾਗ ਦੇ ਅਧਿਕਾਰੀਆਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ।





The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਫਰਿਜ਼ਨੋ ਵਿੱਖੇ ਪਿਛਲੇ ਦਿਨੀ ਸਿੱਖ ਬੰਦੇ ਵੱਲੋਂ ਕੀਤਾ ਗਿਆ ਫਰਾਡ ਸਬੰਧੀ ਆਈਆਂ ਫੋਟੋਆਂ ਦੀ ਅਸਲ ਸਚਾਈ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆਂ)–** ਬੀਤੇ ਦਿਨੀ ਫਰਿਜ਼ਨੋ ਦੇ ਕੁਛ ਕੁ ਟੀ। ਵ੍ਹੀ ਚੈਨਲਾਂ, ਰੇਡੀਓ ਸਟੇਸ਼ਨਾਂ ਅਤੇ ਸ਼ੋਸ਼ਲ ਮੀਡੀਏ ਤੇ ਸਰਗਰਮ ਕੁਝ ਕੁ ਸੱਜਣਾਂ ਨੇ ਇੱਕ ਖ਼ਬਰ ਬੜੇ ਜੋਸ਼ੋ ਖਰੋਸ਼ ਨਾਲ ਸਮੁੱਚੇ ਭਾਈਚਾਰੇ ਵਿੱਚ ਲਿਆਦਾ । ਇਸ ਖ਼ਬਰ ਵਿੱਚ ਇਹ ਵਿਖਾਇਆ ਗਿਆ ਕਿ ਕਿਵੇ ਪੱਗੜੀਧਾਰੀ ਸਿੱਖ ਬੰਦੇ ਨੇ ਬਜ਼ੁਰਗ ਗੋਰੀ ਮਾਤਾ ਕੋਲੋ 9000 ਡਾਲਰ ਦੀ ਠੱਗੀ ਮਾਰੀ ਹੈ। ਉਸ ਨੇ ਦਸਤਾਰ ਬੰਨੀ ਹੋਈ ਹੈ। ਬੇਸ਼ੱਕ ਮੂੰਹ 'ਤੇ ਲੱਗੇ ਫੇਸਮਸਕ ਕਰਕੇ ਪੂਰੀ ਪਹਿਚਾਣ ਨਹੀਂ ਹੁੰਦੀ।

ਜਿਸ ਇਨਸਾਨ ਨੂੰ ਇਸ ਬਾਰੇ ਕੁਝ ਵੀ ਪਤਾ ਨਹੀਂ ਸੀ। ਜਦੋਂ ਇਹ ਵੀਡੀਓ ਉਸ ਸਿੱਖ ਇਨਸਾਨ ਤੱਕ ਪਹੁੰਚੀ, ਜੋ ਖੁਦ ਵੀਡੀਓ ਵਿੱਚ ਵਿਖਾਈ ਦੇ ਰਿਹਾ ਹੈ ਤਾਂ ਉਸਦੇ ਮਨ ਨੂੰ ਬਹੁਤ ਠੇਸ ਪਹੁੰਚੀ। ਇਸ ਉਪਰੰਤ ਉਸਨੇ ਤੁਰੰਤ "ਮਾਛੀਕੇ ਐਂਡ ਧਾਲੀਆਂ ਮੀਡੀਆ ਅਮਰੀਕਾ" ਨਾਲ ਸੰਪਰਕ ਕਰਕੇ ਆਪਣੀ ਪੱਖ ਦੀ ਸਾਰੀ ਗੱਲ ਸਪੱਸਟ ਕਰਦੇ ਹੋਏ ਲੱਗੇ ਝੂਠੇ ਇਲਜ਼ਾਮਾਂ ਨੂੰ ਨਕਾਰਿਆ। ਜਿਸ ਸੰਬੰਦੀ ਪੱਤਰਕਾਰ ਨੀਟਾ ਮਾ-ਛੀਕੇ ਨਾਲ ਸੰਪਰਕ ਕਰਕੇ ਇਸ ਸਿੱਖ ਆਦਮੀ ਨੇ, ਜਿਸ ਦਾ ਨਾਮ ਰਾਜ ਕਿਸ਼ਨਪੁਰਾ ਹੈ, ਦੱਸਿਆ ਕਿ ਉਹ ਫਰਿਜ਼ਨੋ ਵਿਖੇ ਪਿਛਲੇ ਪੰਜ ਸਾਲ ਤੋ ਰਹਿ ਰਿਹਾ ਹੈ ਅਤੇ ਉਹ ਇੱਕ ਟੈਕਸੀ ਡਰਾਈਵਰ ਹੈ।



ਉਸ ਸਾਰੀ ਦਾਸਤਾ ਦੱਸਦੇ ਹੋਏ ਕਿਹਾ ਕਿ ਉਸਨੂੰ ਕਾਲ ਆਉਦੀ ਹੈ 'ਤੇ ਦੱਸਿਆ ਜਾਂਦਾ ਹੈ ਕਿ ਮੇਰੀ ਮਾਤਾ ਨੂੰ ਬੈਂਕ ਦੇ ਏ। ਟੀ। ਐਮ। ਮਸ਼ੀਨ ਤੱਕ ਰਾਈਡ ਚਾਹੀਦੀ ਹੈ। ਡਰਾਈਵਰ ਰਾਜ ਕਿਸ਼ਨਪੁਰਾ ਮਾਤਾ ਨੂੰ ਰਾਈਡ ਦਿੰਦਾ ਹੈ ਅਤੇ ਉਹਦੀ ਹਰਪੱਖ ਤੋ ਮੱਦਦ ਕਰਦਾ ਹੈ। ਇਕ ਟੈਕਸੀ ਡਰਾਈਵਰ ਹੋਣ ਕਰਕੇ ਉਹ ਬਜ਼ੁਰਗ ਮਾਤਾ ਨੂੰ ਉਸ ਦੇ ਕਹੇ ਮੁਤਾਬਕ ਆਪਣੀ ਕਾਰ ਰਾਹੀ ਪਹੁੰਚਾਉਂਦਾ ਹੈ। ਅੰਤ ਮਾਤਾ ਉਸਨੂੰ 85 ਡਾਲਰ ਭਾੜਾ ਅਤੇ 15 ਡਾਲਰ ਬਖ਼ਸ਼ੀਸ਼ ਜਾਂ ਟਿਪ ਦਿੰਦੀ ਹੈ। ਇਸ ਤਰਾਂ ਉਹ ਉਸ ਨੂੰ ਕੁਲ ਪੂਰੀ ਸਰਵਿਸ ਦੇ 100 ਡਾਲਰ ਦੇ ਕੇ ਘਰ ਨੂੰ ਤੋਰਦੀ ਹੈ। ਅਸਲੀਅਤ ਵਿੱਚ ਉਹ ਬਜ਼ੁਰਗ ਮਾਤਾ ਕਿਸੇ ਹੈਕਰ (ਠੱਗ) ਦੇ ਕਹੇ ਅਨੁਸਾਰ ਡਰਦੀ ਹੋਈ ਸਭ ਕਰ ਰਹੀ ਹੁੰਦੀ ਹੈ। ਜਿਸ ਦਾ ਬਾਅਦ ਵਿੱਚ ਪਤਾ ਲੱਗਾ ਕਿ ਕੋਈ ਹੈਕਰ ਮਾਤਾ ਨਾਲ ਫਰੌਡ ਕਰ ਗਿਆ।

ਪਰ ਲੋਕਲ ਮੀਡੀਏ ਨੇ ਬਿਨਾਂ ਸਚਾਈ ਜਾਣੇ ਲੱਗੇ ਸਕਿਊਰਟੀ ਕੈਮਰਿਆਂ ਦੀ ਵੀਡੀਓ ਦੇ ਅਧਾਰ 'ਤੇ ਰਾਜ ਕਿਸ਼ਨਪੁਰਾ ਦੀ ਫੋਟੋ ਨੂੰ ਹੈਕਰ ਸਮਝ ਸ਼ੋਸ਼ਲ ਮੀਡੀਏ ਤੇ ਵੱਡੀ ਪੱਧਰ 'ਤੇ ਵਾਇਰਲ ਕੀਤਾ । ਜਦੋਂ ਰਾਜ ਕਿਸ਼ਨਪੁਰਾ ਨੂੰ ਇਸ ਵਾਇਰਲ ਵੀਡੀਓ ਬਾਰੇ ਪਤਾ ਲੱਗਿਆ ਤਾਂ ਖੁਦ ਉਹ ਫਰਿਜ਼ਨੋ ਪੁਲਿਸ ਸਟੇਸ਼ਨ ਗਿਆ। ਜਿੱਥੇ ਜਾ ਕੇ ਸਬੰਧਤ ਪੁਲਿਸ ਅਫਸਰ ਨਾਲ ਗੱਲਬਾਤ ਕਰਕੇ, ਉਹਨਾਂ ਇਸ ਕੇਸ ਵਿੱਚੋਂ ਆਪਣਾ ਨਾਮ ਕਲੀਅਰ ਕਰਵਾਉਦੇ ਹੋਏ ਆਪਣੀ ਸਾਰੀ ਅਸਲ ਕਹਾਣੀ ਦੱਸੀ। ਇਸ ਸਾਰੀ ਗੱਲਬਾਤ ਕਰਦੇ ਹੋਏ ਰਾਜ ਕਿਸਨਪੁਰਾ ਨੇ ਉਹਨਾਂ ਮੀਡੀਏ ਵਾਲੇ ਸੱਜਣਾਂ ਨੂੰ ਅਪੀਲ ਕੀਤੀ ਕਿ ਬਿਨਾਂ ਸਚਾਈ ਜਾਣੇ ਕਿਸੇ ਦੀ ਇਸ ਤਰੀਕੇ ਖਿੱਲੀ ਨਹੀਂ ਉਡਾਉਣੀ ਚਾਹੀਦੀ। ਅਜਿਹਾ ਕਰਦੇ ਹੋਏ ਜਿੱਥੇ ਕਿਸੇ ਨੂੰ ਝੂਠੇ ਦੋਸ਼ਾਂ ਵਿੱਚ ਫਸਾਇਆ ਜਾਂਦਾ ਹੈ, ਉੱਥੇ ਸਮੁੱਚੇ ਭਾਈਚਾਰੇ ਦਾ ਸਿਰ ਵੀ ਨੀਵਾਂ ਹੁੰਦਾ ਹੈ।

ਇੱਥੇ ਇਹ ਕਹਿਣਾ ਜ਼ਰੂਰੀ ਹੈ ਕਿ ਹਰ ਬੰਦਾ ਜੋ ਪੱਗ ਬੰਨਦਾ, ਉਹ ਪੰਜਾਬੀ ਨਹੀਂ ਹੁੰਦਾ। ਇਸੇ ਤਰਾਂ ਹਰ ਉਹ ਬੰਦਾ ਜੋ ਪੱਗ ਨਹੀਂ ਬੰਨਦਾ (ਮੋਨਾ), ਉਹ ਕਿਸੇ ਹੋਰ ਭਾਈਚਾਰੇ ਨਹੀਂ ਹੋ ਸਕਦਾ, ਕਿਉਂ ਕਿ ਬਹੁ ਗਿਣਤੀ ਪੰਜਾਬੀ ਭਾਈਚਾਰੇ ਦੇ ਲੋਕ ਵੀ ਮੋਨੇ ਹਨ। ਇਸੇ ਤਰਾਂ ਅਸੀਂ ਪਿਛਲੇ ਵਿਦੇਸ਼ਾਂ ਵਿੱਚ ਪਰਮਾਤਮਾ ਦੀ ਕਿਰਪਾ ਨਾਲ, ਗੁਰੂ ਦੇ ਲੰਗਰਾਂ ਦੇ ਨਾਲ-ਨਾਲ ਦਸਤਾਰਾਂ ਦੇ ਲੰਗਰ ਵੀ ਬਹੁਤ ਲਾਏ। ਜਿੱਥੇ ਆਪਣੇ ਭਾਈਚਾਰੇ ਦੇ ਦਸਤਾਰਾਂ ਬੰਨੀਆਂ, ਉੱਥੇ ਇੱਥੇ ਦੇ ਲੋਕਾ ਦੇ ਵੀ ਦਸਤਾਰਾਂ ਅਸੀਂ ਸਜਾਈਆਂ। ਪੱਗ ਦੇ ਅਧਾਰ 'ਤੇ ਕਿਸੇ ਇਕ ਭਾਈਚਾਰੇ ਨੂੰ ਨਿਸ਼ਾਨੇ ਉੱਤੇ ਲੈਣਾ ਗਲਤ ਹੈ।

ਰਾਜ ਕਿਸਨਪੁਰਾ ਦੀ ਪੁਲੀਸ ਅੱਗੇ ਸੱਚੀ ਗੱਲ ਕਰਨ ਕਰਕੇ ਜਿੱਥੇ ਸਮੁੱਚੇ ਪੰਜਾਬੀ ਭਾਈਚਾਰੇ ਦਾ ਨਾਂ ਸ਼ਰਮਸਾਰ ਹੋਣ ਤੋਂ ਬਚ ਗਿਆ, ਉੱਥੇ ਅਖੌਤੀ ਪੱਤਰਕਾਰੀ ਲਈ ਵੀ ਸਬਕ ਹੈ ਕਿ ਸੁਣੀਆਂ-ਸੁਣਾਈਆਂ ਗੱਲਾਂ ਨੂੰ ਮੀਡੀਏ ਵਿੱਚ ਲਿਆਉਣ ਤੋਂ ਪਹਿਲਾ ਘੋਖ ਪੜਤਾਲ ਜ਼ਰੂਰ ਕਰ ਲਿਆ ਕਰਨ।

# ਗੁਰਦੁਆਰਾ ਸਿੱਖ ਸੁਸਾਇਟੀ ਡੇਟਨ ਵਿਖੇ ਅਮਰੀਕਾ ਦੇ ਆਜ਼ਾਦੀ ਦਿਵਸ 'ਤੇ ਝੰਡਾ ਲਹਿਰਾਇਆ ਗਿਆ







**ਡੇਟਨ (ਅਮਰੀਕਾ):** ਅਮਰੀਕਾ ਦੇ ਆਜ਼ਾਦੀ ਦਿਵਸ ਦੇ ਮੌਕੇ 'ਤੇ ਓਹਾਇਓ ਸੂਬੇ ਦੇ ਸ਼ਹਿਰ ਡੇਟਨ ਦੇ ਸਿੱਖ ਭਾਈਚਾਰੇ ਵੱਲੋਂ ਆਜ਼ਾਦੀ ਦਿਵਸ ਗੁਰਦੁਆਰਾ ਸਿੱਖ ਸੁਸਾਇਟੀ ਡੇਟਨ ਵਿਖੇ ਅਮਰੀਕਾ ਦਾ ਝੰਡਾ ਲਹਿਰਾ ਕੇ ਮਨਾਇਆ ਗਿਆ। ਬੀਵਰਕਰੀਕ ਦੇ ਮੇਅਰ ਬੋਸਨ ਤੇ ਕਮਿਸ਼ਨਰ ਰਿਕ ਪਰੇਲਸ ਮੁੱਖ ਮਹਿਮਾਨ ਸਨ ।ਅਮਰੀਕਾ ਦਾ ਕੌਮੀ ਤਰਾਨਾ ਗਾਇਆ ਗਿਆ ।ਗੁਰਦਆਰਾ ਸਾਹਿਬ ਦੀ ਗਰਾਉਂਡ ਵਿਚ ਨਾਖ ਦਾ ਬੂਟਾ ਲਾਉਣ ਦੀ ਰਸਮ ਵੀ ਦੋਵਾਂ ਮਹਿਮਾਨਾਂ ਨੇ ਨਿਭਾਈ। ਇਨ੍ਹਾਂ ਦੋਵਾਂ ਮਹਿਮਾਨਾਂ ਨੂੰ ਹਰਿਮੰਦਰ ਸਾਹਿਬ 'ਤੇ ਲਿਖੀਆਂ ਪੁਸਤਕਾਂ ਵੀ ਭੇਟ ਕੀਤੀਆਂ ਗਈਆਂ। ਡਾ. ਸਿਮਰਨ ਕੌਰ ਨੇ ਉਨ੍ਹਾਂ ਨੂੰ ਜੀਅ ਆਇਆਂ ਕਿਹਾ। ਉਨ੍ਹਾਂ ਨੇ ਆਪਣੇ ਭਾਸ਼ਨ ਵਿੱਚ ਸਭ ਨੂੰ ਆਜ਼ਾਦੀ ਦਿਵਸ ਦੀਆਂ ਵਧਾਈਆਂ ਦਿੱਤੀਆਂ ਤੇ ਕਮੇਟੀ ਦਾ ਉਨ੍ਹਾਂ ਨੇ ਇਸ ਮੌਕੇ ਬਲਾਉਣ ਲਈ ਧੰਨਵਾਦ ਕੀਤਾ। ਇਸ ਮੌਕੇ ਡਾ ਦਰਸ਼ਨ ਸਿੰਘ, ਲਖਵਿੰਦਰ ਸਿੰਘ, ਪ੍ਰਿਤਪਾਲ ਸਿੰਘ ਤੇ ਅਵਤਾਰ ਸਿੰਘ ਸਪਰਿੰਗਫੀਲਡ ਨੇ ਆਪਣੇ ਵਿਚਾਰ ਪੇਸ਼ ਕੀਤੇ । ਕਮੇਟੀ ਦੇ ਸਕੱਤਰ ਪਿਆਰਾ ਸਿੰਘ ਨੇ ਆਏ ਮਹਿਮਾਨਾਂ, ਸਾਧ ਸੰਗਤ ਤੇ ਉਨ੍ਹਾਂ ਸਭਨਾਂ ਦਾ ਜਿਨ੍ਹਾਂ ਨੇ ਇਸ ਸਮਾਗਮ ਨੂੰ ਸਫ਼ਲਤਾਪੂਰਵਕ ਸਿਰੇ ਚਾੜਿਆ ਦਾਧੰਨਵਾਦ ਕੀਤਾ । ਸ. ਅਵਤਾਰ ਸਿੰਘ ਸਪਰਿੰਗਫੀਲਡ ਦਾ ਫਲੋਟ ਵਿਸ਼ੇਸ਼ ਖਿੱਚ ਦਾ ਕੇਂਦਰ ਰਿਹਾ। ਇਸ ਤੋਂ ਪਹਿਲਾਂ ਦੋਵਾਂ ਮਹਿਮਾਨਾਂ ਨੇ ਗੁਰਦੁਆਰਾ ਸਾਹਿਬ ਵਿੱਖੇ ਮੱਥਾ ਟੇਕਿਆ ਤੇ ਲੰਗਰ ਹਾਲ ਵਿਚ ਸੰਗਤ ਨਾਲ ਲੰਗਰ ਛਕਿਆ ਤੇ ਵਿਜ਼ਿਟਰ ਬੁਕ ਵਿਚ ਆਪਣੇ ਵਿਚਾਰ ਲਿਖੇ।

# ਸਿਆਟਲ ਵਿਚ ਫੁਲਕਾਰੀ ਤੀਆਂ ਦਾ ਮੇਲਾ ਕਾਮਯਾਬ ਰਿਹਾ ਤੇ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ





**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਕੈਂਟ ਦੇ ਮੁਰੰਡੀਅਨ ਮਿਡਲ ਸਕੂਲ ਦੇ ਖੁੱਲ੍ਹੇ ਮੈਦਾਨ ਵਿਚ 3000 ਦੇ ਲਗਭਗ ਬੀਬੀਆਂ, ਮਾਵਾਂ ਤੇ ਮੁਟਿਆਰਾਂ ਨੇ ਖੂਬ ਮਨੋਰੰਜਨ ਕਰਦਿਆਂ ਆਨੰਦ ਮਾਣਿਆ, ਜਿੱਥੇ ਗਿੱਧਾ-ਭੰਗੜਾ, ਬੋਲੀਆਂ, ਟੱਪੇ ਤੇ ਗੀਤ-ਸੰਗੀਤ ਨਾਲ ਹਰ ਕੋਈ ਖੁਸ਼ ਨਜ਼ਰ ਆ ਰਿਹਾ ਸੀ। ਦਰਸ਼ਕਾਂ ਲਈ ਗਿੱਧਾ, ਭੰਗੜਾ ਮੁੱਖ ਆਕਰਸ਼ਣ ਰਿਹਾ, ਜਿਸਨੇ ਸਭ ਨੂੰ ਝੂਲਣ ਲਾ ਦਿੱਤਾ। ਇਸ ਮੌਕੇ ਕੈਂਟ ਸਿਟੀ ਦੀ ਮੇਅਰ ਡਾਕਾ ਰੈਲਫ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ, ਜਿਹਨਾਂ ਦਾ ਮੁੱਖ ਪ੍ਰਬੰਧਕਾਂ ਗੁਰਦੀਪ ਕੌਰ ਝੱਲੀ ਤੇ ਰਾਜਪ੍ਰੀਤ ਕੌਰ ਮੱਲੀ ਨੇ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ। ਪੰਜਾਬੀ ਭਾਈਚਾਰੇ ਦੀ ਕੈਂਟ ਕੌਂਸਲ ਮੈਂਬਰ ਸਤਵਿੰਦਰ ਕੌਰ ਦਾ ਵੀ ਨਿੱਘਾ ਸਵਾਗਤ ਕੀਤਾ ਗਿਆ। ਬੀਬੀਆਂ ਦੇ ਮੇਲੇ ਵਿਚ ਵੱਖ-ਵੱਖ ਆਈਟਮਾਂ ਦੇ 15 ਸਟਾਲ ਲਗਾਏ ਗਏ, ਜਿੱਥੇ ਸਾਰਾ ਦਿਨ ਖਰੀਦਣ ਵਾਲਿਆਂ ਦਾ ਤਾਂਤਾ ਲੱਗਾ ਰਿਹਾ ਤੇ ਸਰੀ ਤੋਂ ਪਹੁੰਚੇ ਮਹਿਮਾਨ ਟੀ. ਵੀ. ਦੀ ਹੋਸਟ ਬਲਜੰਦਰ ਕੌਰ ਨੇ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ, ਜਿਹਨਾਂ ਸਖਤ ਮਿਹਨਤ ਕਰਕੇ ਹਰ ਸਾਲ ਫੁਲਕਾਰ ਤੀਆਂ ਦਾ ਮੇਲਾ ਆਯੋਜਿਤ ਕਰਕੇ ਪੰਜਾਬੀ ਸਭਿਆਚਾਰ ਤੇ ਪੰਜਾਬੀ ਵਿਰਸੇ ਨੂੰ ਬੜਾਵਾ ਦੇ ਰਹੇ ਹਨ।

ਪ੍ਰਬੰਧਕਾਂ ਵੱਲੋਂ ਫੁਲਕਾਰੀ ਤੀਆਂ ਦੇ ਮੇਲੇ 2022 ਦੇ ਸਪਾਂਸਰ ਪਰਮਜੀਤ ਸਿੰਘ ਖੈਰਾ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਗੁਰਦੀਪ ਸਿੰਘ ਸਿੱਧੂ ਨੇ ਖੂਬ ਰੌਣਕਾਂ ਵੇਖ ਕੇ ਪ੍ਰਬੰਧਕਾਂ ਵੱਲੋਂ ਕੀਤੇ ਇੰਤਜ਼ਾਮਾਂ ਦੀ ਸ਼ਲਾਘਾ ਕੀਤੀ। ਸ਼ਾਮੀ 3 ਤੋਂ 6 ਵਜੇ ਤੱਕ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ। ਗੱਡੀਆਂ ਦੀ ਪਾਰਕਿੰਗ ਇਕ ਕਿਲੋਮੀਟਰ ਤੱਕ ਭਰੀ ਰਹੀ। ਦਰਸ਼ਕਾਂ ਲਈ ਦਾਖਲਾ ਮੁਫਤ ਸੀ ਅਤੇ ਅਖੀਰ ਵਿਚ ਰਾਤਰੀ ਭੋਜਨ ਦਾ ਵੀ ਮੁਫਤ ਇੰਤਜ਼ਾਮ ਸੀ। ਸਕਿਊਰਟੀ ਦੇ ਪੁਖਤਾ ਇੰਤਜ਼ਾਮ ਵੇਖ ਕੇ ਪ੍ਰਬੰਧਕਾਂ ਦੀ ਤਾਰੀਫ ਕਰ ਰਹੇ ਸਨ। ਫੁਲਕਾਰੀ ਤੀਆਂ ਦਾ ਮੇਲਾ ਕਾਮਯਾਬ ਰਿਹਾ, ਜਿੱਥੇ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ। ਸਿਮਰਨ ਟੀ. ਵੀ. ਪ੍ਰੋਡਕਸ਼ਨ ਵੱਲੋਂ ਸਿੱਧਾ ਪ੍ਰਸਾਰਣ ਕੀਤਾ ਗਿਆ ਅਤੇ ਫੋਟੋਗ੍ਰਾਫਰ ਸੁਰਿੰਦਰ ਸਿੰਘ ਗਿੱਲ ਨੇ ਤੀਆਂ ਦੇ ਮੇਲੇ ਨੂੰ ਕੈਮਰੇ 'ਚ ਕੈਦ ਕੀਤਾ।

# ਦੁਨੀਆ ਦੇ 82 ਕਰੋੜ ਲੋਕਾਂ ਨੂੰ ਦੋ ਵਕਤ ਦਾ ਭੋਜਨ ਵੀ ਨਹੀਂ ਮਿਲਦਾ

**ਨਵੀਂ ਦਿੱਲੀ –** ਇੱਕ ਪਾਸੇ ਜਿੱਥੇ ਦੁਨੀਆ ਦੀ ਆਬਾਦੀ ਅੱਠ ਅਰਬ ਹੋਣ ਜਾ ਰਹੀ ਹੈ, ਉੱਥੇ ਹੀ ਸੰਯੁਕਤ ਰਾਸ਼ਟਰ ਦੀ ਖੁਰਾਕ ਅਤੇ ਖੇਤੀ ਸੰਸਥਾ ਮੌਜੂਦਾ ਸਥਿਤੀ ਦਾ ਜ਼ਿਕਰ ਕਰ ਰਹੀ ਹੈ। ਸੰਯੁਕਤ ਰਾਸ਼ਟਰ ਦੀ ਸੰਸਥਾ ਇਓਂ ਦੀ ਖੁਰਾਕ ਸੁਰੱਖਿਆ ਅਤੇ ਪੋਸ਼ਣ ਰਿਪੋਰਟ ਦੇ ਅਨੁਸਾਰ, ਸਾਲ 2021 ਵਿੱਚ ਵਿਸ਼ਵ ਪੱਧਰ 'ਤੇ ਭੁੱਖਮਰੀ ਨਾਲ ਪੀੜਤ ਲੋਕਾਂ ਦੀ ਗਿਣਤੀ 82 ਕਰੋੜ ਨੂੰ ਪਾਰ ਕਰ ਗਈ ਹੈ। ਇਹ ਅੰਕੜਾ ਭਾਰਤ ਦੀ ਲਗਭਗ 59 ਫੀਸਦੀ ਆਬਾਦੀ ਦੇ ਬਰਾਬਰ ਹੈ। ਆਉਣ ਵਾਲੇ ਸਮੇਂ ਵਿੱਚ ਇਹ 83 ਕਰੋੜ ਦਾ ਅੰਕੜਾ ਵੀ ਛੂਹ ਜਾਵੇਗਾ।



2020 ਤੋਂ ਬਾਅਦ, ਦੁਨੀਆ ਵਿੱਚ ਭੁੱਖਮਰੀ ਨਾਲ ਪੀੜਤ ਲੋਕਾਂ ਦੀ ਗਿਣਤੀ ਵਿੱਚ 4।5 ਕਰੋੜ ਤੋਂ ਵੱਧ ਲੋਕ ਸ਼ਾਮਲ ਹੋ ਗਏ ਹਨ। ਇਹ ਅੰਕੜਾ ਆਪਣੇ ਆਪ ਵਿਚ ਬਹੁਤ ਹੈਰਾਨ ਕਰਨ ਵਾਲਾ ਹੋ ਸਕਦਾ ਹੈ ਪਰ ਇਹ ਅਜੋਕੇ ਸਮੇਂ ਦੀ ਹਕੀਕਤ ਹੈ। ਵਿਸ਼ਵ ਦੀ ਆਬਾਦੀ ਵਧਣ ਨਾਲ ਇਹ ਸਮੱਸਿਆ ਤੇਜ਼ੀ ਨਾਲ ਵਧੇਗੀ। ਇੰਨਾ ਹੀ ਨਹੀਂ, ਵਰਲਡ ਫੂਡ ਪ੍ਰੋਗਰਾਮ ਹਰ ਰੋਜ਼ 5600 ਟਰੱਕ, 30 ਜਹਾਜ਼ ਅਤੇ 100 ਜਹਾਜ਼ ਭੋਜਨ ਸਮੱਗਰੀ ਨਾਲ ਪ੍ਰਭਾਵਿਤ ਇਲਾਕਿਆਂ ਅਤੇ ਦੇਸ਼ਾਂ ਨੂੰ ਭੁੱਖੇ ਲੋਕਾਂ ਲਈ ਭੇਜਦਾ ਹੈ।

ਦੁਨੀਆ ਵਿੱਚ ਸਭ ਤੋਂ ਵੱਧ ਭੁੱਖੇ ਲੋਕ ਅਫਰੀਕਾ ਮਹਾਂਦੀਪ ਵਿੱਚ ਰਹਿੰਦੇ ਹਨ। ਉਨ੍ਹਾਂ ਦਾ ਅੰਕੜਾ 20 ਫੀਸਦੀ ਤੋਂ ਜ਼ਿਆਦਾ ਹੈ। ਜੇਕਰ ਗਿਣਤੀ ਦੀ ਗੱਲ ਕਰੀਏ ਤਾਂ ਇੱਥੇ 27 ਕਰੋੜ ਤੋਂ ਵੱਧ ਲੋਕ ਭੁੱਖਮਰੀ ਦਾ ਸ਼ਿਕਾਰ ਹਨ। ਇਸ ਤੋਂ ਬਾਅਦ ਏਸ਼ੀਆ ਦਾ ਨੰਬਰ ਆਉਂਦਾ ਹੈ ਜਿੱਥੇ ਲਗਭਗ 9।1 ਫੀਸਦੀ ਲੋਕ ਇਸ ਦੀ ਲਪੇਟ 'ਚ ਹਨ। ਸੰਖਿਆ ਵਿੱਚ ਇਹ 42 ਕਰੋੜ ਤੋਂ ਵੱਧ ਹਨ।

ਤੀਜੇ ਨੰਬਰ 'ਤੇ ਲਾਤੀਨੀ ਅਮਰੀਕਾ ਅਤੇ ਕੈਰੇਬੀਅਨ ਦੇਸ਼ ਆਉਂਦੇ ਹਨ, ਜਿੱਥੇ ਲਗਭਗ 8।6 ਫੀਸਦੀ ਲੋਕ ਦੋ ਵਕਤ ਲਈ ਭੋਜਨ ਇਕੱਠਾ ਕਰਨ ਤੋਂ ਅਸਮਰੱਥ ਹਨ। ਇਨ੍ਹਾਂ ਦੀ ਆਬਾਦੀ 56 ਕਰੋੜ ਹੈ। ਚੌਥੇ ਨੰਬਰ 'ਤੇ ਓਸ਼ੀਆਨਾ ਦੇਸ਼ ਹੈ, ਜਿੱਥੇ ਇਹ ਲਗਭਗ 5।8 ਫੀਸਦੀ ਹੈ। ਇੱਥੇ 25 ਲੱਖ ਲੋਕ ਭੁੱਖਮਰੀ ਦਾ ਸ਼ਿਕਾਰ ਹਨ। ਯੂਨੀਸੇਫ ਦੇ ਅੰਕੜੇ ਦੱਸਦੇ ਹਨ ਕਿ 2025 ਤੋਂ ਪਹਿਲਾਂ ਹੀ ਦੁਨੀਆ ਦੀ ਅੱਧੀ ਆਬਾਦੀ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਹੀ ਹੋਵੇਗੀ। ਸਾਲ 2030 ਤੱਕ ਲਗਭਗ 70 ਕਰੋੜ ਲੋਕ ਪਾਣੀ ਦੀ ਕਮੀ ਕਾਰਨ ਆਪਣੀ ਜ਼ਮੀਨ ਤੋਂ ਦੂਰ ਹੋ ਜਾਣਗੇ।

ਕੈਲੀਫੋਰਨੀਆ ਤੋਂ ਲਿਖਦੇ : ਹੁਸਨ ਲੜੋਆ ਬੰਗਾ

# ਅਮਰੀਕੀ ਰਾਸ਼ਟਰਪਤੀ ਵੱਲੋਂ 17 ਸਖਸ਼ੀਅਤਾਂ ਦਾ 'ਰਾਸ਼ਟਰਪਤੀ ਆਜਾਦੀ ਪੁਰਸਕਾਰ' ਨਾਲ ਸਨਮਾਨ

**ਸੈਕਰਾਮੈਂਟੋ 8 ਜੁਲਾਈ–** ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਅਦਾਕਾਰ ਡੈਨਜ਼ਲ ਵਾਸ਼ਿੰਗਟਨ, ਉਲ-ਪਿਕ ਜਿਮਨਾਸਟ ਸਿਮੋਨ ਬਿਲਸ ਤੇ ਸਾਬਕਾ ਕਾਂਗਰਸਵੋਮੈਨ ਗੈਬਰੀਲ ਜੀ-ਫੋਰਡਸ ਸਮੇਤ 17 ਸਖਸ਼ੀਅਤਾਂ ਦਾ ਦੇਸ਼ ਦੇ ਵੱਖ ਵੱਖ ਖੇਤਰਾਂ ਵਿਚ ਕੀਤੀਆਂ ਪ੍ਰਾਪਤੀਆਂ ਲਈ ਅਮਰੀਕਾ ਦੇ ਸਰਬੋਤਮ ਰਾਸ਼ਟਰਪਤੀ ਪੁਰਸਕਾਰ ' ਮੈਡਲ ਆਫ ਫਰੀਡਮ' ਨਾਲ ਸਨਮਾਨ ਕੀਤਾ। ਰਾਸ਼ਟਰਪਤੀ ਨੇ ਸੈਨੇਟਰ ਜੌਹਨ ਮਕੈਨ, ਐਪਲ ਦੇ ਸੰਸਥਾਪਕ ਸਟੀਵ ਜੌਬਸ ਤੇ ਰਿਚਰਡ ਟਰੂਮਕਾ ਨੂੰ ਮਰਨ ਉਪਰੰਤ ਸਨਮਾਨ ਉਨਾਂ ਦੇ ਪ੍ਰਤੀਨਿੱਧੀਆਂ ਨੂੰ ਸੌਂਪਿਆ। ਇਸ ਸਬੰਧੀ ਵਾਈਟ ਹਾਊਸ ਵਿਚ ਹੋਏ




ਸਮਰੋਹ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ 'ਮੈਡਲ ਆਫ ਫਰੀਡਮ' ਪ੍ਰਾਪਤ ਕਰਨ ਵਾਲੇ ਵਿਲਖਣ ਅਮਰੀਕੀ ਹਨ। ਸਟੇਜ ਉਪਰ ਉਨਾਂ ਦੇ ਪਿਛਲੇ ਪਾਸੇ ਬੈਠੇ ਰਾਸ਼ਟਰਤੀ ਮੈਡਲ ਦੇ ਜੇਤੂਆਂ ਵੱਲ ਇਸ਼ਾਰਾ ਕਰਦਿਆਂ ਉਨਾਂ ਕਿਹਾ ਕਿ " ਇਹ ਅਮਰੀਕਾ ਹੈ"। 'ਪ੍ਰੈਜੀਡੈਂਸ਼ੀਅਲ ਮੈਡਲ ਆਫ ਫਰੀਡਮ' ਸਾਬਕਾ ਰਾਸ਼ਟਰਪਤੀ ਜੌਹਨ ਐਫ ਕੈਨੇਡੀ ਵੱਲੋਂ ਸਥਾਪਿਤ ਕੀਤਾ ਗਿਆ ਸਰਬੋਤਮ ਗੈਰ ਫੌਜੀ ਪੁਰਸਕਾਰ ਹੈ ਜੋ ਵਿਲਖਣ ਪ੍ਰਾਪਤੀਆਂ ਲਈ ਨਾਗਿਰਕਾਂ ਨੂੰ ਦਿੱਤਾ ਜਾਂਦਾ ਹੈ। ਜੋਅ ਬਾਈਡਨ ਨੂੰ ਇਹ ਪੁਰਸਕਾਰ ਸਾਬਕਾ ਰਾਸ਼ਟਰਪਤੀ ਬਰਾਕ ਉਬਾਮਾ ਨੇ 2017 ਵਿਚ ਦਿੱਤਾ ਸੀ। ਉਨਾਂ ਨੂੰ ਇਹ ਪੁਰਸਕਾਰ ਇਕ ਸੈਨੇਟਰ ਤੇ ਉਪ ਰਾਸ਼ਟਰਪਤੀ ਵਜੋਂ ਦੇਸ਼ ਵਾਸੀਆਂ ਲਈ ਨਿਭਾਈਆਂ ਸੇਵਾਵਾਂ ਲਈ ਦਿੱਤਾ ਗਿਆ ਸੀ।

# ਸੰਘੀ ਅਦਾਲਤ ਵੱਲੋਂ ਜਾਰਜ ਫਲਾਇਡ ਹੱਤਿਆ ਮਾਮਲੇ ਵਿਚ ਸਾਬਕਾ ਪੁਲਿਸ ਅਫਸਰ ਡੈਰਕ ਚੌਵਿਨ ਨੂੰ 21 ਸਾਲ ਜੇਲ ਦੀ ਸਜਾ

**ਸੈਕਰਾਮੈਂਟੋ 8 ਜੁਲਾਈ–** 25 ਮਈ 2020 ਨੂੰ ਸਿਆਹਫਿਆਮ ਵਿਅਕਤੀ ਜਾਰਜ ਫਲਾਇਡ ਦੀ ਹੋਈ ਹੱਤਿਆ ਦੇ ਮਾਮਲੇ ਵਿਚ ਸਾਬਕਾ ਮਿਨੀਏਪੋਲਿਸ ਪੋਲਿਸ ਅਫਸਰ ਡੈਰਕ ਚੌਵਿਨ ਨੂੰ ਇਕ ਸੰਘੀ ਅਦਾਲਤ ਨੇ 21 ਸਾਲ ਜੇਲ ਦੀ ਸਜਾ ਸੁਣਾਈ ਹੈ। ਅਦਾਲਤ ਨੇ ਡੈਰਕ ਚੌਵਿਨ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਲਈ ਦੋਸ਼ੀ ਕਰਾਰ ਦਿੱਤਾ। ਚੌਵਿਨ ਨੇ ਅਦਾਲਤ ਵਿਚ ਪਹਿਲੀ ਵਾਰ ਸਵਿਕਾਰ ਕੀਤਾ ਕਿ ਬੇਹੋਸ਼ ਹੋ ਜਾਣ ਦੇ ਬਾਵਜੂਦ ਉਸ ਨੇ ਫਲਾਇਡ ਦੀ ਗਰਦਨ ਉਪਰੋਂ ਆਪਣਾ ਗੋਡਾ ਨਹੀਂ ਹਟਾਇਆ ਜਿਸ ਕਾਰਨ ਉਸ ਦੀ ਮੌਤ ਹੋ ਗਈ। ਸਾਬਕਾ ਗੋਰੇ ਪੁਲਿਸ ਅਧਿਕਾਰੀ ਨੇ ਇਹ ਵੀ ਮੰਨਿਆ ਕਿ ਇਹ ਸਭ ਕੁਝ ਉਸ ਨੇ ਆਪਣੀ ਇੱਛਾ ਅਨੁਸਾਰ ਕੀਤਾ ਸੀ। ਸਟੇਟ ਵੱਲੋਂ ਲਾਏ ਹੱਤਿਆ ਦੇ ਦੋਸ਼ਾਂ ਤਹਿਤ ਚੌਵਿਨ ਨੂੰ ਪਹਿਲਾਂ ਹੀ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ ਤੇ ਉਹ ਜੇਲ ਵਿਚ ਬੰਦ ਹੈ। ਸਟੇਟ ਵੱਲੋਂ ਸੁਣਾਈ ਸਜਾ ਤੋਂ ਇਲਾਵਾ ਹੁਣ ਚੌਵਿਨ ਸੰਘੀ ਅਦਾਲਤ ਵੱਲੋਂ ਦਿੱਤੀ ਸਜਾ ਸੰਘੀ ਜੇਲ ਵਿਚ ਕਟੇਗਾ।

# ਅਮਰੀਕਾ ਦੇ ਮਿਨੇਸੋਟਾ ਰਾਜ ਵਿਚ ਮਾਂ ਨੇ 3 ਬੱਚਿਆਂ ਨੂੰ ਡਬੋਕੇ ਮਾਰਨ ਉਪਰੰਤ ਖੁਦ ਵੀ ਮਾਰੀ ਛਾਲ

**ਸੈਕਰਾਮੈਂਟੋ 8 ਜੁਲਾਈ–** ਅਮਰੀਕਾ ਦੇ ਮਿਨੇਸੋਟਾ ਰਾਜ ਵਿਚ ਇਕ ਬਹੁਤ ਹੀ ਦਿਲ ਨੂੰ ਦਹਿਲਾ ਦੇਣ ਵਾਲੀ ਵਾਪਰੀ ਘਟਨਾ ਵਿਚ ਪਤੀ ਵੱਲੋਂ ਖੁਦਕੁੱਸ਼ੀ ਕਰ ਲੈਣ ਉਪਰੰਤ ਉਸ ਦੀ ਪਤਨੀ ਆਪਣੇ ਆਪ ਨੂੰ ਸੰਭਾਲ ਨਾ ਸਕੀ ਤੇ ਪਹਿਲਾਂ ਉਸ ਨੇ ਆਪਣੇ ਤਿੰਨ ਬੱਚਿਆਂ ਨੂੰ ਮਿਨੇਸੋਟਾ ਦੀ ਵੈਡਨਾਇਸ ਨਹਿਰ ਵਿਚ ਡਬੋਕੇ ਮਾਰਨ ਉਪਰੰਤ ਖੁਦ ਵੀ ਨਹਿਰ ਵਿਚ ਛਾਲ ਮਾਰ ਕੇ ਖੁਦਕੁੱਸ਼ੀ ਕਰ ਲਈ। ਇਨਾਂ ਸਾਰਿਆਂ ਦੀਆਂ ਲਾਸ਼ਾਂ ਪੁਲਿਸ ਨੇ ਬਰਾਮਦ ਕਰ ਲਈਆਂ ਹਨ। 23 ਸਾਲਾ ਪਤਨੀ ਦੀ ਪਛਾਣ ਮੋਲੀ ਚੇਂਗ ਵਜੋਂ ਹੋਈ ਹੈ। ਰਾਮਸੇ ਕਾਊਂਟੀ ਦੇ ਸ਼ੈਰਿਫ ਦਫਤਰ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ 27 ਸਾਲਾ ਯੀ ਲੀ ਵੱਲੋਂ ਆਪਣੇ ਆਪ ਨੂੰ ਬੰਦੂਕ ਨਾਲ ਗੋਲੀ ਮਾਰਕੇ ਖੁਦਕੁੱਸ਼ੀ ਕਰ ਲੈਣ ਉਪਰੰਤ ਪੁਲਿਸ ਨੇ ਚੇਂਗ ਤੇ ਉਸ ਦੇ 3 ਬੱਚਿਆਂ ਦੀ ਸਹਾਇਤਾ ਲਈ ਸਮਾਜ ਸੇਵੀਆਂ ਦੀਆਂ ਸੇਵਾਵਾਂ ਲਈਆਂ ਸਨ। ਉਸੇ ਦਿਨ ਚੇਂਗ ਦੇ ਕਿਸੇ ਰਿਸ਼ਤੇਦਾਰ ਨੇ ਪੁਲਿਸ ਨੂੰ ਫੋਨ ਕੀਤਾ ਕਿ ਉਹ ਆਪਣੇ ਬੱਚਿਆਂ ਸਮੇਤ ਖੁਦਕੁੱਸ਼ੀ ਕਰਨ ਲਈ ਜਾ ਰਹੀ ਹੈ। ਮੈਪਲਵੁੱਡ ਪੁਲਿਸ ਨੂੰ ਚੇਂਗ ਦਾ ਸੈਲ ਫੋਨ ਸੇਂਟ ਪਾਲ ਦੇ ਉਤਰ ਵਿਚ ਵੈਡਨਾਇਸ ਪਹਾੜੀ ਖੇਤਰ ਦੇ ਲੇਕ ਪਾਰਕ ਵਿਚੋਂ ਬਰਾਮਦ ਹੋਇਆ। ਉਸ ਦੀ ਕਾਰ ਪਾਰਕਿੰਗ ਖੇਤਰ ਵਿਚ ਖੜੀ ਮਿਲੀ। ਬੱਚਿਆਂ ਦੇ ਬੂਟ , ਕਾਰ ਦੀ ਚਾਬੀ ਤੇ ਹੋਰ ਸਮਾਨ ਨਹਿਰ ਦੇ ਕੰਢੇ 'ਤੇ ਖਿਲਰਿਆ ਪਿਆ ਸੀ। ਪੁਲਿਸ ਨੇ ਤੁਰੰਤ ਨਹਿਰ ਵਿਚੋਂ ਲਾਸ਼ਾਂ ਲੱਭਣ ਦਾ ਕੰਮ ਸ਼ੁਰੂ ਕੀਤਾ ਤੇ ਚੇਂਗ ਸਮੇਤ 3 ਬੱਚਿਆਂ ਦੀਆਂ ਲਾਸ਼ਾਂ ਨਹਿਰ ਵਿਚੋਂ ਕੱਢ ਲਈਆਂ। ਬੱਚਿਆਂ ਦੀ ਉਮਰ 3,4 ਤੇ 5ਸਾਲ ਦੀ ਸੀ। ਡਾਕਟਰੀ ਜਾਂਚ ਵਿਚ ਇਨਾਂ ਸਾਰਿਆਂ ਦੀ ਮੌਤ ਪਾਣੀ ਵਿਚ ਡੁੱਬਣ ਕਾਰਨ ਹੋਣ ਦੀ ਪੁਸ਼ਟੀ ਹੋਈ ਹੈ। ਇਸ ਘਟਨਾ ਕਾਰਨ ਸਬੰਧਤ ਖੇਤਰ ਵਿਚ ਲੋਕ ਸਦਮੇ ਵਿਚ ਹਨ। ਰਾਮਸੇ ਕਾਊਂਟੀ ਦੇ ਅੰਡਰਸ਼ੈਰਿਫ ਮਾਈ ਮਾਰਟਨ ਨੇ ਇਕ ਬਿਆਨ ਵਿਚ ਇਸ ਹਿਰਦੇਵੇਦਕ ਘਟਨਾ ਉਪਰ ਗਹਿਰਾ ਦੁੱਖ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਹ ਇਸ ਮੁਸੀਬਤ ਦੀ ਘੜੀ ਵਿਚ ਭਾਈਚਾਰੇ ਦੇ ਨਾਲ ਹਨ। ਉਨਾਂ ਕਿਹਾ ਹੈ ਕਿ ਸ਼ੈਰਿਫ ਦਫਤਰ ਘਟਨਾ ਤੇ ਪੈਦਾ ਹੋਏ ਹਾਲਾਤ ਦੀ ਜਾਂਚ ਲਈ ਪੀੜਤ ਪਰਿਵਾਰ ਦੇ ਬਾਕੀ ਜੀਆਂ ਦੇ ਸੰਪਰਕ ਵਿਚ ਹੈ ਤਾਂ ਜੋ ਸਮੁੱਚੀ ਘਟਨਾ ਦੀ ਪੂਰੀ ਸਚਾਈ ਸਾਹਮਣੇ ਆ ਸਕੇ।



# ਸਿੱਖ ਬੰਦੇ ਵੱਲੋਂ ਕੀਤਾ ਗਿਆ ਫਰਾਡ ਸਬੰਧੀ ਆਈਆਂ ਫੋਟੋਆਂ ਦੀ ਅਸਲ ਸਚਾਈ ਆਈ ਸਾਹਮਣੇ

**ਸੈਕਰਾਮੈਂਟੋ 8 ਜੁਲਾਈ–** ਪਿਛਲੇ ਦਿਨੀ ਫਰਿਜ਼ਨੋ ਦੇ ਕੁਛ ਕੁ ਟੀਵੀ ਚੈਨਲਾਂ, ਰੇਡੀਓ ਸਟੇਸ਼ਨਾਂ ਅਤੇ ਸ਼ੋਸ਼ਲ ਮੀਡੀਏ ਤੇ ਸਰਗਰਮ ਕੁਝ ਕੁ ਸੱਜਣਾਂ ਨੇ ਇੱਕ ਖ਼ਬਰ ਬੜੇ ਜੋਸ਼ੋ ਖਰੋਸ਼ ਨਾਲ ਸਕਰੂਲੇਟ ਕੀਤੀ ਸੀ । ਇਸ ਖ਼ਬਰ ਵਿੱਚ ਇਹ ਵਿਖਾਇਆ ਗਿਆ ਕਿ ਕਿਵੇ ਪੱਗੜੀਧਾਰੀ ਸਿੱਖ ਬੰਦੇ ਨੇ ਬਜ਼ੁਰਗ ਗੋਰੀ ਮਾਤਾ ਕੋਲੋ 9000 ਡਾਲਰ ਦੀ



ਠੱਗੀ ਮਾਰੀ ਹੈ। ਜਦੋਂ ਇਹ ਵੀਡੀਓ ਓਸ ਸਿੱਖ ਇਨਸਾਨ ਤੱਕ ਪਹੁੰਚੀ ਜੋ ਖ਼ੁੱਦ ਵੀਡੀਓ ਵਿੱਚ ਵਿਖਾਈ ਦੇ ਰਿਹਾ ਹੈ, ਉਸਨੇ ਪੱਤਰਕਾਰਾਂ ਨਾਲ ਸੰਪਰਕ ਕਰਕੇ ਆਪਣੀ ਸਾਰੀ ਸਟੋਰੀ ਦੱਸੀ। ਇਸ ਸਿੱਖ ਆਦਮੀ ਜਿਸ ਦਾ ਨਾਮ ਰਾਜ ਕਿਸ਼ਨਪੁਰਾ ਹੈ, ਨੇ ਦੱਸਿਆ ਕਿ ਉਹ ਫਰਿਜ਼ਨੋ ਵਿਖੇ ਪਿਛਲੇ ਪੰਜ ਸਾਲ ਤੋ ਰਹਿ ਰਿਹਾ ਹੈ ਅਤੇ ਉਹ ਇੱਕ ਟੈਕਸੀ ਡਰਾਈਵਰ ਹੈ, ਉਸਨੂੰ ਕਾਲ ਆਉਦੀ ਹੈ ' ਤੇ ਦੱਸਿਆ ਜਾਂਦਾ ਹੈ ਕਿ ਮੇਰੀ ਮਾਤਾ ਨੂੰ ਏਟੀਐਮ ਮਸ਼ੀਨ ਤੱਕ ਰਾਈਡ ਚਾਹੀਦੀ ਹੈ। ਡਰਾਈਵਰ ਰਾਜ ਕਿਸ਼ਨਪੁਰਾ ਮਾਤਾ ਨੂੰ ਰਾਈਡ ਦਿੰਦਾ ਹੈ ਅਤੇ ਉਹਦੀ ਹਰਪੱਖ ਤੋ ਮੱਦਦ ਕਰਦਾ ਹੈ। ਅਖੀਰ ਮਾਤਾ ਉਸਨੂੰ 85 ਡਾਲਰ ਭਾੜਾ ਅਤੇ 15 ਡਾਲਰ ਟਿੱਪ ਕੁਲ 100 ਡਾਲਰ ਦੇਕੇ ਘਰ ਨੂੰ ਤੋਰਦੀ ਹੈ। ਉਪਰੰਤ ਪਤਾ ਲੱਗਾ ਕਿ ਕੋਈ ਹੈਕਰ ਮਾਤਾ ਨਾਲ ਫਰੌੜ ਕਰ ਗਿਆ। ਪਰ ਲੋਕਲ ਮੀਡੀਏ ਨੇ ਬਿਨਾਂ ਸਚਾਈ ਜਾਣੇ ਰਾਜ ਕਿਸ਼ਨਪੁਰਾ ਦੀ ਫੋਟੋ ਨੂੰ ਹੈਕਰ ਸਮਝ ਸ਼ੋਸ਼ਲ ਮੀਡੀਏ ਤੇ ਵੱਡੀ ਪੱਧਰ ਤੇ ਵਾਇਰਲ ਕੀਤਾ । ਜਦੋਂ ਰਾਜ ਕਿਸ਼ਨਪੁਰਾ ਨੂੰ ਇਸ ਵਾਇਰਲ ਵੀਡੀਓ ਬਾਰੇ ਪਤਾ ਲੱਗਿਆ ਤਾਂ ਉਹ ਫਰਿਜ਼ਨੋ ਪੁਲਿਸ ਸਟੇਸ਼ਨ ਗਿਆ, ਜਿੱਥੇ ਜਾਕੇ ਸਬੰਧਤ ਪੁਲਿਸ ਅਫਸਰ ਨਾਲ ਗੱਲਬਾਤ ਕਰਕੇ ਉਹਨਾਂ ਇਸ ਕੇਸ ਵਿੱਚੋਂ ਆਪਣਾ ਨਾਮ ਕਲੀਅਰ ਕਰਵਾਇਆ। ਪਰ ਉਹਨਾਂ ਮੀਡੀਏ ਵਾਲੇ ਸੱਜਣਾਂ ਨੂੰ ਅਪੀਲ ਕੀਤੀ ਕਿ ਬਿਨਾਂ ਸਚਾਈ ਜਾਣੇ ਕਿਸੇ ਦੀ ਇਸ ਤਰੀਕੇ ਖਿੱਲੀ ਨਹੀਂ


# ਜੇਕਰ ਮਾਂ ਦੀ ਜਾਨ ਖਤਰੇ ਵਿਚ ਹੋਵੇ ਤਾਂ ਹਸਪਤਾਲਾਂ ਨੂੰ ਗਰਭਪਾਤ ਕਰਨਾ ਪਵੇਗਾ- ਬਾਈਡਨ ਪ੍ਰਸ਼ਾਸਨ ਵੱਲੋਂ ਦਿਸ਼ਾ-ਨਿਰਦੇਸ਼ ਜਾਰੀ

**ਸੈਕਰਾਮੈਂਟੋ 12 ਜੁਲਾਈ –** ਬਾਈਡਨ ਪ੍ਰਸ਼ਾਸਨ ਨੇ ਕਿਹਾ ਹੈ ਕਿ ਸਿਹਤ ਸੇਵਾਵਾਂ ਦੇਣ ਵਾਲੇ ਹਸਪਤਾਲਾਂ ਨੂੰ ਗਰਭਵਤੀ ਮਾਵਾਂ ਦੀ ਹਰ ਹਾਲਤ ਵਿਚ ਸਿਹਤ ਸੰਭਾਲ ਕਰਨੀ ਪਵੇਗੀ ਤੇ ਜੇਕਰ ਮਾ ਦੀ ਜਾਨ ਖਤਰੇ ਵਿਚ ਹੋਵੇ ਤਾਂ ਗਰਭਪਾਤ ਵੀ ਕੀਤਾ ਜਾ ਸਕਦਾ ਹੈ ਬਾਵਜੂਦ ਇਸ ਦੇ ਕਿ ਸਬੰਧਤ ਰਾਜ ਵਿਚ ਅਜਿਹਾ ਕਰਨਾ ਗੈਰਕਾਨੂੰਨੀ ਹੈ। ਸਿਹਤ ਤੇ ਮਾਨਵੀ ਸੇਵਾਵਾਂ ਬਾਰੇ ਵਿਭਾਗ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਵਿਚ ਹਸਪਤਾਲਾਂ ਤੇ ਡਾਕਟਰਾਂ ਨੂੰ ਹੰਗਾਮੀ ਹਾਲਤ ਵਿਚ ਉਨਾਂ ਨੂੰ ਜਿੰਮੇਵਾਰੀ ਦਾ ਅਹਿਸਾਸ ਕਰਵਾਇਆ ਗਿਆ ਹੈ। ਸਿਹਤ ਤੇ ਮਾਨਵੀ ਸੇਵਾਵਾਂ ਬਾਰੇ ਸਕੱਤਰ ਐਕਸਾਵੀਰ ਬੀਸੇਰਾ ਨੇ ਹਸਪਤਾਲਾਂ ਤੇ ਡਾਕਟਰਾਂ ਨੂੰ ਲਿਖਤੀ ਰੂਪ ਵਿਚ ਹਦ-ਾਇਤਾਂ ਜਾਰੀ ਕਰਦਿਆਂ ਕਿਹਾ ਹੈ " ਕਾਨੂੰਨ ਤਹਿਤ, ਇਸ ਗੱਲ ਦਾ ਕੋਈ ਮਹੱਤਵ ਨਹੀਂ ਹੈ ਕਿ ਤੁਸੀਂ ਕਿਥੇ ਰਹਿੰਦੇ ਹੋ, ਇਕ ਔਰਤ ਨੂੰ ਹੰਗਾਮੀ ਹਾਲਤ ਵਿਚ ਗਰਭਪਾਤ ਸਮੇਤ ਹਰ ਤਰਾਂ ਦੀਆਂ ਡਾਕਟਰੀ ਸੇਵਾਵਾਂ ਲੈਣ ਦਾ ਅਧਿਕਾਰ ਹੈ।' ਬੀਸੇਰਾ ਨੇ ਕਿਹਾ ਹੈ ਬਾਈਡਨ ਪ੍ਰਸ਼ਾਸਨ ਆਸ ਰਖਦਾ ਹੈ ਕਿ ਪੈਦਾ ਹੋਏ ਹਾਲਾਤ ਨੂੰ ਵੇਖਦਿਆਂ ਹਸਪਤਾਲ ਤੇ ਡਾਕਟਰ ਗਰਭਪਾਤ ਦੀਆਂ ਸੇਵਾਵਾਂ ਜਾਰੀ ਰਖਣਗੇ।

ਉਨਾਂ ਜੋਰ ਦੇ ਕੇ ਕਿਹਾ ਹੈ ਕਿ ਸੰਘੀ ਕਾਨੂੰਨ ਤਹਿਤ ਹੰਗਾਮੀ ਹਾਲਤ ਵਿਚ ਕਿਸੇ ਵੀ ਰਾਜ ਦੀ ਗਰਭਪਾਤ ਉਪਰ ਪਾਬੰਦੀ ਅੜਿਕਾ ਨਹੀਂ ਬਣੇਗੀ ਤੇ ਮਾਂ ਦੀ ਜਾਨ ਬਚਾਉਣ ਲਈ ਗਰਭਪਾਤ ਕਰਨਾ ਪਵੇਗਾ। ਬੀਸੇਰਾ ਨੇ ਲਿਖਿਆ ਹੈ ' ਮਰੀਜ਼ਾਂ ਨੂੰ ਬਚਾਉਣਾ ਖਾਸ ਕਰਕੇ ਜੋਖਮ ਵਾਲੇ ਹਾਲਤ ਵਿਚ, ਸਾਡੀ ਉੱਚ ਤਰਜੀਹ ਹੈ। ਸਿਹਤ ਦਾ ਮਾਮਲਾ ਮਰੀਜ਼ਾਂ ਤੇ ਉਨਾਂ ਦੇ ਡਾਕਟਰਾਂ ਦਾ ਮਾਮਲਾ ਹੈ, ਨਾ ਕੇ ਇਹ ਰਾਜਸੀ ਲੋਕਾਂ ਦਾ ਮਾਮਲਾ ਹੈ। ਅਸੀਂ ਔਰਤਾਂ ਦੀ ਸਿਹਤ ਸੰਭਾਲ ਨਾਲ ਸਬੰਧਤ ਮੌਜੂਦ ਹਰ ਸਾਧਨ ਦੀ ਵਰਤੋਂ ਨੂੰ ਯਕੀਨੀ ਬਣਾਵਾਂਗੇ।' ਬਾਈਡਨ ਪ੍ਰਸ਼ਾਸਨ ਦੀਆਂ ਇਹ ਹਦਾਇਤਾਂ ਸੁਪਰੀਮਕੋਰਟ ਦੇ ਉਸ ਨਿਰਨੇ ਦੇ ਦੋ ਹਫਤੇ ਬਾਅਦ ਆਈਆਂ ਹਨ, ਜਿਸ ਨਿਰਨੇ ਵਿਚ ਸਰਬਉਚ ਅਦਾਲਤ ਨੇ 1973 ਦਾ ਇਤਿਹਾਸਕ ਫੈਸਲਾ 'ਰੋ ਵੀ ਵੇਡ' ਰੱਦ ਕਰ ਦਿੱਤਾ ਸੀ ਜਿਸ ਤਹਿਤ ਔਰਤ ਨੂੰ ਗਰਭਪਾਤ ਕਰਵਾਉਣ ਦਾ ਸਵਿਧਾਨਕ ਹੱਕ ਦਿੱਤਾ ਗਿਆ ਸੀ। ਇਥੇ ਜਿਕਰਯੋਗ ਹੈ ਕਿ ਸੁਪਰੀਮਕੋਰਟ ਦੇ ਨਿਰਨੇ ਤੋਂ ਬਾਅਦ ਬਾਈਡਨ ਪ੍ਰਸ਼ਾਸਨ ਸਿਹਤ ਸੇਵਾਵਾਂ ਨੂੰ ਲੈ ਕੇ ਭਾਰੀ ਦਬਾਅ ਹੇਠ ਸੀ। ਅਮਰੀਕਾ ਭਰ ਵਿਚ ਇਸ ਨਿਰਨੇ ਵਿਰੁੱਧ ਪ੍ਰਦਰਸ਼ਨ ਹੋਏ ਸਨ ਤੇ ਲੋਕਾਂ ਦੀ ਮੰਗ ਸੀ ਕਿ ਸੁਪਰੀਮ ਕੋਰਟ ਦੇ ਨਿਰਨੇ ਦੇ ਸੰਦਰਭ ਵਿਚ ਸਿਹਤ ਸੰਭਾਲ ਸੇਵਾਵਾਂ ਉਪਰ ਮੁੜ ਵਿਚਾਰ ਕੀਤਾ ਜਾਵੇ।

# ਅਮਰੀਕਾ ਵਿਚ 30 ਸਾਲ ਪਹਿਲਾਂ ਔਰਤ ਦੀ ਹੋਈ ਹੱਤਿਆ ਦੇ ਮਾਮਲੇ ਵਿਚ ਇਕ ਟੈਕ ਕੰਪਨੀ ਦਾ ਮੁੱਖ ਅਧਿਕਾਰੀ ਗ੍ਰਿਫਤਾਰ

**ਸੈਕਰਾਮੈਂਟੋ 13 ਜੁਲਾਈ (ਹੁਸਨ ਲੜੋਆ ਬੰਗਾ)–** 30 ਸਾਲ ਪਹਿਲਾਂ ਕੈਲੀਫੋਰਨੀਆ ਦੀ ਇਕ ਔਰਤ ਦੀ ਹੋਈ ਹੱਤਿਆ ਦੇ ਮਾਮਲੇ ਵਿਚ ਪੁਲਿਸ ਨੇ ਇਕ ਆਨ ਲਾਈਨ ਟਰੇਨਿੰਗ ਕੰਪਨੀ ਰੈਡੀ ਟੈਕ ਦੇ ਸੀ ਈ ਓ ਜੌਹਨ ਕੈਵਿਨ ਵੁੱਡਵਾਰਡ ਨੂੰ ਗ੍ਰਿਫਤਾਰ ਕੀਤਾ ਹੈ ਜਿਸ ਨੂੰ ਪਹਿਲਾਂ ਅਦਾਲਤ ਨੇ ਤਸੱਲੀਬਖਸ਼ ਸਬੂਤ ਨਾ ਹੋਣ ਕਾਰਨ ਛੱਡ ਦਿੱਤਾ ਸੀ। ਸਾਂਟਾ ਕਲਾਰਾ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਵੱਲੋਂ ਜਾਰੀ ਪ੍ਰੈਸ ਬਿਆਨ ਵਿਚ ਜਾਣਕਾਰੀ ਦਿੱਤੀ ਗਈ ਹੈ ਕਿ 58 ਸਾਲਾ ਵੁੱਡਵਾਰਡ ਨੂੰ ਨਿਊਯਾਰਕ ਦੇ ਜੇ ਐਫ ਕੇ ਹਵਾਈ ਅੱਡੇ ਉਪਰ ਹਿਰਾਸਤ ਵਿਚ ਲੈ ਲਿਆ ਗਿਆ। ਉਹ ਐਮਸਟਰਡਮ ਤੋਂ ਜੇ ਐਫ ਕੇ ਹਵਾਈ ਅੱਡੇ ਉਪਰ ਪੁੱਜਾ ਸੀ। ਉਸ ਵਿਰੁੱਧ ਆਪਣੇ ਕਮਰੇ ਵਿਚ ਰਹਿੰਦੇ ਇਕ ਹੋਰ ਵਿਅਕਤੀ ਦੀ ਮਿੱਤਰ ਕੁੜੀ ਲਾਊਰੀ ਹੌਟਸ ਦੀ ਹੱਤਿਆ ਕਰਨ ਦੇ ਦੋਸ਼ ਸਬੂਤ ਸਮੇਤ ਆਇਦ ਕੀਤੇ ਗਏ ਹਨ। ਪ੍ਰੈਸ ਬਿਆਨ ਅਨੁਸਾਰ ਇਕ ਰਸੀ ਉਪਰ ਡੀ ਐਨ ਏ ਵੁੱਡਵਾਰਡ ਤੱਕ ਲੈ ਗਿਆ। ਇਸੇ ਮਾਮਲੇ ਵਿਚ ਵੁੱਡਵਾਰਡ ਵਿਰੁੱਧ ਪਹਿਲਾਂ ਵੀ ਮੁਕੱਦਮਾ ਚਲਿਆ ਸੀ



ਪਰੰਤੂ ਸਬੂਤ ਦੀ ਅਣ-ਹੋਂਦ ਕਾਰਨ ਉਹ ਰਿਹਾਅ ਹੋ ਗਿਆ ਸੀ। ਇਸ ਤੋਂ ਬਾਅਦ ਉਹ ਹਾਲੈਂਡ ਚਲਾ ਗਿਆ ਸੀ। ਪਿਛਲੇ ਸਾਲ ਸਾਂਟਾ ਕਲਾਰਾ ਕਾਊਂਟੀ ਕਰਾਈਮ ਲੈਬ ਤੇ ਮਾਊਂਟੇਅਨ ਵਿਊ ਪੁਲਿਸ ਵਿਭਾਗ ਨੇ ਫੋਰੈਂਸਿਕ ਸਾਇੰਸ ਵਿਚ ਹੋਈ ਨਵੀਂ ਕਾਢ ਦੀ ਵਰਤੋਂ ਕੀਤੀ ਜਿਸ ਨੇ ਹੌਟਸ ਦੀ ਗਰਦਨ ਦੁਆਲੇ ਲਪੇਟੀ ਰੱਸੀ ਨਾਲ ਸਿੱਧੇ ਤੌਰ 'ਤੇ ਵੁੱਡਵਾਰਡ ਨੂੰ ਜੋੜ ਦਿੱਤਾ। ਇਸਤਗਾਸਾ ਪੱਖ ਅਨੁਸਾਰ ਹੁਣ ਵੁੱਡਵਾਰਡ ਬਚਕੇ ਨਹੀਂ ਨਿਕਲ ਸਕੇਗਾ। ਮਾਊਂਟਵਿਊ ਪੁਲਿਸ ਸਾਰਜੈਂਟ ਡੇਵਿਡ ਫਿਸ਼ਰ ਨੇ ਕਿਹਾ ਹੈ ਕਿ ਹੌਟਸ ਦੀ ਹੱਤਿਆ ਦੇ ਮਾਮਲੇ ਵਿਚ ਨਿਆਂ ਦੇ ਰਾਹ ਵਿਚਲੀ ਵੱਡੀ ਰੁਕਾਵਟ ਦੂਰ ਹੋ ਗਈ ਹੈ ਤੇ ਅਸੀਂ ਨਵੀਂ ਤਕਨੀਕ ਨਾਲ ਸਬੂਤ ਲੱਭਣ ਤੇ ਨਵੇਂ ਸਿਰੇ ਤੋਂ ਦੋਸ਼ੀ ਵਿਰੁੱਧ ਦੋਸ਼ ਆਇਦ ਕਰਨ ਵਿਚ ਸਫਲ ਹੋਏ ਹਾਂ। ਦਰਅਸਲ ਵੁੱਡਵਾਰਡ ਆਪਣੇ ਸਾਥੀ ਦੀ ਹੌਟਸ ਨਾਲ ਮਿੱਤਰਤਾ ਤੋਂ ਚਿੜਦਾ ਸੀ ਜਿਸ ਕਾਰਨ ਉਸ ਨੇ ਹੌਟਸ ਦੀ ਹੱਤਿਆ ਕੀਤੀ। ਹੌਟਸ ਦੀ ਲਾਸ਼ ਸਤੰਬਰ 1992 ਵਿਚ ਉਸ ਦੀ ਆਪਣੀ ਕਾਰ ਵਿਚੋਂ ਮਿਲੀ ਸੀ। ਉਸ ਦੀ ਗਰਦਨ ਦੁਆਲੇ ਰੱਸੀ ਲਪੇਟੀ ਹੋਈ ਸੀ। 25 ਸਾਲਾ ਸਾਫਟ ਵੇਅਰ ਇੰਜੀਨੀਅਰ ਹੌਟਸ ਜੋ ਮਾਊਂਟੇਅਨ ਵਿਊ, ਕੈਲੀਫੋਰਨੀਆ ਦੀ ਵਸਨੀਕ ਸੀ, ਦਾ ਕਤਲ ਉਸ ਦੇ ਕੰਮ ਕਰਨ ਵਾਲੇ ਸਥਾਨ ਤੋਂ ਤਕਰੀਬਨ ਇਕ ਮੀਲ ਦੀ ਦੂਰੀ ਉਪਰ ਹੋਇਆ ਸੀ। ਕਾਰ ਵਿਚਲੀ ਹਾਲਤ ਤੋਂ ਪਤਾ ਲੱਗਦਾ ਸੀ ਕਿ ਉਸ ਨੇ ਆਪਣੇ ਆਪ ਨੂੰ ਬਚਾਉਣ ਲਈ ਪੂਰੀ ਵਾਹ ਲਾਈ ਸੀ ਪਰੰਤੂ ਉਹ ਸਫਲ ਨਹੀਂ ਹੋ ਸਕੀ।

# ਪੰਜਾਬ ਪਛੜੀਆਂ ਸ਼੍ਰੇਣੀਆਂ ਫੈਡਰੇਸ਼ਨ ਵਲੋਂ ਹੱਕੀ ਮੰਗਾਂ ਬਾਰੇ ਨਾਭਾ ਵਿਖੇ ਮੀਟਿੰਗ ਹੋਈ

**ਨਾਭਾ–** ਬੀਤੇ ਦਿਨੀਂ ਓ.ਬੀ.ਸੀ. ਫੈਡਰੇਸ਼ਨ , ਪੰਜਾਬ ਦੀ ਅਹਿਮ ਮੀਟਿੰਗ ਸ੍ਰੀ ਸੋਮ ਨਾਥ ਸੂਬਾ ਪ੍ਰਧਾਨ ਪੰਜਾਬ ਪਛੜੀਆਂ ਸ਼੍ਰੇਣੀਆਂ ਫੈਡਰੇਸ਼ਨ ਦੀ ਪ੍ਰਧਾਨਗੀ ਅਤੇ ਸ. ਬਲਜੀਤ ਸਿੰਘ 'ਮੱਖਣ' ਦੀ ਸਰਪ੍ਰਸਤੀ ਹੇਠ ' ਭਾਈ ਬੁੱਧੂ ਸ਼ਾਹ ਕਮਿਊਨਟੀ ਹਾਲ' ਮਾਡਰਨ ਸਿਟੀ ਨਾਭਾ ਵਿਖੇ ਹੋਈ । ਮੀਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਓ.ਬੀ.ਸੀ. ਫੈਡਰੇਸ਼ਨ ਪੰਜਾਬ ਦੇ ਪ੍ਰਧਾਨ ਸ. ਬਲਵਿੰਦਰ ਸਿੰਘ ਮੁਲਤਾਨੀ ਅਤੇ ਸ. ਗੁਰਮੇਲ ਸਿੰਘ ਲੀਗਲ ਐਡਵਾਈਜ਼ਰ ਦੇ ਹੱਥੋਂ ਕਮਿਊਨਟੀ ਹਾਲ ਦੇ ਅੱਗੇ ਬੂਟੇ ਲਗਵਾ ਕੇ ਕੀਤੀ ਗਈ । ਮੀਟੰਗ ਵਿੱਚ ਬੀ.ਸੀ./ ਓ.ਬੀ.ਸੀ. ਵਰਗ ਨੂੰ ਜਾਤੀ ਸਰਟੀਫਿਕੇਟ ਬਨਵਾਉਣ ਲਈ ਆਉਂਦੀਆਂ ਔਕੜਾਂ ਅਤੇ ਨੌਕਰੀਆਂ ਵਿੱਚ ਪੂਰਾ ਕੋਟਾ ਨਾ ਮਿਲਣ ਬਾਰੇ ਵੱਖ-ਵੱਖ ਬੁਲਾਰਿਆਂ ਨੇ ਚਾਨਣਾ ਪਾਇਆ ।ਸ੍ਰੀ ਸੋਮ ਨਾਥ ਨੇ ਮੰਚ ਦੀ ਕਾਰਵਾਈ ਸੁੱਚਜੇ ਢੰਗ ਨਾਲ ਚਲਾਉਂਦਿਆਂ ਨਾਲੋ ਨਾਲ ਜਾਤੀ ਸਰਟੀਫਿਕੇਟ ਬਨਵਾਉਣ ਲਈ ਆਉਂਦੀਆਂ ਦਿੱਕਤਾਂ ਨੂੰ ਸਰਵਿਸ ਟੂ ਰਾਈਟ ਐਕਟ ਅਧੀਨ ਉੱਚ ਅਧਿਕਾਰੀਆਂ ਨੂੰ ਅਪੀਲ ਕਰਕੇ ਹੱਲ ਕਰਵਾਉਣ ਦਾ ਆਪਣਾ ਨਿੱਜੀ ਤਜ਼ਰਬਾ ਸਾਂਝਾ ਕੀਤਾ ਕਿਉਂ ਕਿ ਅੱਠ ਲੱਖ ਦੀ ਸਰਤ ਵਾਲੇ ਪੱਤਰ 'ਚ ਮੁਲਾਜ਼ਮਾਂ ਦੀ ਸੈਲਰੀ ਜਾਂ ਖੇਤੀਬਾੜੀ ਤੋਂ ਆਮਦਨ ਨੂੰ ਨਹੀਂ ਜੋੜਿਆ ਜਾਣਾ ,ਇਸ ਲਈ ਬਹੁਤੇ ਇਸ ਨਾਲ ਸਬੰਧਤ ਲੋਕਾਂ ਨੂੰ ਸਹੀ ਜਾਣਕਾਰੀ ਨਹੀਂ ਜਿਸ ਕਰਕੇ ਉਹ ਆਪਣਾ ਜਾਤੀ ਸਰਟੀਫਿਕੇਟ ਨਹੀਂ ਬਣਾ ਪਾਉਂਦੇ ।ਇਸੇ ਤਰ੍ਹਾਂ ਉਨ੍ਹਾਂ ਦਾਖਲਿਆਂ ਅਤੇ ਨੌਕਰੀਆਂ 'ਚ ਬਣਦੀ ਰਿਜ਼ਰਵੇਸ਼ਨ ਬਾਰੇ



ਚਾਨਣਾ ਪਾਇਆ , ਜੋ ਕਿ ਅਫਸਰਸਾਹੀ ਦੇ ਬੀ.ਸੀ. ਵਿਰੋਧੀ ਵਤੀਰੇ ਕਾਰਨ ਅਕਸਰ ਰਿੱਟਾਂ ਦੇ ਚੱਕਰ 'ਚ ਇਸ ਵਰਗ ਨੂੰ ਪਾ ਰੱਖਦੇ ਹਨ ।ਇਸ ਸਬੰਧ ਵਿੱਚ ਸ੍ਰੀ ਬਿਕਰਮਜੀਤ ਸਿੰਘ ਆਲੋਹਰਾਂ ਨੇ ਆਪਣੇ ਨਿੱਜੀ ਤਜ਼ਰਬੇ ਨੂੰ ਸਾਂਝੇ ਕਰਦਿਆਂ ਨੌਕਰੀ ਲੈਣ ਲਈ ਆਈਆਂ ਦਿੱਕਤਾਂ ਦੀ ਵਿਸਥਾਰ ਨਾਲ ਚਰਚਾ ਕੀਤੀ ।ਸ੍ਰੀ ਵੇਦ ਚੰਦ ਮੰਡੋਰ ਪਹਿਲਾਂ ਹੀ ਇਸ ਵਰਗ ਦੇ ਉਥਾਨ ਦੀ ਗੱਲ ਕੇਂਦਰ ਦੇ ਨੇਤਾਵਾਂ ਤੱਕ ਪਹੁੰਚਾਉਂਦੇ ਰਹੇ ਹਨ । ਉਨ੍ਹਾਂ ਫੈਡਰੇਸ਼ਨ ਨੂੰ ਪੂਰਾ ਸਹਿਯੋਗ ਦੇਣ ਦੀ ਗੱਲ ਕਹੀ ।ਸ. ਰਣਜੀਤ ਸਿੰਘ (ਪ੍ਰਿੰਸੀਪਲ) ਧੂਰੀ ਨੇ ਵੀ ਇਸ ਵਰਗ ਦੀਆਂ ਵੱਖ-ਵੱਖ ਬਰਾਦਰੀਆਂ ਨੂੰ ਸੰਗਠਨ ਹੋ ਕੇ ਆਪਣੀ ਸ਼ਕਤੀ ਦਾ ਇਜ਼ਹਾਰ ਕਰਕੇ ਸਰਕਾਰ ਉੱਪਰ ਦਬਾਅ ਬਣਾ ਕੇ ਆਪਣੇ ਹੱਕਾਂ ਦੀ ਪ੍ਰਾਪਤੀ ਕਰਨ ਲਈ ਯਤਨ ਕਰਨਾ ਪਵੇਗਾ ।ਸ੍ਰੀ ਬਲਜਿੰਦਰ ਸਿੰਘ ਚਹਿਲ ਨੇ ਵੀ ਇਸ ਵਰਗ ਨੂੰ ਆਪਣੇ ਹੱਕ ਦਿਵਾਉਣ



ਲਈ ਆਪਣੇ ਵਿਚਾਰ ਸਾਂਝੇ ਕੀਤੇ ।ਮੇਜਰ ਸਿੰਘ ਨਾਭਾ ਨੇ ਨੋਕਰੀਆਂ ਲਈ ਫੀਸਾਂ 'ਚ ਬੀ.ਸੀ.ਵਰਗ ਨੂੰ ਐਸ.ਸੀ. ਵਰਗ ਵਾਂਗ ਛੋਟ ਦੇਣ ਦੀ ਮੰਗ ਕੀਤੀ । ਫੈਡਰੇਸ਼ਨ ਦੇ ਮੈਂਬਰਾਂ ਨੇ ਰਾਸ਼ਟਰਪਤੀ ਵਲੋਂ 2018 'ਚ ਪਾਸ ਕੀਤੇ ਓ.ਬੀ.ਸੀ. ਵਰਗ ਲਈ ਕਾਨੂੰਨ ਨੂੰ ਲਾਗੂ ਕਰਵਾਉਣ ਲਈ ਰਿੱਟ ਦਾਇਰ ਕਰਨ ਦਾ ਫੈਸਲਾ ਕੀਤਾ।ਇਸ ਬਾਰੇ ਵਿਸਥਾਰ ਨਾਲ ਸ. ਗੁਰਮੇਲ ਸਿੰਘ ਨੇ ਚਾਨਣਾ ਪਾਇਆ ।ਓ.ਬੀ.ਸੀ. ਫੈਡਰੇਸ਼ਨ ਪੰਜਾਬ ਦੇ ਪ੍ਰਧਾਨ ਸ. ਬਲਵਿੰਦਰ ਸਿੰਘ ਮੁਲਤਾਨੀ ਨੇ ਫੇਡਰੇਸ਼ਨ ਦੀ ਅਗਲੀ ਰਣਨੀਤੀ ਬਾਰ ਚਾਨਣਾ ਪਾਇਆ ।ਉਨ੍ਹਾਂ ਵਲੋਂ ਪਿੰਡ ਅਤੇ ਸ਼ਹਿਰਾਂ 'ਚ ਵਾਰਡ ਪੱਧਰ ਤੇ ਬੀ.ਸੀ. ਵਰਗ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਫੈਡਰੇਸ਼ਨ ਵਲੋਂ ਇਕਾਈਆਂ ਸਥਾਪਤ ਕਰਨ ਦਾ ਸੁਝਾਉ ਦਿੱਤਾ ਗਿਆ।

ਮੀਟਿੰਗ ਵਿੱਚ ਪਰਜਾਪਤ ਸਮਾਜ 'ਚੋਂ ਸ. ਸੋਹਣ ਸਿੰਘ ਬਲੱਗਣ ਸਮਰਾਲਾ, ਸ੍ਰੀ ਸਤਵੰਤ ਸਿੰਘ ਨਾਭਾ , ਸ੍ਰੀ ਬਿਕਰਮਜੀਤ ਸਿੰਘ ਆਲੋਹਰਾਂ, ਸ. ਰਣਜੀਤ ਸਿੰਘ ਧੂਰੀ, ਸ੍ਰੀ ਸਥਾਨਕ ਲੀਡਰ ਰਾਮਗੜ੍ਹੀਆ ਬਰਾਦਰੀ ਦੀ ਤਰਫੋਂ ਸ. ਦਰਸ਼ਨ ਸਿੰਘ ਐਮ.ਸੀ., ਸ. ਮਹਿੰਦਰ ਸਿੰਘ, ਸ. ਜੋਰਾ ਸਿੰਘ ਕੌਲ , ਸ. ਭਗਵੰਤ ਸਿੰਘ ਭਾਦਸੋਂ, ਸ. ਰਣਜੀਤ ਸਿੰਘ (ਪ੍ਰਿੰਸੀਪਲ) ਧੂਰੀ , ਸ੍ਰੀ ਬਲਜਿੰਦਰ ਸਿੰਘ ਚਹਿਲ, ਨਾਈ ਬਰਾਦਰੀ ਤਰਫੋਂ ਸ. ਹਰਨੇਕ ਸਿੰਘ, ਸ. ਮਨਜੀਤ ਸਿੰਘ ਰਿਟਾ: ਫਾਇਰ ਬ੍ਰਿਗੇਡ ਅਫਸਰ ਅਤੇ ਛੀਂਬਾ ਬਰਾਦਰੀ 'ਚੋਂ ਸ. ਜਸਪਾਲ ਸਿੰਘ , ਮਾਸਟਰ ਦਰਸ਼ਨ ਸਿੰਘ ਜੱਸਲ ,ਸ. ਰਣਜੀਤ ਸਿੰਘ, ਸ. ਕੇਹਰ ਸਿੰਘ, ਸ. ਗੁਰਜੰਟ ਸਿੰਘ, ਸ. ਜਗਜੀਤ ਸਿੰਘ ਖਾਲਸਾ, ਮਾਸਟਰ ਮੇਜਰ ਸਿੰਘ ਅਤੇ ਮਹਿਰਾ ਬਰਾਦਰੀ 'ਚੋਂ ਸ. ਜਸਪਾਲ ਸਿੰਘ ਸਾਮਲ ਹੋਏ। ਪੰਜਾਬ ਫੈਡਰੇਸ਼ਨ ਦੇ ਆਏ ਨੇਤਾਵਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ ਗਿਆ ਅਤੇ ਅੰਤ 'ਚ ਸ੍ਰੀ ਸਤਵੰਤ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਇਹ ਸਾਰਾ ਉਪਰਾਲਾ ਸ. ਬਲਜੀਤ ਸਿੰਘ ਮੱਖਣ ਦੀ ਸਰਪ੍ਰਸਤੀ ਹੇਠ ਬੜੇ ਸੁੱਚਜੇ ਢੰਗ ਨਾਲ ਕਰਵਾਈ ਮੀਟਿੰਗ ਤੋਂ ਇੱਕ ਸੈਮੀਨਾਰ ਦੇ ਰੂਪ ਵਿੱਚ ਹੀ ਬਦਲ ਗਿਆ ਜਿਸ 'ਚ ਸਾਰੇ ਮੈਂਬਰਾਂ ਨੂੰ ਬੋਲਣ / ਚਰਚਾ ਕਰਨ ਦਾ ਮੌਕਾ ਦਿੱਤਾ ਗਿਆ। **– ਮੇਜਰ ਸਿੰਘ ਨਾਭਾ**

# ਮੋਗਾ ਦੇ ਸਿੱਖ ਵਿਗਿਆਨੀ ਦੇ ਨਾਂ 'ਤੇ ਡਾਕ ਟਿਕਟ ਜਾਰੀ

**ਨਿਹਾਲ ਸਿੰਘ ਵਾਲਾ–** ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) 'ਚ ਤਾਇਨਾਤ ਮੋਗਾ ਦੇ ਰਾਕੇਟ ਵਿਗਿਆਨੀ ਹਰਜੀਤ ਸਿੰਘ ਦੇ ਨਾਂ 'ਤੇ ਭਾਰਤ ਸਰਕਾਰ ਨੇ ਡਾਕ ਟਿਕਟ ਜਾਰੀ ਕੀਤਾ ਹੈ।

ਇਹ ਡਾਕ ਟਿਕਟ ਇਸਰੋ ਨੇ ਸਰਕਾਰ ਕੋਲੋਂ ਜਾਰੀ ਕਰਵਾਇਆ ਹੈ। ਜ਼ਿਕਰਯੋਗ ਹੈ ਕਿ ਹਰਜੀਤ ਸਿੰਘ ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਵਿੱਚ ਸਾਲ 2007 ਤੋਂ ਬਤੌਰ ਰਾਕੇਟ ਵਿਗਿਆਨੀ ਖੋਜ ਕਾਰਜ ਕਰ ਰਿਹਾ ਹੈ। ਇਸਰੋ ਨੇ ਉਸ ਨੂੰ ਸਾਲ 2017 ਵਿੱਚ 'ਟੀਮ ਐਕਸੀਲੈਂਸ' ਐਵਾਰਡ ਦਿੱਤਾ ਸੀ। ਇਸ ਤੋਂ ਇਲਾਵਾ ਵਿਗਿਆਨ ਦੇ ਖੇਤਰ ਵਿੱਚ ਅਹਿਮ ਪ੍ਰਾਪਤੀਆਂ ਬਦਲੇ 2018 ਦਾ 'ਯੰਗ ਸਾਇੰਟਿਸਟ' ਐਵਾਰਡ ਵੀ ਉਸ ਦੀ ਝੋਲੀ ਪਿਆ ਸੀ। ਹੁਣ ਹਰਜੀਤ ਸਿੰਘ ਦੀ ਫੋਟੋ ਵਾਲਾ ਪੰਜ ਰੁਪਏ ਵਾਲਾ ਡਾਕ ਟਿਕਟ ਜਾਰੀ ਕੀਤਾ ਗਿਆ ਹੈ। ਇਸ ਸਨਮਾਨ ਨੂੰ ਪ੍ਰਾਪਤ ਕਰਨ ਪਿੱਛੋਂ ਹਰਜੀਤ ਸਿੰਘ ਨੇ ਦੱਸਿਆ ਕਿ ਉਹ ਸਨਮਾਨ ਮਿਲਣ ਤੋਂ ਬਾਅਦ ਹੋਰ ਮਿਹਨਤ ਕਰੇਗਾ। ਹਰਜੀਤ ਸਿੰਘ ਦੇ ਪਿਤਾ ਸੁਰਿੰਦਰ ਸਿੰਘ ਮੀਨੀਆਂ ਤੇ ਮਾਤਾ ਗੁਰਸ਼ਰਨ ਕੌਰ ਨੇ ਆਪਣੇ ਲੜਕੇ ਦੀ ਪ੍ਰਾਪਤੀ 'ਤੇ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਉਹ ਵਿਗਿਆਨ ਦੇ ਖੇਤਰ ਵਿੱਚ ਹੋਰ ਮੱਲਾਂ ਮਾਰੇਗਾ।






# ਦੇਵ ਸੁੰਮਨ ਦਾ ਬੁੱਧ ਵਿਹਾਰ ਸੋਫੀ ਪਿੰਡ ਪਹੁੰਚਣ ਤੇ ਨਿੱਘਾ ਸਵਾਗਤ







**ਜਲੰਧਰ–** ਡਾ. ਅੰਬੇਡਕਰ ਮੈਮੋਰੀਅਲ ਕਮੇਟੀ ਵੁਲਵਰਹੈਂਪਟਨ ਇੰਗਲੈਂਡ ਦੇ ਸਾਬਕਾ ਪ੍ਰਧਾਨ ਸ੍ਰੀ ਦੇਵ ਸੁੰਮਨ ਦਾ ਬੁੱਧ ਵਿਹਾਰ ਸੋਫੀ ਪਿੰਡ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਸ੍ਰੀ ਦੇਵ ਸੁੰਮਨ ਨੇ ਬੁੱਧ ਵਿਹਾਰ ਵਿਚ ਚੱਲ ਰਹੀ ਮੁਫਤ ਡਿਸਪੈਂਸਰੀ ਅਤੇ ਡਾ. ਅੰਬੇਡਕਰ ਲਾਇਬ੍ਰੇਰੀ ਨੂੰ ਦੇਖ ਕੇ ਬਹੁਤ ਖੁਸ਼ੀ ਪ੍ਰਗਟ ਕੀਤੀ। ਉਹਨਾਂ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਥਾਪਤ ਘੱਟ ਗਿਣਤੀ ਕਮਿਸ਼ਨ ਵਿਚ ਬੁੱਧ ਧਰਮ ਦਾ ਨੁਮਾਇੰਦਾ ਵੀ ਨਾਮਜਦ ਕਰਨਾ ਚਾਹੀਦਾ ਹੈ। ਉਹਨਾਂ ਇਹ ਵੀ ਕਿਹਾ ਕਿ ਭਾਰਤ ਵਿਚ ਧਾਰਮਿਕ ਘੱਟ ਗਿਣਤੀ ਕੌਮਾਂ ਦੇ ਹਿੱਤਾਂ ਦੀ ਰਖਵਾਲੀ ਕਰਨਾ ਸਰਕਾਰਾਂ ਦੀ ਸੰਵਿਧਾਨਕ ਡਿਊਟੀ ਹੈ। ਬੁੱਧ ਵਿਹਾਰ ਟਰੱਸਟ (ਰਜਿ.) ਸੋਫੀ ਪਿੰਡ ਦੇ ਪ੍ਰਧਾਨ ਸ੍ਰੀ ਰੂਪ ਲਾਲ ਨੰਬਰਦਾਰ, ਐਡਵੋਕੇਟ ਸ੍ਰੀ ਹਰਭਜਨ ਦਾਸ ਸਾਂਪਲਾ ਸਕੱਤਰ, ਲੈਂਮਬਰ ਰਾਮ, ਚਮਨ ਦਾਸ ਸਾਂਪਲਾ, ਲਾਲ ਚੰਦ, ਮਾਸਟਰ ਰਾਮ ਲਾਲ, ਗੌਤਮ ਸਾਂਪਲਾ, ਸ੍ਰੀਮਤੀ ਸ਼ਕੁੰਤਲਾ, ਸਿਮਰੋ, ਮਨਜੀਤ ਕੌਰ, ਸੋਫੀਆ ਅਤੇ ਹੋਰ ਸ਼ਰਧ-ਾਲੂਆਂ ਨੇ ਮਿਲ ਕੇ ਸ੍ਰੀ ਦੇਵ ਸੁੰਮਨ ਨੂੰ ਪੰਚਸ਼ੀਲ ਦਾ ਸਿਰੋਪਾ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਭਿਖਸ਼ੂ ਧੰਮ ਨਾਗ ਨੇ ਪ੍ਰਵਚਨ ਕੀਤੇ ਅਤੇ ਸੰਗਤਾਂ ਨੂੰ ਨਿਹਾਲ ਕੀਤਾ।



# ਮਹਾਂਰਿਸ਼ੀ ਬਾਲਮੀਕਿ ਅਤੇ ਗੁਰੂ ਰਵਿਦਾਸ ਯੂਥ ਏਕਤਾ ਕਲੱਬ ਵਲੋਂ ਸੰਤੋਖਗੜ੍ਹ ਵਿੱਚ ਨੌਜਵਾਨਾਂ ਲਈ ਸਮਾਜਿਕ ਜਾਗਰੂਕਤਾ ਕੈਂਪ ਲਗਾਇਆ ਗਿਆ

ਮਹਾਂਰਿਸ਼ੀ ਬਾਲਮੀਕਿ ਅਤੇ ਗੁਰੂ ਰਵਿਦਾਸ ਯੂਥ ਏਕਤਾ ਕਲੱਬ ਵਲੋਂ ਸੰਤੋਖਗੜ੍ਹ ਵਿੱਚ ਨੌਜਵਾਨਾਂ ਲਈ ਸਮਾਜਿਕ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਸਮਾਜਿਕਅਤੇ ਦਲਿਤ ਸਮੱਸਿਆਵਾਂ ਸਬੰਧੀ ਕੰਮ ਕਰ ਰਹੇ ਮਿਸ਼ਨ ਪੇਅਬੈਕ ਟ ਸੋਸਾਇਟੀ ਦੇ ਕਨਵੀਨਰ ਕੁਲਦੀਪ ਚੰਦ ਦੋਭੇਟਾ ਵਿਸ਼ੇਸ਼ ਰੂਪ ਵਿੱਚ ਪਹੁੰਚੇ। ਇਸ ਮੌਕੇ ਉਨ੍ਹਾਂ ਨੇ ਹਾਜਰ ਨੋਜਵਾਨਾਂ ਨੂੰ ਸਿੱਖਿਆ ਦੇ ਮਹੱਤਵ ਬਾਰੇ ਵਿਸਥਾਰ ਵਿੱਚ ਦੱਸਿਆ ਅਤੇ ਸਰਕਾਰਾਂ ਵਲੋਂ ਸਿੱਖਿਆ ਦੇ ਫੈਲਾਅ ਲਈ ਕੀਤੇ ਗਏ ਕੰਮਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਵਿੱਦਿਆ ਨੂੰ ਮਨੁੱਖ ਦਾ ਤੀਜਾ ਨੇਤਰ ਮੰਨਿਆਂ ਜਾਂਦਾ ਹੈ। ਹਰੇਕ ਸਰਕਾਰ ਵਲੋਂ ਅਪਣੇ ਲੋਕਾਂ ਨੂੰ ਚੰਗੇ ਪੱਧਰ ਦੀ ਸਿੱਖਿਆ ਪ੍ਰਦਾਨਕਰਨ ਲਈ ਨਿੱਤ ਨਵੀਂਆਂ ਨੀਤੀਆਂ ਬਣਾਈਆਂ ਜਾਂਦੀਆ ਹਨ। ਭਾਰਤ ਵਿੱਚ ਵੀ ਅਜਾਦੀ ਦੇ 6 ਦਹਾਕੇ ਬੀਤਣ ਬਾਦ ਹਰ ਬੱਚੇ ਨੂੰ ਮੁਫਲੀ ਸਿਖਿਆ ਪ੍ਰਦਾਨ ਕਰਨ ਲਈ ਗੰਭੀਰਤਾ ਨਾਲ ਸੋਚਿਆ ਗਿਆ ਹੈ। ਸਿੱਖਿਆ ਦਾ ਮੋਲਿਕ ਅਧਿਕਾਰ 04 ਅਗੱਸਤ 2009 ਨੂੰ ਪਾਸ ਕੀਤਾ ਗਿਆ ਹੈ ਅਤੇ ਦੇਸ਼ ਵਿੱਚ ਲਾਗੂ ਕੀਤਾ ਗਿਆ ਹੈ। ਇਹ ਐਕਟਲਾਗੂ ਹੋਣ ਤੋਂ ਬਾਦਭਾਰਤ ਦੁਨੀਆਂ ਦੇ 135 ਦੇਸ਼ਾਂ ਵਿੱਚ ਸ਼ਾਮਿਲ ਹੋ ਗਿਆ ਹੈ। ਇਸ ਕਨੂੰਨ ਅਨੁਸਾਰ 6 ਤੋਂ 14 ਸਾਲ ਤੱਕ ਦੇ ਹਰੇਕ ਬੱਚੇ ਤੱਕ ਮੁੱਫਲੀ ਸਿੱਖਿਆ ਪਹੁੰਚਾਣਾ ਜਰੂਰੀ ਕੀਤਾ ਗਿਆ ਹੈ। ਪ੍ਰਾਈਵੇਟ ਸਕੂਲਾਂ ਵਿੱਚ ਸੁਵਿਧਾ ਰਹਿਤ ਅਤੇ ਕਮਜ਼ੋਰ ਵਰਗ ਦੇ 25 ਪ੍ਰਤੀਸ਼ਤ ਬੱਚਿਆਂ ਨੂੰ ਦਾਖਲਾ ਦਿੱਤਾ ਜਾਵੇਗਾ। ਸੁਵਿਧਾ ਰਹਿਤ ਵਰਗ ਵਿੱਚ ਅਨੁਸੂਚਿਤ ਜਾਤੀ ਅਤੇ ਦੂਸਰੀਆਂ ਪਛੜੀਆਂ ਸ਼੍ਰੇਣੀਆਂ ਸ਼ਾਮਿਲ ਹੋਣਗੀਆਂ। ਹੋਰ ਪਛੜੀਆਂ ਸ਼੍ਰੇਣੀਆਂ ਦੇ ਪਰਿਵਾਰਾਂ ਦੇ ਬੱਚਿਆਂ ਲਈ ਕ੍ਰੀਮੀ ਲੇਅਰ ਦੀ ਸਰਕਾਰ ਵੱਲੋਂ ਨਿਰਧਾਰਤ ਸ਼ਰਤ ਲਾਗੂ ਹੋਵੇਗੀ। ਅਨੁਸੂਚਿਤ ਜਾਤੀ ਦੇ ਬੱਚਿਆਂ ਲਈ ਇਸ ਤਰ੍ਹਾਂ ਦੀ



ਕੋਈ ਆਮਦਨ ਸੀਮਾ ਨਹੀਂ ਹੋਵੇਗੀ। ਸੁਵਿਧਾ ਰਹਿਤ ਵਰਗ ਅਤੇ ਕਮਜ਼ੋਰ ਵਰਗ ਲਈ ਕੁੱਲ ਸੀਟਾਂ ਦੇ 50:50 ਦੇ ਅਨੁਪਾਤ ਨਾਲ ਦਾਖਲ ਕੀਤੇ ਜਾਣਗੇ। ਜੰਗੀ ਵਿਧਵਾਵਾਂ ਅਤੇ ਅਪਾਹਿਜ ਮਾਂ ਪਿਓ ਦੇ ਬੱਚਿਆਂ ਲਈ ਆਪਣੇ-ਆਪਣੇ ਵਰਗਾਂ ਵਿੱਚ 2.5 ਪ੍ਰਤੀਸ਼ਤ ਸੀਟਾਂ ਰਾਖਵੀਆਂ ਹੋਣਗੀਆਂ। ਪ੍ਰਾਇਵੇਟ ਸਕੂਲਾਂ ਨੂੰ ਸੁਵਿਧਾ ਰਹਿਤ ਅਤੇ ਕਮਜ਼ੋਰ ਵਰਗ ਦੇ ਬੱਚਿਆਂ ਦੀ ਫੀਸਦੀ ਅਦਾਇਗੀ ਕੇਂਦਰ ਸਰਕਾਰ ਵੱਲੋਂ ਕੀਤੀ ਜਾਵੇਗੀ। ਉਨ੍ਹਾਂ ਨੇ ਹਾਇਰ ਸਿੱਖਿਆ ਲਈ ਚੱਲ ਰਹੀ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਬਾਰੇ ਵਿਸਥਾਰ ਵਿੱਚ ਦੱਸਿਆ ਕਿ ਅਨੁਸੂਚਿਤ ਜਾਤਾਂ/ਜਨਜਾਤੀਆਂ ਦੇ ਬੱਚਿਆਂ ਦੀ ਦਸਵੀਂ ਤੋਂ ਅਗਲੇਰੀ ਪੜਾਈ ਲਈ ਸਰਕਾਰ ਵਲੋਂ ਇਹ ਯੋਜਨਾ ਚਲਾਈ ਜਾ ਰਹੀ ਹੈ ਜਿਸ ਅਧੀਨ ਹਰ ਯੋਗ ਵਿਦਿਆਰਥੀ ਨੂੰ ਚਾਹੇ ਉਹ ਸਰਕਾਰੀ ਅਦਾਰੇ ਵਿੱਚ ਪੜ੍ਹਦਾ ਹੈ ਜਾਂ ਪ੍ਰਾਇਵੇਟ ਅਦਾਰੇ ਵਿੱਚ ਉਸਦੀ ਪੜ੍ਹਾਈ ਲਈ ਆਰਥਿਕ ਸਹਾਇਤਾ ਮਿਲਦੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵਲੋਂ ਹਾਇਰ ਸਿੱਖਿਆ ਲਈ ਵਿਦੇਸ਼ਾਂ ਵਿੱਚ ਪੜ੍ਹਣ ਵਾਲੇ ਵਿਦਿਆਰਥੀਆਂ ਨੂੰ ਵੀ ਆਰਥਿਕ ਸਹਾਇਤਾ ਮਿਲਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਇਨ੍ਹਾਂ ਯੋਜਨਾਵਾਂ ਦਾ ਲਾਭ ਜਰੂਰਤਮੰਦ ਲੋਕਾਂ ਤੱਕ ਪਹੁੰਚਾਣ ਲਈ ਸਾਨੂੰ ਸਭ ਨੂੰ ਮਿਲਕੇ ਕੰਮ ਕਰਨਾ ਪਵੇਗਾ।

ਇਸ ਕੈਂਪ ਵਿੱਚ ਮਹਾਂਰਿਸ਼ੀ ਬਾਲਮੀਕਿ ਅਤੇ ਗੁਰੂ ਰਵਿਦਾਸ ਯੂਥ ਏਕਤਾ ਕਲੱਬ ਦੇ ਸੰਸਥਾਪਕ ਆਗੂ ਅਮਿਤ ਦੋਧੀ, ਅੱਛਰ ਸਿੰਘ, ਗੁਰੂ ਰਵਿਦਾਸ ਧਾਰਮਿਕ ਸਭਾ ਸੰਤੋਖਗੜ੍ਹ ਦੇ ਜਨਰਲ ਸਕੱਤਰ ਬਲਰਾਮ ਮਹੇ, ਸਾਬਕਾ ਪ੍ਰਿੰਸੀਪਲ ਰਾਮ ਸਿੰਘ ਸੁਕਲਾ ਨੇ ਵੀ ਅਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਅਤੇ ਇਨ੍ਹਾਂ ਨੇ ਭਰੋਸਾ ਦਿਤਾ ਕਿ ਉਹ ਵੱਖ ਵੱਖ ਇਲਾਕਿਆਂ ਵਿੱਚ ਕੈਂਪਾਂ ਦਾ ਆਯੋਜਨ ਕਰਕੇ ਇਹ ਵੱਡਮੁੱਲੀ ਜਾਣਕਾਰੀ ਜਰੂਰਤਮੰਦ ਲੋਕਾਂ ਤੱਕ ਪਹੁੰਚਾਣ ਲਈ ਹਰ ਸੰਭਬ ਕੋਸ਼ਿਸ ਕਰਨਗੇ। ਇਸ ਕੈਂਪ ਵਿੱਚ ਨਵਬੈਂਸ, ਗੁਰੂ ਰਵਿਦਾਸ ਧਾਰਮਿਕ ਸਭਾ ਸੰਤੋਖਗੜ੍ਹ ਦੇ ਸਿਨੀਅਰ ਉਪ ਪ੍ਰਧਾਨ ਕਸ਼ਮੀਰੀ ਲਾਲ ਸਿੰਘਾ, ਉਪ ਪ੍ਰਧਾਨ ਅਮਰਜੀਤ ਸਿੰਘ ਸਿੰਘਾ, ਜਨਰਲ ਸਕੱਤਰ ਬਲਰਾਮ ਮਹੇ, ਸੁਲਿੰਦਰ ਸਿੰਘ, ਸਾਗਰ, ਰਵੀ ਸਿੰਘਾ, ਤਵੀਨ, ਬੰਟੀ, ਜੋਤਿ, ਸਾਗਰ ਸਹਿਗਲ, ਰਵੀ ਸਿੰਘਾ, ਪ੍ਰਿੰਸ ਪੋਹੇਸ਼, ਤਵੀਨ ਪੋਹੇਸ਼, ਚੰਦਨ ਸਹਿਗਲ, ਹੈਪੀ ਸਹਿਗਲ, ਸਨੀ ਸਹਿਗਲ, ਸੁਮੀ ਸਹਿਗਲ, ਅਮਨ ਮਹੇ, ਆਸ਼ੂ ਮਹਿ, ਦੀਪੂ ਬਸੀ, ਅਮਿਤ, ਬੰਟੀ, ਸੰਦੀਪ ਸਹਿਗਲ, ਅਜੈ ਸਹਿਗਲ, ਰਾਹੁਲ ਸਹਿਗਲ, ਬਬਲੂ ਮਹੇ, ਮਨੀਸ਼ ਬੰਗੜ, ਜੱਸੀ, ਸਾਜਨ ਸਹਿਗਲ, ਨਵੀਨ ਮਹੇ, ਆਦਿ ਹਾਜਰ ਸਨ।

# ਰੋਟਰੀ ਕਲੱਬ ਭਾਖੜ੍ਹਾ ਨੰਗਲ ਅਤੇ ਰੋਟ੍ਰੈਕਟ ਕਲੱਬ ਭਾਖੜ੍ਹਾ ਨੰਗਲ ਦਾ ਤਾਜਪੋਸ਼ੀ ਸਮਾਰੋਹ ਹੋਇਆ

ਰੋਟਰੀ ਕਲੱਬ ਭਾਖੜ੍ਹਾ ਨੰਗਲ ਦਾ ਤਾਜਪੋਸ਼ੀ ਸਮਾਰੋਹ ਕਰਵਾਇਆ ਗਿਆ। ਇਸ ਸਮਾਗਮ ਵਿੱਚ ਸ਼੍ਰੀ ਅਨੰਦਪੁਰ ਸਾਹਿਬ ਦੇ ਲੋਕ ਸਭਾ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਮੁਨੀਸ਼ ਤਿਵਾੜੀ ਮੁੱਖ ਮਹਿਮਾਨ ਵਜੋਂ ਪਹੁੰਚੇ। ਇਸ ਤਾਜਪੋਸ਼ੀ ਸਮਾਰੋਹ ਵਿੱਚ ਸਮਾਰੋਹ ਦੀ ਸ਼ੁਰਆਤ ਆਏ ਮਹਿਮਾਨਾਂ ਨੇ ਜੋਤੀ ਜਲਾਕੇ ਕੀਤੀ।

ਇਸ ਮੌਕੇ ਕਲੱਬ ਆਗੂਆਂ ਨੇ ਕਲੱਬ ਵਲੋਂ ਕਰਵਾਏ ਗਏ ਸਮਾਜਿਕ ਸੇਵਾ ਦੇ ਕੰਮਾਂ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ। ਉਨ੍ਹਾਂ ਦੱਸਿਆ ਕਿ ਕਲੱਬ ਵਲੋਂ ਹਰ ਸਾਲ ਦੀ ਤਰਾਂ ਵਾਤਾਵਰਣ ਨੂੰ ਬਚਾਉਣ ਲਈ ਬੂਟੇ ਲਗਾਏ ਗਏ ਹਨ, ਮੈਡੀਕਲ ਕੈਂਪ ਲਗਾਏ ਜਾ ਰਹੇ ਹਨ, ਸਵੱਛ ਭਾਰਤ ਮੁਹਿੰਮ ਅਧੀਨ ਕੰਮ ਕੀਤਾ ਜਾ ਰਿਹਾ ਹੈ, ਰਾਸ਼ਟਰੀ ਨਿਰਮਾਤਾ ਮੁਹਿੰਮ ਅਧੀਨ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਭਾਰਤ ਨੂੰ ਪੋਲੀਓ ਮੁਕੱਤ ਬਣਾਉਣ ਵਿੱਚ ਰੋਟਰੀ ਨੇ ਅਹਿਮ ਭੂਮਿਕਾ ਨਿਭਾਈ ਹੈ ਅਤੇ ਹੁਣ ਰੋਟਰੀ ਕਲੱਬ ਨੇ ਭਾਰਤ ਨੂੰ 100 ਫੀਸਦੀ ਸਾਖਰ ਬਣਾਉਣ ਲਈ ਮੁਹਿੰਮ ਸ਼ੁਰੂ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਉਤਰਾਖੰਡ ਵਿੱਚ ਆਏ ਹੜ੍ਹਾਂ ਤੋਂ ਬਾਦ ਰੋਟਰੀ ਕਲੱਬ ਨੇ ਉੱਥੇ ਸਕੂਲ, ਮਕਾਨ ਆਦਿ ਬਣ-ਾਉਣ ਲਈ ਵਿਸੇਸ਼ ਤੋਰ ਤੇ ਕੰਮ ਕੀਤਾ ਹੈ। ਮੁੱਖ ਮਹਿਮਾਨ ਲੋਕ




ਸਭਾ ਮੈਂਬਰ ਮੁਨੀਸ਼ ਤਿਵਾੜੀ ਨੇ ਰੋਟਰੀ ਕਲੱਬ ਵਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕੰਮਾ ਦੀ ਸਲਾਹਣਾ ਕਰਦਿਆਂ ਕਿਹਾ ਕਿ ਸਮਾਜਿਕ ਜਥੇਵੰਦੀਆਂ ਸਰਕਾਰਾਂ ਦਾ ਹੀ ਕੰਮ ਕਰ ਰਹੀਆਂ ਹਨ ਅਤੇ ਦੇਸ਼ ਅਤੇ ਸਮਾਜ ਦੇ ਵਿਕਾਸ ਲਈ ਸਮਾਜ ਦੇ ਪੱਛੜੇ ਵਰਗ ਦੇ ਲੋਕਾਂ ਲਈ ਕੰਮ ਕੀਤਾ ਹੈ। ਇਸ ਮੌਕੇ ਮੁੱਖ ਮਹਿਮਾਨ ਵਲੋਂ ਇਸ ਸਾਲ ਲਈ ਰੋਟਰੀ ਕਲੱਬ ਭਾਖੜਾ ਨੰਗਲ ਦੇ ਨਵੇਂ ਬਣੇ ਪ੍ਰਧਾਨ ਅਮ੍ਰਿਥਲਿੰਗਮ ਅਤੇ ਰੋਟ੍ਰੈਕਟ ਕਲੱਬ ਦੀ ਪ੍ਰਧਾਨ ਆਰਤੀ ਸ਼ਰਮਾ ਨੂੰ ਰੋਟਰੀ ਕਾਲਰ ਪਾਇਆ ਗਿਆ। ਇਸ ਮੌਕੇ ਕਲੱਬ ਦੇ ਨਵੇਂ ਬਣੇ ਪ੍ਰਧਾਨਾਂ ਅਮ੍ਰਿਥਾ ਲਿੰਗਮ ਅਤੇ ਆਰਤੀ ਸ਼ਰਮਾ ਨੇ ਸਾਲ 2022-23 ਲਈ ਕੀਤੇ ਜਾਣ ਵਾਲੇ ਸਮਾਜ ਸੇਵੀ ਕੰਮਾਂ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਕਲੱਬ ਆਗੂਆਂ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਕਲੱਬ ਵਲੋਂ ਮੁੱਖ ਮਹਿਮਾਨ ਨੂੰ ਸਨ-ਮਾਨਿਤ ਕੀਤਾ ਗਿਆ। ਇਸ ਸਮਾਰੋਹ ਵਿੱਚ ਰੋਟੇਰੀਅਨ ਸਾਬਕਾ ਅਸਿਸਟੈਂਟ ਗਵਰਨਰ ਪਰਮਿੰਦਰ ਸੰਧੂ, ਪ੍ਰਦੀਪ ਸੋਨੀ, ਮੁਨੀਸ਼ ਪੁਰੀ, ਨਰੇਸ਼ ਅਰੋੜਾ, ਡਾਕਟਰ ਨਿਸ਼ਚਲ ਸ਼ਰਮਾ, ਜੀਤ ਰਾਮ ਸ਼ਰਮਾ, ਡਾਕਟਰ ਦਰਸ਼ਨ ਸਿੰਘ, ਵਕੀਲ ਵਿਕੇਸ਼ ਚੇਤਲ, ਨਗਰ ਕੌਂਸਲ ਦੇ ਕੌਂਸਲਰ ਸੁਰਿੰਦਰ ਸਿੰਘ ਪੰਮਾ, ਪ੍ਰਵੇਸ਼ ਸੋਨੀ, ਅਸ਼ੋਕ ਸੈਣੀ, ਪੰਕਜ ਸੋਨੀ, ਮਨਵਿੰਦਰ ਪਾਲ ਸਿੰਘ, ਨਰੇਸ਼ ਅਰੋੜਾ, ਵਿਨੋਦ ਮਲਹੋਤਰਾ, ਕਰਨੈਲ ਸੈਣੀ, ਗੁਰਮੇਲ ਮਹਿਰਾ, ਡਾਕਟਰ ਅਛਰ ਸ਼ਰਮਾ, ਡਾਕਟਰ ਪੀ ਐਸ ਕੰਗ, ਰਿਤੇਸ਼ ਗੋਤਮ, ਪੰਕਜ ਸੈਣੀ, ਸ਼ਾਇਨਾ, ਰੂਪਿੰਦਰਜੀਤ ਰੂਬੀ, ਰੋਹਿਤ, ਅਰਸ਼ਦੀਪ ਸਿੰਘ, ਗੋਰਵ, ਪਲਵੀ, ਅਰਸ਼ਦੀਪ ਕੌਰ ਆਦਿ ਹਾਜਰ ਸਨ।

# 15 ਜੁਲਾਈ ਨੂੰ ਸਾਰੇ ਜ਼ਿਲ੍ਹਿਆਂ ਤੋਂ ਗਵਰਨਰ ਦੇ ਨਾਮ ਮੈਮੋਰੰਡਮ ਦੇਵੇਗੀ ਬਸਪਾ - ਰਣਧੀਰ ਸਿੰਘ ਬੈਨੀਵਾਲ

## ਪ੍ਰਸ਼ਾਸ਼ਨ ਵਿਚ ਅਨੁਸੂਚਿਤ ਜਾਤੀਆਂ ਤੇ ਓਬੀਸੀ ਵਰਗ ਨਾਲ ਧੱਕਾ ਬਰਦਾਸ਼ਤ ਨਹੀਂ ਕਰੇਗੀ ਬਸਪਾ - ਜਸਵੀਰ ਸਿੰਘ ਗੜ੍ਹੀ

**ਜਲੰਧਰ (ਸੰਤੋਖ ਸਿੰਘ ਜੱਸੀ)–** ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਪ੍ਰੈਸ ਨੋਟ ਜਾਰੀ ਕਰਦਿਆ ਕਰਦਿਆ ਦੱਸਿਆ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਚਾਰ ਮਹੀਨਿਆਂ ਵਿਚ ਹੀ ਅਨੁਸੂਚਿਤ ਜਾਤੀਆਂ ਤੇ ਓਬੀਸੀ ਵਰਗ ਵਿਰੋਧੀ ਫੈਂਸਲੇ ਲਏ ਹਨ। ਲਾਅ ਅਫਸਰਾਂ ਦੀਆਂ 178 ਪੋਸਟਾਂ ਵਿਚ ਪੰਜਾਬ ਸਰਕਾਰ ਨੇ ਪਛੜੀਆਂ ਸ਼੍ਰੇਣੀਆਂ ਨੂੰ ਅਕਾਰਜਕੁਸ਼ਲ ਦੱਸਕੇ ਅਨੁਸੂਚਿਤ ਜਾਤੀਆਂ ਤੇ ਓਬੀਸੀ ਵਰਗ ਦੇ ਮਾਣ ਸਨਮਾਨ ਨੇ ਵੱਡਾ ਨੁਕਸਾਨ ਪਹੁੰਚਾਇਆ ਹੈ। ਪੰਜਾਬ ਪੁਲਿਸ ਦੀਆਂ ਪੋਸਟਾਂ ਵਿਚ 153 ਅਨੁਸੂਚਿਤ ਜਾਤੀਆਂ ਦੇ ਮੈਰਿਟ ਵਿਚ ਆਏ ਵਿਦਿਆਰਥੀਆਂ ਨੂੰ ਓਪਨ ਮੈਰਿਟ ਵਿੱਚੋ ਬਾਹਰ ਕਰ ਦਿੱਤਾ ਹੈ। ਮੱਤੇਵਾੜਾ ਦੇ ਜੰਗਲਾਂ ਨੂੰ ਉਜਾੜਨਾ, ਸੌ ਫ਼ੀਸਦੀ ਅਨੁਸੂਚਿਤ ਜਾਤੀ ਆਬਾਦੀ ਵਾਲੇ ਪਿੰਡ ਸੇਖੇਵਾਲ ਦੀ 414 ਏਕੜ ਪੰਚਾਇਤੀ ਜ਼ਮੀਨ ਨੂੰ ਇੰਡਸਟਰੀ ਪਾਰਕ ਬਣਾਉਣ ਦੇ ਨਾਮ ਤੇ ਸਰਕਾਰੀ ਕਬਜ਼ੇ ਵਿਚ ਲੈਣਾ, ਰਾਜਸਭਾ ਵਿਚ ਇਕ ਵੀ ਮੈਂਬਰ ਅਨੁਸੂਚਿਤ ਜਾਤੀਆਂ ਦਾ ਨਾ ਲੈਣਾ, ਪ੍ਰਮੁੱਖ ਹਨ। ਬਸਪਾ ਪੰਜਾਬ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਜਾਣਕਾਰੀ ਦਿੱਤੀ ਕਿ ਵਿਧਾਨ ਸਭਾ ਵਿਚ ਗਵਰਨਰ ਦੇ ਭਾਸ਼ਣ ਤੇ ਬਸਪਾ ਵਲੋਂ ਮਤੇ ਲਿਆਂਦੇ ਗਏ ਜਿਸ ਵਿਚ ਸ਼ਾਮਿਲ ਸੀ ਕਿ ਓਬੀਸੀ ਵਰਗਾਂ ਲਈ ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰਨ ਸਬੰਧੀ, 85ਵੀ ਸੰਵਿਧਾਨਕ ਸੋਧ ਲਾਗੂ ਕੀਤੀ ਜਾਵੇ, 10/10/2014 ਦਾ ਅਨੁਸੂਚਿਤ ਜਾਤੀਆਂ ਵਿਰੋਧੀ ਪੱਤਰ ਰੱਦ ਕੀਤਾ ਜਾਵੇ, ਪੰਚ ਸਰਪੰਚ ਨੰਬਰਦਾਰਾਂ ਲਈ ਮਾਣ ਭੱਤਾ, ਆਸ਼ਾ ਵਰਕਰਾਂ/ਆਂਗਣਵਾੜੀ ਵਰਕਰ ਨੂੰ ਪੱਕਾ ਕਰਨ ਸਬੰਧੀ, ਨੌਜਵਾਨਾਂ ਲਈ ਬੇਰੁਜ਼ਗਾਰੀ ਭੱਤਾ ਲਾਗੂ ਕਰਨ ਲਈ, ਸਰਕਾਰੀ ਠੇਕੇਦਾਰੀ ਵਿਚ ਟੈਂਡਰਾਂ ਅਨੁਸੂਚਿਤ ਜਾਤੀਆਂ ਤੇ ਓਬੀਸੀ ਵਰਗਾਂ ਲਈ ਰਾਖਵਾਂਕਰਨ ਸਬੰਧੀ ਆਦਿ। ਆਮ ਆਦਮੀ ਪਾਰਟੀ ਤੇ ਪੰਜਾਬ ਸਰਕਾਰ ਦਾ ਪੱਖ ਵਿਧਾਨ ਸਭਾ ਵਿਚ ਸਪੀਕਰ ਨੇ ਸਪੱਸ਼ਟ ਕੀਤਾ ਜੋਕਿ ਹਰ ਮੁੱਦੇ ਉਪਰ ਮੁਕਰਨ ਵਾਲਾ ਸੀ, ਜਿਸਦੀ ਬਹੁਜਨ ਸਮਾਜ ਪਾਰਟੀ ਘੋਰ ਨਿੰਦਾ ਕਰਦੀ ਹੈ। ਸ ਗੜ੍ਹੀ ਨੇ ਕਿਹਾ ਕਿ 15 ਜੁਲਾਈ ਨੂੰ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਡਿਪਟੀ ਕਮਿਸ਼ਨਰਾਂ ਰਾਹੀਂ ਗਵਰਨਰ ਦੇ ਨਾਮ ਮੈਮੋਰੰਡਮ ਦਿੱਤੇ ਜਾਣਗੇ। ਬਾਦ ਉਪਰੰਤ ਬਸਪਾ ਵਫਦ ਗਵਰਨਰ ਤੋਂ ਸਮਾਂ ਲੈਕੇ ਪੰਜਾਬ ਦੇ ਗਰੀਬਾਂ ਦੇ ਮਸਲੇ ਉਠਾਏਗਾ।

ਅੱਜ ਬਹੁਜਨ ਸਮਾਜ ਪਾਰਟੀ ਦੇ ਸੂਬਾ ਦਫਤਰ ਵਿਚ ਵਿਸਥਾਰ ਸਹਿਤ ਚਰਚਾ ਕੀਤੀ ਗਈ, ਜਿਸ ਵਿਚ ਪੰਜਾਬ ਦੇ ਸੂਬਾ ਇੰਚਾਰਜ ਸ਼੍ਰੀ ਰਣਧੀਰ ਸਿੰਘ ਬੈਨੀਵਾਲ ਤੇ ਸ਼੍ਰੀ ਵਿਪੁਲ ਕੁਮਾਰ ਜੀ ਸ਼ਾਮਿਲ ਹੋਏ। ਸ਼੍ਰੀ ਬੈਨੀਵਾਲ ਜੀ ਨੇ ਦੱਸਿਆ ਕਿ 15 ਜੁਲਾਈ ਨੂੰ ਸਾਰੇ ਜ਼ਿਲ੍ਹਿਆਂ ਤੋਂ ਡਿਪਟੀ ਕਮਿਸ਼ਨਰਾਂ ਰਾਹੀਂ ਗਵਰਨਰ ਦੇ ਨਾਮ ਮੈਮੋਰੰਡਮ ਦੇਵੇਗੀ। ਬਸਪਾ ਸੂਬਾ ਵਿਧਾਇਕ ਡਾ ਨੱਛਤਰ ਪਾਲ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿਤੀ ਹੈ ਕਿ ਗਰੀਬਾਂ ਤੇ ਮਜ਼ਲੂਮਾਂ ਖਿਲਾਫ਼ ਆ ਰਹੇ ਫੈਂਸਲਿਆ ਉਪਰ ਅਸੀ ਚੁੱਪ ਨਹੀਂ ਬੈਠਾਂਗੇ।

ਵਿਸ਼ੇਸ਼ ਦੱਸਣਯੋਗ ਹੈ ਕਿ ਪੰਜਾਬ ਵਿੱਚ ਬਸਪਾ ਵਲੋਂ ਮੈਂਬਰਸ਼ਿਪ ਮੁਹਿੰਮ ਚਲ ਰਹੀ ਹੈ, ਜਿਸ ਦੀ ਅੱਜ ਦੋਆਬਾ ਤੇ ਮਾਝਾ ਖੇਤਰ ਦੀ ਕਾਰਗੁਜਾਰੀ ਦੀ ਸਮੀਖਿਆ ਕੀਤੀ ਗਈ ਜੋਕਿ ਸੂਬਾ ਦਫਤਰ ਵਿਖੇ ਹੋਈ। ਇਸ ਕੜੀ ਵਿਚ 11 ਜੁਲਾਈ ਨੂੰ ਕੋਟਕਪੂਰਾ ਵਿਖੇ ਲੋਕ ਸਭਾ ਬਠਿੰਡਾ, ਫਿਰੋਜ਼ਪੁਰ ਤੇ ਫਰੀਦਕੋਟ ਅਤੇ 12 ਜੁਲਾਈ ਨੂੰ ਧੂਰੀ ਵਿਖੇ ਫ਼ਤਹਿਗੜ੍ਹ ਸਾਹਿਬ, ਪਟਿਆਲਾ ਤੇ ਸੰਗਰੂਰ ਲੋਕ ਸਭਾ ਦੀ ਮੈਂਬਰਸ਼ਿਪ ਸਮੀਖਿਆ ਮੀਟਿੰਗ ਹੋਵੇਗੀ।

# ਪ੍ਰਸ਼ਾਸ਼ਨ ਵਿਚ ਅਨੁਸੂਚਿਤ ਜਾਤੀਆਂ ਤੇ ਓਬੀਸੀ ਵਰਗ ਨਾਲ ਧੱਕੇ ਖਿਲਾਫ ਮੋਗਾ ਵਿਖੇ ਡਿਪਟੀ ਕਮਿਸ਼ਨਰ ਨੂੰ ਰਾਜਪਾਲ ਦੇ ਨਾਂ ਤੇ 15 ਜੁਲਾਈ ਨੂੰ ਮੈਮੋਰੰਡਮ ਦੇਵੇਗੀ ਬਸਪਾ- ਸੁਲਹਾਣੀ

**ਮੋਗਾ–** ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਨੇ ਆਪਣੇ ਲੱਗਭਗ ਚਾਰ ਮਹੀਨਿਆਂ ਦੇ ਕਾਰਜਕਾਲ ਵਿੱਚ ਹੀ ਪੰਜਾਬ ਦੇ ਅਨੂਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਵਰਗਾਂ ਦੇ ਖਿਲਾਫ ਫੈਸਲੇ ਲਏ ਹਨ।

ਬਹੁਜਨ ਸਮਾਜ ਪਾਰਟੀ ਇਹਨਾਂ ਵਰਗਾਂ ਦੇ ਖਿਲਾਫ ਅਜਿਹੇ ਧੱਕੇ ਬਰਦਾਸ਼ਤ ਨਹੀਂ ਕਰੇਗੀ। ਬਸਪਾ ਦੇ ਕੌਮੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਨਿਰਦੇਸ਼ਾਂ ਅਤੇ ਸ਼੍ਰੀ ਰਣਧੀਰ ਸਿੰਘ ਬੈਨੀਪਾਲ ਇੰਚਾਰਜ ਪੰਜਾਬ, ਹਰਿਆਣਾ, ਹਿਮਾਚਲ ਅਤੇ ਜੰਮੂ-ਕਸ਼ਮੀਰ, ਸ਼੍ਰੀ ਵਿਪੁਲ ਕੁਮਾਰ ਇੰਚਾਰਜ ਪੰਜਾਬ ਅਤੇ ਚੰਡੀਗੜ੍ਹ ਅਤੇ ਸੂਬਾ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜ੍ਹੀ ਜੀ ਦੀ ਅਗਵਾਈ ਹੇਠ ਪੂਰੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਪੰਜਾਬ ਦੀ ਆਪ ਸਰਕਾਰ ਦੇ ਪੱਛੜੀਆਂ ਸ਼੍ਰੇਣੀਆਂ ਅਤੇ ਅਨੁਸੂਚਿਤ ਜਾਤੀ ਵਰਗਾਂ ਖਿਲਾਫ ਧੱਕੇ ਵਿਰੁੱਧ 15 ਜੁਲਾਈ ਨੂੰ ਡਿਪਟੀ ਕਮਿਸ਼ਨਰਾਂ ਨੂੰ ਰਾਜਪਾਲ ਦੇ ਨਾਂ ਤੇ ਮੈਮੋਰੰਡਮ ਦਿੱਤੇ ਜਾਣਗੇ। ਇਸੇ ਲੜੀ ਤਹਿਤ ਜ਼ਿਲ੍ਹਾ ਮੋਗਾ ਵਿਖੇ ਵੀ ਡਿਪਟੀ ਕਮਿਸ਼ਨਰ ਨੂੰ ਮੈਮੋਰੰਡਮ ਦਿੱਤਾ ਜਾਵੇਗਾ।ਇਹ ਜਾਣਕਾਰੀ ਅੱਜ ਇੱਥੇ ਜਾਰੀ ਇੱਕ ਪ੍ਰੈਸ ਬਿਆਨ ਰਾਹੀਂ ਸ੍ਰ ਲਾਲ ਸਿੰਘ ਸੁਲਹਾਣੀ ਜਨਰਲ ਸਕੱਤਰ ਬਸਪਾ ਪੰਜਾਬ ਨੇ ਦਿੱਤੀ। ਉਹਨਾਂ ਕਿਹਾ ਕਿ ਲਾਅ ਅਫਸਰਾਂ ਦੀਆਂ 178 ਪੋਸਟਾਂ ਵਿਚ ਪੰਜਾਬ ਸਰਕਾਰ ਨੇ ਪਛੜੀਆਂ ਸ਼੍ਰੇਣੀਆਂ ਨੂੰ ਅਕਾਰਜਕੁਸ਼ਲ ਦੱਸਕੇ ਅਨੁਸੂਚਿਤ ਜਾਤੀਆਂ ਤੇ ਓਬੀਸੀ ਵਰਗਾਂ ਦਾ ਅਪਮਾਨ ਕੀਤਾ ਹੈ।

ਪੰਜਾਬ ਪੁਲਿਸ ਦੀਆਂ ਪੋਸਟਾਂ ਵਿਚ 153 ਅਨੁਸੂਚਿਤ ਜਾਤੀਆਂ ਦੇ ਮੈਰਿਟ ਵਿਚ ਆਏ ਵਿਦਿਆਰਥੀਆਂ ਨੂੰ ਓਪਨ ਮੈਰਿਟ ਵਿੱਚੋ ਬਾਹਰ ਕਰ ਦਿੱਤਾ ਹੈ। ਮੱਤੇਵਾੜਾ ਦੇ ਜੰਗਲਾਂ ਨੂੰ ਉਜਾੜਨਾ, ਸੌ ਫ਼ੀਸਦੀ ਅਨੁਸੂਚਿਤ ਜਾਤੀ ਆਬਾਦੀ ਵਾਲੇ ਪਿੰਡ ਸੇਖੇਵਾਲ ਦੀ 4,4 ਏਕੜ ਪੰਚਾਇਤੀ ਜ਼ਮੀਨ ਨੂੰ ਇੰਡਸਟਰੀ ਪਾਰਕ ਬਣਾਉਣ ਦੇ ਨਾਮ ਤੇ ਸਰਕਾਰੀ ਕਬਜ਼ੇ ਵਿਚ ਲੈਣਾ, ਰਾਜਸਭਾ ਵਿਚ ਇਕ ਵੀ ਮੈਂਬਰ ਅਨੁਸੂਚਿਤ ਜਾਤੀਆਂ ਦਾ ਨਾ ਲੈਣਾ, ਪ੍ਰਮੁੱਖ ਹਨ।

ਬਸਪਾ ਸ੍ਰ ਸੁਲਹਾਣੀ ਨੇ ਦੱਸਿਆ ਵਿਧਾਨ ਸਭਾ ਵਿਚ ਗਵਰਨਰ ਦੇ ਭਾਸ਼ਣ ਤੇ ਬਸਪਾ ਵਲੋਂ ਗਿਆਰਾਂ ਮਤੇ ਲਿਆਂਦੇ ਗਏ ਜਿਸ ਵਿਚ ਸ਼ਾਮਿਲ ਸੀ ਕਿ ਓਬੀਸੀ ਵਰਗਾਂ ਲਈ ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰਨ ਸਬੰਧੀ, 85ਵੀ ਸੰਵਿਧਾਨਕ ਸੋਧ ਲਾਗੂ ਕੀਤੀ ਜਾਵੇ, 10/10/2014 ਦਾ ਅਨੁਸੂਚਿਤ ਜਾਤੀਆਂ ਵਿਰੋਧੀ ਪੱਤਰ ਰੱਦ ਕੀਤਾ ਜਾਵੇ, ਪੰਚਾਂ, ਸਰਪੰਚਾਂ, ਨੰਬਰਦਾਰਾਂ ਲਈ ਮਾਣ ਭੱਤਾ, ਆਸ਼ਾ ਵਰਕਰਾਂ/ਆਂਗਣਵਾੜੀ ਵਰਕਰਾਂ ਲਈ ਪੇਅ ਸਕੇਲ ਲਾਗੂ ਕਰਨ, ਹਰ ਵਰਗ ਦੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਸਬੰਧੀ, ਨੌਜਵਾਨਾਂ ਲਈ ਬੇਰੁਜ਼ਗਾਰੀ ਭੱਤਾ ਲਾਗੂ ਕਰਨ ਲਈ, ਸਰਕਾਰੀ ਠੇਕੇਦਾਰੀ ਵਿਚ ਟੈਂਡਰਾਂ ਅਨੁਸੂਚਿਤ ਜਾਤੀਆਂ ਤੇ ਓਬੀਸੀ ਵਰਗਾਂ ਲਈ ਰਾਖਵਾਂਕਰਨ ਸਬੰਧੀ ਆਦਿ ਪ੍ਰੰਤੂ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦਾ ਪੱਖ ਵਿਧਾਨ ਸਭਾ ਵਿਚ ਸਪੀਕਰ ਨੇ ਸਪੱਸ਼ਟ ਕੀਤਾ ਜੋ ਕਿ ਹਰ ਮੁੱਦੇ ਉਪਰ ਮੁਕਰਨ ਵਾਲਾ ਸੀ, ਜਿਸਦੀ ਬਹੁਜਨ ਸਮਾਜ ਪਾਰਟੀ ਘੋਰ ਨਿੰਦਾ ਕਰਦੀ ਹੈ। ਉਹਨਾਂ ਕਿਹਾ ਕਿ ਬਸਪਾ ਦਾ ਇਕ ਉਚ ਪੱਧਰੀ ਵਫਦ ਰਾਜਪਾਲ ਤੋਂ ਸਮਾਂ ਲੈਕੇ ਪੰਜਾਬ ਦੇ ਗਰੀਬਾਂ ਦੇ ਮਸਲੇ ਉਠਾਏਗਾ। ਇਸ ਮੌਕੇ ਉਨ੍ਹਾਂ ਦੇ ਨਾਲ ਹਰਦੇਵ ਸਿੰਘ ਤਖਾਣਵੱਧ ਜ਼ਿਲ੍ਹਾ ਪ੍ਰਧਾਨ ਬਸਪਾ ਮੋਗਾ,ਸ੍ਰ ਕੁਲਵੰਤ ਸਿੰਘ ਰਾਮਗੜ੍ਹੀਆ ਸੂਬਾ ਸਕੱਤਰ, ਜ਼ਿਲ੍ਹਾ ਪ੍ਰਧਾਨ ਬਸਪਾ ਮਹਿਲਾ ਵਿੰਗ ਸੁਨੀਤਾ ਰਾਣੀ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਲਖਵੀਰ ਸਿੰਘ ਬੁੱਧ ਸਿੰਘ ਵਾਲਾ ਵੀ ਹਾਜ਼ਰ ਸਨ।

# ਪੰਜਾਬ 'ਚ ਅਵਾਰਾ ਪਸ਼ੂਆਂ ਕਾਰਨ ਰਹੋ ਰਹੀਆਂ ਦਰਜਨਾਂ ਮੌਤਾਂ, ਪੰਜਾਬ ਸਰਕਾਰ ਮੂਕਦਰਸ਼ਕ ਬਣੀ

**ਜਲੰਧਰ (ਜੇ ਸਿੰਘ 'ਭਡਿਆਰ')–** ਪੰਜਾਬ ਵਿੱਚ ਅਵਾਰਾ ਪਸ਼ੂਆਂ ਦੀ ਸਾਂਭ-ਸੰਭਾਲ ਕਰਨ ਦੀ ਸਮੱਸਿਆ ਗੰਭੀਰ ਬਣਦੀ ਜਾ ਰਹੀ ਹੈ। ਇਹਨਾਂ ਅਵਾਰਾ ਪਸ਼ੂਆਂ ਦੀ ਸਾਂਭ-ਸੰਭਾਲ ਨਾ ਕਰਨ ਕਾਰਨ ਪੰਜਾਬ ਵਿੱਚ ਮਨੁੱਖੀ ਜਾਨਾਂ ਜਾ ਰਹੀਆਂ ਹਨ।ਅਵਾਰਾ ਪਸ਼ੂਆਂ ਕਾਰਨ ਰੋਜ਼ਾਨਾ ਦਰਜਨ ਤੋਂ ਵੱਧ ਮੌਤਾਂ ਸੜਕ ਹਾਦਸਿਆਂ ਕਾਰਨ ਹੋ ਰਹੀਆਂ ਹਨ, ਇਸ ਦੇ ਬਾਵਜੂਦ ਸਮੱਸਿਆ ਨਾਲ ਨਿਪਟਣ ਲਈ ਕੋਈ ਸਾਰਥਕ ਕਦਮ ਨਹੀਂ ਪੁੱਟਿਆ ਜਾ ਰਿਹਾ। ਅਵਾਰਾ ਪਸ਼ੂਆਂ ਦੀ ਸਮੱਸਿਆ ਨਾਲ ਨਜਿੱਠਣ ਅਤੇ ਗਊਸ਼ਾਲਾਵਾਂ ਦੇ ਰੱਖ-ਰਖਾਅ ਲਈ ਸਰਕਾਰ ਪਿਛਲੇ ਕਈ ਸਾਲਾਂ ਤੋਂ 'ਗਊ ਸੈੱਸ' ਦੇ ਨਾਂ 'ਤੇ ਕਰੋੜਾਂ ਰੁਪਏ ਇਕੱਤਰ ਕਰ ਰਹੀ ਹੈ, ਪਰ ਜ਼ਮੀਨੀ ਪੱਧਰ 'ਤੇ ਅਵਾਰਾ ਪਸ਼ੂਆਂ ਤੋਂ ਨਿਜਾਤ ਦਿਵਾਉਣ ਲਈ ਕੋਈ ਕਦਮ ਨਹੀਂ ਪੁੱਟਿਆ ਜਾ ਰਿਹਾ। ਮੌਜੂਦਾ ਸਰਕਾਰ ਕੋਲ ਵੀ ਅਵਾਰਾ ਪਸ਼ੂਆਂ ਦੀ ਸਮੱਸਿਆ ਨਾਲ ਨਜਿਠਣ ਲਈ ਫ਼ਿਲਹਾਲ ਕੋਈ ਨੀਤੀ ਬਣਾਉਣ ਦੀ ਤਜਵੀਜ਼ ਨਹੀਂ ਹੈ।ਇਸ ਦਾ ਖ਼ੁਲਾਸਾ ਵਿਧਾਨ ਸਭਾ 'ਚ ਤੱਤਕਾਲੀ ਪਸ਼ੂ ਪਾਲਣ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕੀਤਾ।



ਵਿਧਾਨ ਸਭਾ ਵਿਚ ਪਿਛਲੇ ਕਈ ਸਾਲਾਂ ਤੋਂ ਅਵਾਰਾ ਪਸ਼ੂਆਂ ਦੀ ਸਮੱਸਿਆ ਦਾ ਮੁੱਦਾ ਪ੍ਰਸ਼ਨ ਕਾਲ, ਧਿਆਨ ਦਿਵਾਊ ਨੋਟਿਸ, ਪ੍ਰਾਈਵੇਟ ਮੈਂਬਰ ਬਿੱਲ ਦੇ ਰੂਪ 'ਚ ਕਈ ਵਾਰ ਉੱਠਿਆ ਹੈ ਪਰ ਇਸ ਸਮੱਸਿਆ ਦੇ ਹੱਲ ਲਈ ਕੋਈ ਵੀ ਸਰਕਾਰ ਕਿਸੇ ਸਿੱਟੇ 'ਤੇ ਨਹੀਂ ਪੁੱਜ ਸਕੀ। ਇਸ ਵਾਰ ਦੇ ਬਜਟ ਇਜਲਾਸ 'ਚ ਵੀ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਅਤੇ ਵਿਕਰਮਜੀਤ ਸਿੰਘ ਚੌਧਰੀ ਨੇ ਅਵਾਰਾ ਪਸ਼ੂਆਂ ਦੀ ਸਮੱਸਿਆ ਦਾ ਮੁੱਦਾ ਚੁੱਕਿਆ ਹੈ। ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਸਦਨ 'ਚ ਜਵਾਬ ਦਿੱਤਾ ਹੈ ਕਿ ਸ਼ਹਿਰਾਂ 'ਚ ਅਵਾਰਾ ਪਸ਼ੂਆਂ ਦੀ ਸਮੱਸਿਆ ਨਾਲ ਨਜਿਠਣ ਦੀ ਜ਼ਿੰਮੇਵਾਰੀ ਨਗਰ ਕੌਂਸਲਾਂ, ਨਗਰ ਨਿਗਮਾਂ ਦੀ ਹੈ ਅਤੇ ਫ਼ਿਲਹਾਲ ਕੋਈ ਨੀਤੀ ਬਣਾਉਣ ਦੀ ਤਜਵੀਜ਼ ਨਹੀਂ ਹੈ।

### ਕਿਉਂ ਵਧ ਰਹੇ ਹਨ ਅਵਾਰਾ ਪਸ਼ੂ?

ਪੁਰਾਣੇ ਸਮਿਆਂ ਵਿੱਚ ਬਲਦਾਂ ਨਾਲ ਖੇਤੀ ਕੀਤੀ ਜਾਂਦੀ ਸੀ ਤੇ ਵੱਛੇ ਵਾਲੀ ਗਾਂ ਦਾ ਸਤਿਕਾਰ ਕੀਤਾ ਜਾਂਦਾ ਸੀ। ਮਸ਼ੀਨੀ ਯੁੱਗ ਆਉਣ ਨਾਲ ਬਲਦਾਂ ਅਤੇ ਗਾਂ ਦੀ ਮੂਲੋਂ ਹੀ ਕਦਰ ਘਟ ਗਈ ਦੂਸਰਾ ਦੇਸੀ ਗਾਂ ਦਾ ਦੁੱਧ ਵਲੈਤੀ ਗਾਂ ਦੇ ਦ ਧ ਮੁਕਾਬਲੇ ਬਹੁਤ ਘੱਟ ਹੁੰਦਾ ਹੈ। ਇਹੀ ਕਾਰਨ ਹੈ ਕਿ ਲੋਕ ਫੰਡਰ ਗਾਂ ਨੂੰ ਸੋਟੀ ਮਾਰ ਕੇ ਘਰੋਂ ਕੱਢ ਦਿੰਦੇ ਹਨ ਜੋ ਕਿ ਲੋਕਾਂ ਦੀ ਜਾਨ ਦਾ ਖਤਰਾ ਬਣਦੀਆਂ ਹਨ। ਇਨ੍ਹਾਂ ਗਊਆਂ ਦੀ ਸਾਂਭ-ਸੰਭਾਲ ਲਈ ਬਣਾਈਆਂ ਗਊਸ਼ਾਲਾਂ ਵਿੱਚ ਵੀ ਜ਼ਿਆਦਾਤਰ ਉਹੀ ਪਸ਼ੂ ਰੱਖੇ ਜਾਂਦੇ ਹਨ ਜੋ ਦੁੱਧ ਦਿੰਦੇ ਹਨ, ਅਵਾਰਾ ਪਸ਼ੂਆਂ ਨੂੰ ਦਰਨਿਕਾਰ ਕਰ ਦਿੱਤਾ ਜਾਂਦਾ ਹੈ। ਇਹੀ ਕਾਰਨ ਹੈ ਕਿ ਦਿਨੋਂ ਦਿਨ ਅਵਾਰਾ ਪਸ਼ੂ ਵਧਦੇ ਜਾ ਰਹੇ ਹਨ।

### ਗਊ ਸੈੱਸ ਦਾ ਪੈਸਾ

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਸਰਕਾਰ ਕੋਲ ਨੀਤੀ ਬਣਾਉਣ ਦੀ ਤਜਵੀਜ਼ ਨਹੀਂ ਤਾਂ ਫਿਰ ਗਊ ਸੈੱਸ ਦੇ ਨਾਂ 'ਤੇ ਇਕੱਤਰ ਕੀਤੇ ਜਾ ਰਹੇ ਕਰੋੜਾਂ ਰੁਪਏ ਕਿੱਥੇ ਜਾ ਰਹੇ ਹਨ? ਕੀ ਗਊ ਸੈੱਸ ਦਾ ਪੈਸਾ ਕਿਤੇ ਹੋਰ ਖ਼ਰਚ ਹੋ ਰਿਹਾ ਹੈ? ਪੰਜਾਬ ਰਾਜ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਸਚਿਨ ਸ਼ਰਮਾ ਅਤੇ ਸਾਬਕਾ ਚੇਅਰਮੈਨ ਕੀਮਤੀ ਭਗਤ ਦੱਸਦੇ ਹਨ ਕਿ ਸਰਕਾਰ ਨੇ ਸਾਲ 2016 'ਚ ਗਊ ਸੈੱਸ ਲਾਉਣਾ ਸ਼ੁਰੂ ਕੀਤਾ ਸੀ। ਬਿਜਲੀ, ਸ਼ਰਾਬ ਪ੍ਰਤੀ ਬੋਤਲ, ਸੀਮੈਂਟ 'ਤੇ ਪ੍ਰਤੀ ਥੈਲਾ, ਵਹੀਕਲਾਂ, ਮੈਰਿਜ ਪੈਲੇਸਾਂ ਸਮੇਤ ਵੱਖ-ਵੱਖ 9 ਆਈਟਮਾਂ 'ਤੇ ਗਊ ਸੈੱਸ ਵਸੂਲਿਆ ਜਾ ਰਿਹਾ ਹੈ ਤਾਂ ਜੋ ਬੇਜ਼ੁਬਾਨ ਪਸ਼ੂਆਂ ਦੀ ਸਾਂਭ-ਸੰਭਾਲ ਹੋ ਸਕੇ, ਪਰ ਜ਼ਮੀਨੀ ਹਾਲਾਤ ਕੁਝ ਹੋਰ ਹਨ। ਕੀਮਤੀ ਭਗਤ ਅਨੁਸਾਰ ਪਹਿਲੇ ਸਾਲ (2016) 'ਚ ਸਰਕਾਰ ਨੂੰ ਗਊ ਸੈੱਸ ਤੋਂ 70 ਤੋ 80 ਕਰੋੜ ਰੁਪਏ ਇਕੱਤਰ ਹੋਣ ਦੀ ਉਮੀਦ ਸੀ, ਪਰ ਉਮੀਦ ਤੋ ਵੱਧ ਰਾਸ਼ੀ ਇਕੱਠੀ ਹੋਈ ਸੀ।

### ਸੂਬੇ 'ਚ ਹਨ 457 ਗਊਸ਼ਾਲਾਵਾਂ

ਸਰਕਾਰੀ ਅੰਕੜੇ ਦੱਸਦੇ ਹਨ ਕਿ ਪੰਜਾਬ ਰਾਜ ਗਊ ਸੇਵਾ ਕਮਿਸ਼ਨ ਕੋਲ 457 ਗਊਸ਼ਾਲਾਵਾਂ ਰਜਿਸਟਰਡ ਹਨ। ਪਸ਼ੂ ਪਾਲਣ ਮੰਤਰੀ ਨੇ ਦੱਸਿਆ ਕਿ 20 ਜ਼ਿਲ੍ਹਿਆਂ ਵਿਚ ਸਰਕਾਰੀ ਗਊਸ਼ਾਲਾਵਾਂ ਹਨ, ਜਿਨ੍ਹਾਂ ਦਾ ਸੰਚਾਲਨ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਜਿਲ੍ਹਾ ਪਸ਼ੂ ਭਲਾਈ ਸੁਸਾਇਟੀਆਂ ਕਰ ਰਹੀਆਂ ਹਨ। ਅੰਮ੍ਰਿਤਸਰ ਅਤੇ ਫਿਰੋਜ਼ਪੁਰ ਜ਼ਿਲ੍ਹੇ 'ਚ ਗਊਸ਼ਾਲਾ ਖੋਲ੍ਹਣ ਦਾ ਮਾਮਲਾ ਅਦਾਲਤ 'ਚ ਲੰਬਿਤ ਹੋਣ ਕਰਕੇ ਇੱਥੇ ਸਰਕਾਰੀ ਗਊਸ਼ਾਲਾ ਬਣ ਨਹੀਂ ਸਕੀ। ਸਰਕਾਰ ਨੇ ਗਊਸ਼ਾਲਾਵਾਂ ਦੀ ਪੜਾਅਵਾਰ ਉਸਾਰੀ ਲਈ ਹੁਣ ਤਕ 25,51 ਕਰੋੜ ਰੁਪਏ ਅਤੇ ਪਸ਼ੂਆਂ ਦੀ ਸਾਂਭ-ਸੰਭਾਲ, ਸੇਵਾ ਲਈ 18।34 ਕਰੋੜ ਰੁਪਏ ਖ਼ਰਚ ਕੀਤੇ ਹਨ। ਪਸ਼ੂ ਪਾਲਣ ਮੰਤਰੀ ਨੇ ਦੱਸਿਆ ਕਿ ਸਾਲ 2019 ਦੌਰਾਨ ਕੇਂਦਰ ਸਰਕਾਰ ਵੱਲੋਂ ਪਸ਼ੂਧਨ ਗਣਨਾ 'ਚ ਅਵਾਰਾ ਪਸ਼ੂਆਂ ਦੀ ਗਿਣਤੀ 140069 ਦੱਸੀ ਗਈ ਹੈ, ਜਦਕਿ ਮੌਜੂਦਾ ਸਮੇਂ ਇਹ ਗਿਣਤੀ ਕਿਤੇ ਵੱਧ ਦੱਸੀ ਜਾ ਰਹੀ ਹੈ।

ਵੱਖ-ਵੱਖ ਜ਼ਿਲ੍ਹਿਆਂ ਤੋਂ ਮਿਲੀਆਂ ਰਿਪੋਰਟਾਂ ਮੁਤਾਬਿਕ ਮੋਗਾ, ਪਟਿਆਲਾ, ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਿਆਂ ਦੀਆਂ ਕੁਝ ਪ੍ਰਾਈਵੇਟ ਗਊਸ਼ਾਲਾਵਾਂ ਦੀ ਹੀ ਸਰਕਾਰ ਨੇ ਆਰਥਿਕ ਮਦਦ ਕੀਤੀ ਹੈ, ਬਾਕੀ ਸਾਰੀਆਂ ਨਿੱਜੀ ਗਊਸ਼ਾਲਾਵਾਂ ਲੋਕਾਂ ਦੇ ਦਾਨ ਨਾਲ ਚੱਲ ਰਹੀਆਂ ਹਨ। ਸਰਕਾਰੀ ਗਊਸ਼ਾਲਾਵਾਂ ਦੀ ਹਾਲਤ ਵੀ ਬਹੁਤੀ ਚੰਗੀ ਨਹੀਂ ਹੈ।

### ਅਵਾਰਾ ਤੇ ਬਿਮਾਰ ਪਸ਼ੂਆਂ ਦਾ ਇਲਾਜ ਵੀ ਜਰੂਰੀ

ਸਾਡੇ ਦੇਸ਼ ਵਿੱਚ ਬਹੁਤ ਸਾਰੇ ਲੋਕਾਂ ਦੀਆਂ ਪਸ਼ੂਆਂ ਨਾਲ ਧਾਰਮਿਕ ਭਾਵਨਾਵਾਂ ਵੀ ਜੁੜੀਆਂ ਹੋਈਆਂ ਹਨ ਇਨ੍ਹਾਂ ਦਾ

# ਕੰਵਰ ਗਰੇਵਾਲ ਦੇ ਗੀਤ 'ਰਿਹਾਈ' ਉੱਤੇ ਯੂ-ਟਿਊਬ ਨੇ ਲਗਾਈ ਪਾਬੰਦੀ

**ਚੰਡੀਗੜ੍ਹ–**ਪੰਜਾਬੀ ਗਾਇਕ ਕੰਵਰ ਗਰੇਵਾਲ ਦੇ ਗੀਤ 'ਰਿਹਾਈ' ਨੂੰ ਯੂ-ਟਿਊਬ ਨੇ ਭਾਰਤ ਵਿੱਚ ਸਰੋਤਿਆਂ ਦੀ ਪਹੁੰਚ ਤੋਂ ਦੂਰ ਕਰ ਦਿੱਤਾ ਹੈ। ਯੂ-ਟਿਊਬ ਵੱਲੋਂ ਇਹ ਕਦਮ ਭਾਰਤ ਸਰਕਾਰ ਦੇ ਇਤਰਾਜ਼ ਤੋਂ ਬਾਅਦ ਉਠਾਇਆ ਗਿਆ ਹੈ। ਸੂਫੀ ਗਾਇਕ ਵਜੋਂ ਮਸ਼ਹੂਰ ਕੰਵਰ ਗਰੇਵਾਲ ਨੇ ਆਪਣੇ ਨਵੇਂ ਰਿਲੀਜ਼ ਹੋਏ ਗੀਤ 'ਰਿਹਾਈ' ਰਾਹੀਂ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਦੀ ਆਵਾਜ਼ ਬੁਲੰਦ ਕੀਤੀ ਸੀ। ਇਸ ਗੀਤ ਰਾਹੀਂ ਗਾਇਕ ਨੇ ਕੇਂਦਰ ਸਰਕਾਰ ਵੱਲ ਇਸ਼ਾਰਾ ਕਰਦਿਆਂ ਤਿੱਖੀਆਂ ਟਿੱਪਣੀਆਂ ਵੀ ਕੀਤੀਆਂ ਸਨ। ਯੂ-ਟਿਊਬ ਵੱਲੋਂ ਪੰਜਾਬੀ ਗਾਇਕਾਂ ਦੇ ਗੀਤਾਂ ਨੂੰ ਭਾਰਤ ਵਿੱਚ ਲੋਕਾਂ ਦੀ ਪਹੁੰਚ ਤੋਂ ਦੂਰ ਕੀਤੇ ਜਾਣ ਜਾਂ ਭਾਰਤ ਵਿੱਚ ਪਾਬੰਦੀ ਲਗਾਏ ਜਾਣ ਦਾ ਇਹ ਦੂਜਾ ਮਾਮਲਾ ਹੈ। ਕੰਵਰ ਗਰੇਵਾਲ ਦਾ ਇਹ ਗੀਤ ਕੁਝ ਦਿਨ ਪਹਿਲਾਂ ਹੀ ਰਿਲੀਜ਼ ਹੋਇਆ ਸੀ ਅਤੇ ਰਿਲੀਜ਼ ਹੁੰਦਿਆਂ ਹੀ ਭਾਰਤ ਸਰਕਾਰ ਦੀਆਂ ਏਜੰਸੀਆਂ ਦੀ ਨਿਗਰਾਨੀ ਹੇਠ ਆ ਗਿਆ। ਭਾਰਤ ਸਰਕਾਰ ਵਿਚਲੇ ਸੂਤਰਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਗੀਤਾਂ ਨਾਲ ਸਮਾਜ 'ਵਿਚ ਤਣਾਅ ਪੈਦਾ ਹੋ ਸਕਦਾ ਹੈ। ਇਸ ਤੋਂ ਪਹਿਲਾਂ ਮਰਹੂਮ ਗਾਇਕ ਦਾ ਗੀਤ 'ਐਸਵਾਈਐਲ' ਰਿਲੀਜ਼ ਹੋਣ ਦੇ ਕੁਝ ਦਿਨਾਂ ਬਾਅਦ ਹੀ ਭਾਰਤ ਵਿੱਚ ਬੰਦ ਕਰ ਦਿੱਤਾ ਗਿਆ ਸੀ।



ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਭਾਰਤ ਸਰਕਾਰ ਦੇ ਸੂਚਨਾ ਤੇ ਤਕਨਾਲੋਜੀ ਮੰਤਰਾਲੇ ਵੱਲੋਂ ਪੰਜਾਬੀ ਗਾਇਕਾਂ ਦੇ ਗੀਤਾਂ ਦੀ ਅਕਸਰ ਸਮੀਖਿਆ ਕੀਤੀ ਜਾਂਦੀ ਹੈ। ਖਾਸ ਕਰ ਕੇ ਕਿਸਾਨ ਅੰ-ਦੋਲਨ ਤੋਂ ਬਾਅਦ ਤਾਂ ਪੰਜਾਬੀ ਗਾਇਕਾਂ ਦੇ ਗੀਤਾਂ 'ਤੇ ਖਾਸ ਨਜ਼ਰ ਰੱਖੀ ਜਾ ਰਹੀ ਹੈ।

# ਭਾਰਤ-ਪਾਕਿ ਸਰਹੱਦਾਂ 'ਤੇ ਈਦ ਮੌਕੇ ਜਸ਼ਨਾਂ ਵਰਗਾ ਮਾਹੌਲ, ਰਾਸ਼ਟਰਪਤੀ ਅਤੇ ਮੋਦੀ ਵਲੋਂ ਈਦ ਦੀ ਵਧਾਈ

**ਅੰਮ੍ਰਿਤਸਰ–** ਭਾਰਤ ਤਿਉਹਾਰਾਂ ਦਾ ਦੇਸ਼ ਹੈ। ਇੱਥੇ ਹਰੇਕ ਧਰਮ ਦਾ ਸਤਿਕਾਰ ਕੀਤਾ ਜਾਂਦਾ ਹੈ ਤੇ ਸਾਂਝੇ ਤੌਰ ਤੇ ਮਨਾਏ ਜਾਂਦੇ ਹਨ। ਮੁਸਲਮਾਨ ਭਾਈਚਾਰੇ ਦੇ ਪ੍ਰਸਿੱਧ ਤਿਓਹਾਰ ਈਦ ਉੱਲ ਜ਼ੁਹਾ ਜਿੱਥੇ ਅੱਜ ਮੁਸਲਮਾਨ ਭਾਈਚਾਰੇ ਵੱਲੋਂ ਪੂਰੇ ਸ਼ਾਨੋ ਸ਼ੌਕਤ ਨਾਲ ਮਨਾਇਆ ਜਾ ਰਿਹਾ ਹੈ। ਉਥੇ ਹੀ ਭਾਰਤ ਦੇ ਗੁਆਂਢੀ ਮੁਸਲਿਮ ਦੇਸ਼ ਪਾਕਿਸਤਾਨ ਵੱਲੋਂ ਅੱਜ ਭਾਰਤ ਪਾਕਿਸਤਾਨ ਦੇਸ਼ਾਂ ਦੀ ਸਾਂਝੀ ਕੌਮਾਂਤਰੀ ਸਰਹੱਦ ਵਾਹਗਾ ਅਟਾਰੀ ਰਾਹੀਂ ਪਾਕਿਸਤਾਨ ਰੇਂਜਰਾਂ ਦੇ ਉੱਚ ਅਧਿਕਾਰੀਆਂ ਭਾਰਤੀ ਭਾਰਤੀ ਸਰਹੱਦ ਦੇ ਰਖਵਾਲੇ ਬੀਐੱਸਐੱਫ ਦੇ ਉੱਚ ਅਧਿਕਾਰੀਆਂ ਨੂੰ ਈਦ ਦੀ ਮੁਬਾਰਕਬਾਦ ਦੇਣ ਲਈ ਸਰਹੱਦ ਤੇ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿੱਥੇ ਪਾਕਿਸਤਾਨ ਵਾਲੇ ਪਾਸਿਓਂ ਪਾਕਿ ਰੇਂਜਰਾਂ ਨੇ ਬੀਐੱਸਐੱਫ ਦੇ ਉੱਚ ਅਧਿਕਾਰੀਆਂ ਨਾਲ ਜੱਫੀ ਪਾ ਕੇ ਪਾਕਿਸਤਾਨ ਦੇਸ਼ ਦੀ ਤਰਫੋਂ ਈਦ ਦੀ ਮੁਬਾਰਕਬਾਦ ਕਹੀ ਇਸੇ ਦੌਰਾਨ ਬੀਐੱਸਐੱਫ ਦੇ ਕਮਾਂਡਰ ਸ। ਜਸਬੀਰ ਸਿੰਘ ਨੇ ਪਾਕਿਸਤਾਨ ਸਰਕਾਰ ਵਲੋਂ ਆਏ ਪਾਕਿਸਤਾਨ ਰੇਂਜਰਜ਼ ਦੇ ਵਿੰਗ ਕਮਾਂਡਰ ਮੁਹੰਮਦ ਆਮਿਰ ਨੂੰ ਈਦ ਦੀ ਮੁਬਾਰਕਬਾਦ ਦਾ ਜਵਾਬ ਜੱਫੀ ਪਾ ਕੇ ਕਿਹਾ ਗਿਆ।

ਭਾਰਤ ਪਾਕਿਸਤਾਨ ਦੇਸ਼ਾਂ ਦੀ ਸਰਹੱਦ ਤੇ ਅੱਜ ਸਵੇਰੇ ਸਾਢੇ ਨੌਂ ਵਜੇ ਹੋਏ ਇਕ ਛੋਟੇ ਜਿਹੇ ਪ੍ਰੋਗਰਾਮ ਦੌਰਾਨ ਪਾਕਿਸਤਾਨ ਰੇਂਜਰਾਂ ਦੇ ਵਿੰਗ ਕਮਾਂਡਰ ਮੁਹੰਮਦ ਆਮਿਰ ਵੱਲੋਂ ਈਦ ਦੇ ਤਿਉਹਾਰ ਦੀਆਂ ਮਠਿਆਈਆਂ ਬੀਐੱਸਐੱਫ ਦੇ ਕਮਾਂਡੈਂਟ ਸ੍ਰੀ ਜਸਬੀਰ ਸਿੰਘ ਨੂੰ ਸੌਂਪੀਆਂ ਗਈਆਂ। ਪਾਕਿਸਤਾਨ ਰੇਂਜਰਾਂ ਵੱਲੋਂ ਦਿੱਤੇ ਗਏ ਮਠਿਆਈਆਂ ਦੇ ਡੱਬਿਆਂ ਉਤੇ ਬੀਐੱਸਐੱਫ਼ ਦੀ ਕਮਾਂਡ ਕਰਦੇ ਡੀਆਈਜੀ ਆਈਜੀ ਅਤੇ ਅਟਾਰੀ ਸਰਹੱਦ ਤੇ ਤਾਇਨਾਤ ਬੀਐੱਸਐੱਫ ਦੀ ਕਮਾਂਡ ਕਰਦੇ ਕਮਾਂਡੈਟ ਦੇ ਨਾਮ ਪੁਰ ਮਠਿਆਈਆਂ ਦੇ ਡੱਬੇ ਬੀਐੱਸਐੱਫ ਲਏ ਗਏ। ਇਸੇ ਤਰ੍ਹਾਂ ਬੀ ਐੱਸ ਐੱਫ ਦੇ ਅਧਿਕਾਰੀਆਂ ਭਾਰਤ ਦੇਸ਼




ਦੀ ਤਰਫ਼ੋਂ ਭਾਰਤੀ ਅਵਾਮ ਵਲੋਂ ਪਾਕਿਸਤਾਨ ਸਰਕਾਰ ਪਾਕਿਸਤਾਨ ਰੇਂਜਰਾਂ ਤੇ ਪਾਕਿਸਤਾਨ ਆਵਾਮ ਨੂੰ ਈਦ ਦੀ ਮੁਬਾਰਕਬਾਦ ਦਿੰਦਿਆਂ। ਇਸੇ ਤਰ੍ਹਾਂ ਉਨ੍ਹਾਂ ਨੂੰ ਵੀ ਮਠਿਆਈਆਂ ਦੇ ਡੱਬੇ ਭਾਰਤ ਵੱਲੋਂ ਬੀ ਐਸ ਐਫ ਦੇ ਕਮਾਂਡਰ ਸ। ਜਸਬੀਰ ਸਿੰਘ ਵੱਲੋਂ ਪਾਕਿਸਤਾਨ ਨੂੰ ਸੌਂਪੇ ਗਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੀਐੱਸਐੱਫ ਦੇ ਕਮਾਂਡੈਂਟ ਸ ਜਸਬੀਰ ਸਿੰਘ ਨੇ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਇਕ ਦੂਸਰੇ ਦੇਸ਼ਾਂ ਦੇ ਪ੍ਰਸਿੱਧ ਤਿਉਹਾਰਾਂ ਮੌਕੇ ਇਹ ਮਠਿਆਈ ਦਾ ਆਦਾਨ ਪ੍ਰਦਾਨ ਹੁੰਦਾ ਹੈ। ਉਸੇ ਲੜੀ ਤਹਿਤ ਬੀ ਪੀ ਐੱਸ ਐੱਫ ਵੱਲੋਂ ਭਾਰਤ ਦੀ ਅਵਾਮ ਦੀ ਤਰਫ ਪਾਕਿ ਸਨ। ਦੇਸ਼ ਦੇ ਪ੍ਰਸਿੱਧ ਤਿਉਹਾਰ ਈਦ ਉਲ ਜ਼ੁਹਾ ਮੌਕੇ ਅੱਜ ਪਾਕਿਸਤਾਨ ਰੇਂਜਰ ਭਗਤ ਸਨ। ਅਵਾਮ ਨੂੰ ਜਿੱਥੇ ਇਸ ਤਿਉਹਾਰ ਦੀ ਵਧਾਈ ਦਿੱਤੀ ਗਈ ਹੈ। ਉੱਥੇ ਹੀ ਉਨ੍ਹਾਂ ਨੂੰ ਪਾਕਿ ਰੇਂਜਰ ਦੇ ਵੱਖ ਵੱਖ ਅਹੁਦੇਦਾਰ ਅਫ਼ਸਰਾਂ ਲਈ ਭਾਰਤ ਵੱਲੋਂ ਮਠਿਆਈਆਂ ਭੇਟ ਕੀਤੀਆਂ ਗਈਆਂ ਹਨ।

**ਰਾਸ਼ਟਰਪਤੀ ਅਤੇ ਮੋਦੀ ਨੇ ਈਦ ਦੀ ਦਿੱਤੀ ਵਧਾਈ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਯਾਨੀ ਕਿ ਅੱਜ ਦੇਸ਼ ਦੇ ਲੋਕਾਂ ਨੂੰ ਈਦ-ਉਲ-ਅਜਹਾ (ਬਕਰੀਦ) ਦੀ ਵਧਾਈ ਦਿੱਤੀ। ਉਨ੍ਹਾਂ ਉਮੀਦ ਜਤਾਈ ਕਿ ਇਹ ਤਿਉਹਾਰ ਸਾਰਿਆਂ ਦੀ ਭਲਾਈ ਦੀ ਭਾਵਨਾ ਨੂੰ ਮਜ਼ਬੂਤ ਕਰਨ ਲਈ ਮਿਲ ਕੇ ਕੰਮ ਕਰਨ ਦੀ ਪ੍ਰੇਰਣਾ ਦੇਵੇ ਅਤੇ ਖ਼ੁਸ਼ਹਾਲੀ ਲਿਆਵੇ। ਪ੍ਰਧਾਨ ਮੰਤਰੀ ਮੋਦੀ ਨੇ ਟਵੀਟ ਕੀਤਾ, ''ਈਦ ਮੁਬਾਰਕ! ਈਦ-ਉਲ-ਅਜਹਾ ਦੀ ਵਧਾਈ। ਇਹ ਤਿਉਹਾਰ ਸਾਡੇ ਸਾਰਿਆਂ ਦੀ ਭਲਾਈ ਦੀ ਭਾਵਨਾ ਨੂੰ ਮਜ਼ਬੂਤ ਕਰਨ ਲਈ ਮਿਲ ਕੇ ਕੰਮ ਕਰਨ ਦੀ ਪ੍ਰੇਰਣਾ ਦੇਵੇ ਅਤੇ ਖ਼ੁਸ਼ਹਾਲੀ ਲਿਆਵੇ।''

ਪ੍ਰਧਾਨ ਮੰਤਰੀ ਤੋਂ ਇਲਾਵਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਵੀ ਦੇਸ਼ ਵਾਸੀਆਂ ਨੂੰ ਈਦ ਦੀ ਵਧਾਈ ਦਿੱਤੀ। ਉਨ੍ਹਾਂ ਨੇ ਕਿਹਾ ਕਿ ਇਹ ਤਿਉਹਾਰ ਬਲੀਦਾਨ ਅਤੇ ਮਨੁੱਖਤਾ ਦੀ ਸੇਵਾ ਦਾ ਪ੍ਰਤੀਕ ਹੈ। ਆਓ, ਇਸ ਮੌਕੇ 'ਤੇ ਮਨੁੱਖੀ ਜਾਤੀ ਦੀ ਸੇਵਾ ਲਈ ਖ਼ੁਦ ਨੂੰ ਸਮਰਪਿਤ ਕਰਨ ਅਤੇ ਦੇਸ਼ ਦੀ ਖ਼ੁਸ਼ਹਾਲੀ ਅਤੇ ਵਿਕਾਸ ਲਈ ਕੰਮ ਕਰਨ ਦਾ ਸੰਕਲਪ ਲਈਏ।

**ਕਾਂਗਰਸ ਵਲੋਂ ਈਦ ਦੀ ਵਧਾਈ**

ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਵੀ ਸਾਰਿਆਂ ਨੂੰ ਬਕਰੀਦ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਟਵਿੱਟਰ 'ਤੇ ਲਿਖਿਆ, ''ਇਹ ਪਾਵਨ ਮੌਕਾ ਸਾਰਿਆਂ ਲਈ ਏਕਤਾ ਦੀ ਭਾਵਨਾ ਅਤੇ ਸਾਰਿਆਂ ਲਈ ਸ਼ਾਂਤੀ, ਖ਼ੁਸ਼ਹਾਲੀ ਅਤੇ ਤਰੱਕੀ ਲਿਆਵੇ।

# ਨੈਸ਼ਨਲ ਯੂਨੀਅਨ ਆਫ਼ ਜਰਨਲਿਸਟ, ਇੰਡੀਆ ਦੀ ਚੋਣ 'ਚ ਅਸ਼ੋਕ ਮਲਿਕ ਪ੍ਰਧਾਨ, ਸੁਰੇਸ਼ ਸ਼ਰਮਾ ਜਨਰਲ ਸਕੱਤਰ ਬਣੇ

**ਚੰਡੀਗੜ੍ਹ–** ਦੇਸ਼ ਦੀ ਪੱਤਰਕਾਰਾਂ ਦੀ ਸਭ ਤੋਂ ਵੱਡੀ ਯੂਨੀਅਨ ਨੈਸ਼ਨਲ ਯੂਨੀਅਨ ਆਫ਼ ਜਰਨਲਿਸਟ, ਇੰਡੀਆ (ਐਨਯੂਜੇਆਈ) ਦੀ ਸਰਬਸੰਮਤੀ ਨਾਲ ਹੋਈ ਚੋਣ ਵਿੱਚ ਦੈਨਿਕ ਟ੍ਰਿਬਿਊਨ ਚੰਡੀਗੜ੍ਹ ਦੇ ਸਾਬਕਾ ਸਹਾਇਕ ਐਡੀਟਰ ਅਸ਼ੋਕ ਮਲਿਕ ਨੂੰ ਸਰਬਸੰਮਤੀ ਨਾਲ ਨਵਾਂ ਕੌਮੀ ਪ੍ਰਧਾਨ ਚੁਣ ਲਿਆ ਗਿਆ ਹੈ। ਜਦੋਂਕਿ ਮੱਧ ਪ੍ਰਦੇਸ਼ ਦੇ ਸੀਨੀਅਰ ਪੱਤਰਕਾਰ ਸੁਰੇਸ਼ ਸ਼ਰਮਾ ਨੂੰ ਜਨਰਲ ਸਕੱਤਰ ਚੁਣਿਆ ਗਿਆ ਹੈ। ਪੱਤਰਕਾਰ ਅਤੇ ਪੰਜਾਬ ਯੂਨੀਅਨ ਆਫ਼ ਜਰਨਲਿਸਟਸ ਦੇ ਪ੍ਰਧਾਨ ਹਰਜਿੰਦਰ ਸਿੰਘ ਲਾਲ ਨੂੰ ਮੀਤ ਪ੍ਰਧਾਨ ਚੁਣਿਆ ਗਿਆ ਹੈ। ਇਸ ਚੋਣ ਦਾ ਐਲਾਨ ਐਨਯੂਜੇਆਈ ਦੇ ਮੁੱਖ ਚੋਣ



ਅਧਿਕਾਰੀ ਬੀ।ਬੀ।ਸੀ ਦੇ ਅਵਤਾਰ ਸਿੰਘ ਅਤੇ ਚੋਣ ਅਧਿਕਾਰੀ ਅਨਿਲ ਗੋਇਲ ਨੇ ਸਾਂਝੇ ਰੂਪ ਵਿਚ ਕੀਤਾ। ਹੋਰ ਅਹੁਦੇਦਾਰਾਂ ਵਿੱਚ ਝਾਰਖੰਡ ਦੇ ਦੀਪਕ ਕੁਮਾਰ ਮੁਖਰਜੀ, ਮੱਧ ਪ੍ਰਦੇਸ਼ ਦੇ ਰਵਿੰਦਰਾ ਵਾਜਪਾਈ, ਤੇਲੰਗਾਨਾ ਦੇ ਵੀ। ਰਾਜਿੰਦਰਨਾਥ ਅਤੇ ਉੱਤਰ ਪ੍ਰਦੇਸ਼ ਦੇ ਤ੍ਰਿਯੁੱਗ ਨਾਰਾਇਣ ਤਿਵਾੜੀ ਨੂੰ ਵੀ ਮੀਤ ਪ੍ਰਧਾਨ ਚੁਣਿਆ ਗਿਆ ਹੈ। ਜਦੋਂਕਿ ਦਿੱਲੀ ਜਰਨਲਿਸਟ ਐਸੋਸੀਏਸ਼ਨ ਦੇ ਸੰਜੀਵ ਕੁਮਾਰ ਨੂੰ ਖ਼ਜ਼ਾਨਚੀ ਚੁਣਿਆ ਗਿਆ ਹੈ। ਉੜੀਸਾ ਦੇ ਅਜੇ ਕੁਮਾਰ ਸਾਹੂ, ਰਾਜਸਥਾਨ ਦੇ ਭਵਾਨੀ ਸ਼ੰਕਰ ਜੋਸ਼ੀ, ਹਿਮਾਚਲ ਪ੍ਰਦੇਸ਼ ਦੇ ਅਦੀਪ ਸੋਨੀ, ਆਂਧਰਾ ਪ੍ਰਦੇਸ਼ ਦੇ ਹੀਰਲ ਆਜ਼ਾਦ, ਅਤੇ ਦਿੱਲੀ ਦੇ ਵਿਨੋਦ ਕੁਮਾਰ ਨੂੰ ਸਕੱਤਰ ਚੁਣਿਆ ਗਿਆ ਹੈ। ਜਦੋਂਕਿ ਭਾਰਤ ਦੇ ਵੱਖ ਵੱਖ ਰਾਜਾਂ ਤੋਂ 31 ਕਾਰਜਕਾਰੀ ਮੈਂਬਰਾਂ ਦੀ ਚੋਣ ਵੀ ਬਿਨਾਂ ਮੁਕਾਬਲਾ ਸਰਬਸੰਮਤੀ ਨਾਲ ਹੋਈ।













Congratulations to Mr. Shashi Paul on his induction as Planning Commissioner of Fairfield City. We are so proud of his accomplishments. He ran a very successful business in Fairfield for theee decades. He is actively involved in Sri Guru Ravidass Temple, Pittsburg. He is a great community leader. We wish him all the best with his new position in the City of Fairfield.

**From Ramesh Suman**

# ਸਪੋਕਨ ਮੁਕਾਬਲੇ ਦੀ ਜੇਤੂ ਵਿਦਿਆਰਥਣ ਅੰਜਲੀ ਦਾ ਸਨਮਾਨ

**ਭਵਾਨੀਗੜ, (ਚਮਨਦੀਪ ਸ਼ਰਮਾ)** ਇੱਥੋਂ ਨਜ਼ਦੀਕ ਜੱਥੇਦਾਰ ਜੰਗੀਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ




ਸਕੂਲ ਫੱਗੂਵਾਲਾ ਵਿਖੇ ਪ੍ਰਿੰਸੀਪਲ ਅਰਜੋਤ ਕੌਰ ਦੀ ਪ੍ਰਧਾਨਗੀ ਵਿੱਚ ਕਰਵਾਏ ਗਏ ਸਨਮਾਨ ਸਮਾਰੋਹ ਦੌਰਾਨ ਜਿਲ੍ਹਾ ਪੱਧਰ ਤੇ ਹੋਏ ਇੰਗਲਿਸ ਸਪੋਕਨ ਦੇ ਹੋਏ ਮੁਕਾਬਲੇ ਵਿੱਚ ਜੇਤੂ ਰਹੀ ਸੱਤਵੀਂ ਦੀ ਵਿਦਿਆਰਥਣ ਅੰਜਲੀ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਊਸਾ ਰਾਣੀ, ਸਰਬਜੀਤ ਕੌਰ, ਨਵਰੀਤ ਕੌਰ, ਸੁਨੀਤਾ ਰਾਣੀ, ਗੋਪਾਲ ਕ੍ਰਿਸ਼ਨ, ਰਮਨਦੀਪ ਆਦਿ ਖਾਸ ਤੌਰ ਤੇ ਹਾਜ਼ਰ ਸਨ। ਸਕੂਲ ਪ੍ਰਿੰਸੀਪਲ ਨੇ ਦੱਸਿਆ ਕਿ ਵਿਭਾਗ ਦੁਆਰਾ ਬੱਚਿਆਂ ਵਿੱਚ ਅੰਗਰੇਜ਼ੀ ਬੋਲਣ ਨੂੰ ਲੈ ਕੇ ਕਰਵਾਏ ਜਾ ਰਹੇ ਮੁਕਾਬਲਿਆਂ ਦੇ ਸਾਕਾਰਤਕਮ ਨਤੀਜੇ ਨਿਕਲੇ ਹਨ। ਜਿਸਦਾ ਲਾਭ ਬੱਚਿਆਂ ਨੂੰ ਭਵਿੱਖ ਵਿੱਚ ਹੋਣਾ ਲਾਜ਼ਮੀ ਹੈ। ਇੰਗਲਿਸ ਬੂਸਟਰ ਕਲੱਬ ਦੀ ਸਥਾਪਨਾ ਨਾਲ ਬੱਚਿਆਂ ਵਿੱਚ ਅੰਗਰੇਜ਼ੀ ਬੋਲਣ ਪ੍ਰਤਿ ਆਤਮਵਿਸ਼ਵਾਸ ਵਧਿਆ ਹੈ। ਗਾਈਡ ਅਧਿਆਪਕਾ ਊਸਾ ਰਾਣੀ ਐੱਸ ਐੱਸ ਮਿਸਟ੍ਰੈੱਸ ਨੇ ਕਿਹਾ ਕਿ ਸਰਕਾਰ ਨੂੰ ਅੰਗਰੇਜ਼ੀ ਵਿਸ਼ੇ ਦੇ ਲਈ ਵਿਸ਼ਾ ਮਾਹਿਰ ਅਧਿਆਪਕਾਂ ਦੀ ਭਰਤੀ ਕਰਨੀ ਚਾਹੀਦੀ ਹੈ ਤਾਂ ਜੋ ਸਰਕਾਰੀ ਸਕੂਲਾਂ ਦੇ ਬੱਚੇ ਫਰਾਟੇਦਾਰ ਅੰਗਰੇਜ਼ੀ ਸਿੱਖ ਕੇ ਆਪਣੇ ਜੀਵਨ ਨੂੰ ਚੰਗੇਰਾ ਬਣਾ ਸਕਣ। ਰੁਜ਼ਗਾਰ ਦੀ ਭਾਸ਼ਾ ਹੋਣ ਕਰਕੇ ਅੰਗਰੇਜ਼ੀ ਦੇ ਮਹੱਤਵ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ। ਇਸ ਵਿਦਿਆਰਥਣ ਦੀ ਸਫਲਤਾ ਦੇ ਲਈ ਜਿਲਾ ਸਿੱਖਿਆ ਅਫ਼ਸਰ (ਸੈ ਸਿੱ) ਕੁਲਤਰਨਜੀਤ ਸਿੰਘ, ਡਿਪਟੀ ਜਿਲਾ ਸਿੱਖਿਆ ਅਫ਼ਸਰ (ਸੈ ਸਿੱ) ਅੰਮ੍ਰਿਤਪਾਲ ਸਿੰਘ, ਬਲਾਕ ਨੋਡਲ ਅਫ਼ਸਰ ਪ੍ਰੀਤਇੰਦਰ ਘਈ ਅਤੇ ਡੀਐੱਮ ਦਵਿੰਦਰ ਸਿੰਘ ਨੇ ਸਮੁੱਚੀ ਟੀਮ ਨੂੰ ਵਧਾਈ ਦਿੱਤੀ।

# ਬਾਲ ਮਜ਼ਦੂਰੀ ਮੁਕਤ ਭਾਰਤ ਲਈ ਰਾਸ਼ਟਰੀ ਯੋਜਨਾ ਤਿਆਰ

**ਨਵੀਂ ਦਿੱਲੀ-** ਭਾਰਤ ਦਾ ਭਵਿੱਖ ਸੰਵਾਰਨਾ ਹੈ ਤਾਂ ਬਾਲ ਮਜ਼ਦੂਰੀ ਨੂੰ ਰੋਕਣਾ ਬੇਹੱਦ ਲਾਜ਼ਮੀ ਹੈ। ਇਸ ਲਈ 14 ਤੋਂ ਵੱਧ ਮੰਤਰਾਲਿਆਂ ਨੇ ਸਾਰੇ ਖੇਤਰਾਂ 'ਚ ਬਾਲ ਮਜ਼ਦੂਰੀ ਨੂੰ ਖ਼ਤਮ ਵੱਲ ਵਿਸ਼ੇਸ਼ ਧਿਆਨ ਦੇਣ ਦੀ ਮੰਗ ਕੀਤੀ ਜਾਂਦੀ ਹੈ ਕਿਉਂਕਿ ਇਨ੍ਹਾਂ ਹਿੱਸਿਆਂ ਵਿਚ ਸਕੂਲ ਛੱਡਣ ਦੀ ਦਰ ਅਤੇ ਬਾਲ ਮਜ਼ਦੂਰੀ ਦੀਆਂ ਘਟਨਾਵਾਂ ਵਧੇਰੇ ਹਨ। ਮੰਤਰਾਲੇ ਨੂੰ ਅਜਿਹੇ



ਕਰਨ ਲਈ ਹੱਥ ਮਿਲਾਇਆ ਹੈ। ਮੰਤਰਾਲਾ ਅਜਿਹੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸਰਕਾਰੀ ਪਹੁੰਚ ਦੇ ਜ਼ਰੀਏ ਬਚਾਅ, ਮੁੜਵਸੇਬੇ ਅਤੇ ਮਦਦ ਲਈ 'ਮਿਸ਼ਨ ਮੋਡ' 'ਚ ਕੰਮ ਕਰੇਗਾ। ਦਰਅਸਲ ਇਹ ਫ਼ੈਸਲਾ ਉਦੋਂ ਹੋਇਆ ਜਦੋਂ ਹਾਲ ਹੀ ਵਿਚ ਇਕ ਸੰਸਦੀ ਪੈਨਲ ਵਲੋਂ ਬਾਲ ਮਜ਼ਦੂਰੀ ਨੂੰ ਖਤਮ ਕਰਨ ਲਈ ਲੋੜੀਂਦੇ ਯਤਨਾਂ ਦੀ ਘਾਟ 'ਤੇ ਸਰਕਾਰ ਨੂੰ ਸਵਾਲ ਕੀਤੇ ਸਨ। 29 ਜੂਨ ਦੀ ਮੀਟਿੰਗ ਵਿਚ ਕਿਰਤ, ਹੁਨਰ ਅਤੇ ਟੈਕਸਟਾਈਲ ਬਾਰੇ ਸੰਸਦੀ ਪੈਨਲ- ਬੀਜੂ ਜਨਤਾ ਦਲ ਦੇ ਭਰਤੂਹਰੀ ਮਹਿਤਾਬ ਦੀ ਪ੍ਰਧਾਨਗੀ ਵਿਚ ਨਿਰਦੇਸ਼ ਦਿੱਤਾ ਸੀ ਕਿ 'ਬਾਲ ਮਜ਼ਦੂਰ ਮੁਕਤ ਭਾਰਤ ਲਈ ਰਾਸ਼ਟਰੀ ਪ੍ਰੋਗਰਾਮ' ਦਾ ਖਰੜਾ ਤਿਆਰ ਕੀਤਾ ਜਾਵੇ। ਮਸੌਦਾ ਹੁਣ 14 ਤੋਂ ਵੱਧ ਮੰਤਰਾਲਿਆਂ ਵਿਚ ਸਰਕੂਲੇਸ਼ਨ ਅਧੀਨ ਹੈ। ਜਿਸ ਦੀ ਪਹਿਲੀ ਤਰਜੀਹ ਜੋ ਪਛਾਣੀ ਗਈ ਹੈ, ਉਹ ਹੈ ਬੱਚੇ ਤੱਕ ਪਹੁੰਚਣਾ ਹੈ। ਕੁੜੀਆਂ, ਪ੍ਰਵਾਸੀ ਆਬਾਦੀ ਅਤੇ ਅਨੁਸੂਚਿਤ ਜਾਤੀ/ਜਨਜਾਤੀ ਬੱਚਿਆਂ ਸਾਰੇ ਹਿੱਸਿਆਂ ਲਈ ਵਜ਼ੀਫੇ, ਵਿਸ਼ੇਸ਼ ਸਹਾਇਤਾ ਅਤੇ ਸਲਾਹ ਦੇਣ ਲਈ ਵੀ ਕਿਹਾ ਗਿਆ ਹੈ।

ਇਹ ਵੀ ਸੁਝਾਅ ਦਿੱਤਾ ਜਾਂਦਾ ਹੈ ਕਿ ਹਰੇਕ ਮੰਤਰਾਲਾ 'ਸਪੱਸ਼ਟ ਸਮਾਂ-ਸੀਮਾ' ਅਤੇ ਸੂਬਾ ਸਰਕਾਰਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਸਮਰਥਨ ਨਾਲ ਸਥਾਨਕ ਵਿਸ਼ੇਸ਼ਤਾਵਾਂ ਅਤੇ ਸੰਸਥਾਗਤ ਸ਼ਕਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ 'ਬਾਲ ਮਜ਼ਦੂਰੀ ਦੇ ਸੰਪੂਰਨ ਖਾਤਮੇ' ਲਈ ਇਕ ਰਣਨੀਤੀ ਤਿਆਰ ਕਰੇ।

ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਅਤੇ ਕਬਾਇਲੀ ਮਾਮਲਿਆਂ ਦਾ ਮੰਤਰਾਲਾ ਉਨ੍ਹਾਂ ਪਰਿਵਾਰਾਂ ਲਈ ਰੋਜ਼ੀ-ਰੋਟੀ ਦੀਆਂ ਯੋਜਨਾਵਾਂ/ਪ੍ਰਾਜੈਕਟ ਤਿਆਰ ਕਰਨ ਵਿਚ ਮਦਦ ਕਰੇਗਾ, ਜਿੱਥੇ ਬਾਲ ਮਜ਼ਦੂਰੀ ਦੀਆਂ ਘਟਨਾਵਾਂ ਨੂੰ ਦੇਖਿਆ ਗਿਆ ਹੈ ਤਾਂ ਜੋ ਇਨ੍ਹਾਂ ਪਰਿਵਾਰਾਂ ਲਈ ਟਿਕਾਊ ਆਮਦਨ ਯਕੀਨੀ ਬਣਾਈ ਜਾ ਸਕੇ।

# ਜ਼ੇਲੇਂਸਕੀ ਨੇ ਪੰਜ ਦੇਸ਼ਾਂ 'ਚ ਯੂਕ੍ਰੇਨੀ ਰਾਜਦੂਤਾਂ ਨੂੰ ਕੀਤਾ ਬਰਖਾਸਤ

**ਕੀਵ-**ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਦੀ ਅਧਿਕਾਰਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਬਿਆਨ ਮੁਤਾਬਕ ਭਾਰਤ ਸਮੇਤ ਪੰਜ ਦੇਸ਼ਾਂ ਵਿੱਚ ਤਾਇਨਾਤ ਯੂਕ੍ਰੇਨ ਦੇ ਰਾਜਦੂਤਾਂ ਨੂੰ ਬਰਖਾਸਤ ਕਰ ਦਿੱਤਾ ਹੈ। ਇਨ੍ਹਾਂ ਵਿਚ ਜਰਮਨੀ, ਭਾਰਤ, ਚੈੱਕ ਗਣਰਾਜ, ਨਾਰਵੇ ਅਤੇ ਹੰਗਰੀ ਸ਼ਾਮਲ ਹਨ। ਸਭ ਤੋਂ ਵੱਡੀ ਹੈਰਾਨੀ ਜਰਮਨੀ ਵਿੱਚ ਤਾਇਨਾਤ ਯੂਕ੍ਰੇਨ ਦੇ ਸੀਨੀਅਰ ਰਾਜ-ਦੂਤ ਆਂਦਰੇ ਮੇਲਨਿਕ ਦੀ ਬਰਖਾਸਤਗੀ ਹੈ। ਉਹ ਯੂਕ੍ਰੇਨ 'ਤੇ ਰੂਸ ਦੇ ਹਮਲੇ ਨੂੰ ਲੈ ਕੇ ਸਭ ਤੋਂ ਵੱਧ ਬੋਲਿਆ ਸੀ। ਬਿਆਨ ਵਿੱਚ ਇਨ੍ਹਾਂ ਰਾਜਦੂਤਾਂ ਨੂੰ ਬਰਖਾਸਤ ਕਰਨ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ ਹੈ। ਅਜੇ ਇਹ ਸਪੱਸ਼ਟ ਨਹੀਂ ਹੈ ਕਿ ਿ ਇ ਨ ੍ ਾਂ ਡਿਪਲੋਮੈਟਾਂ ਨੂੰ ਕੋਈ ਨਵੀਂ ਜ਼ਿੰਮੇਵਾਰੀ ਦਿੱਤੀ ਜਾਵੇਗੀ ਜਾਂ ਨਹੀਂ।

**ਰਾਜਦੂਤਾਂ ਨੂੰ ਅਹੁਦੇ ਤੋਂ ਹਟਾਉਣ ਦੀ ਵਜ੍ਹਾ**

24 ਫਰਵਰੀ ਤੋਂ ਰੂਸ ਦੇ ਹਮਲੇ ਦੇ ਘੇਰੇ ਵਿੱਚ ਆਏ ਯੂਕ੍ਰੇਨ ਨੂੰ ਸਹਾਇਤਾ ਲਈ ਜ਼ੇਲੇਂਸਕੀ ਲਗਾਤਾਰ ਅਪੀਲ ਕਰ ਰਹੇ ਹਨ। ਉਹਨਾਂ ਨੇ ਆਪਣੇ ਦੇਸ਼ ਦੇ ਡਿਪਲੋਮੈਟਾਂ ਨੂੰ ਦੁਨੀਆ ਭਰ ਵਿੱਚ ਯੂਕ੍ਰੇਨ ਲਈ ਅੰਤਰਰਾਸ਼ਟਰੀ ਸਮਰਥਨ ਅਤੇ ਫ਼ੌਜੀ ਸਹਾਇਤਾ ਜੁਟਾਉਣ ਦੀ ਵੀ ਅਪੀਲ ਕੀਤੀ ਹੈ। ਮੰ-ਨਿਆ ਜਾ ਰਿਹਾ ਹੈ ਕਿ ਇਸ ਮਿਸ਼ਨ 'ਚ ਅਸਫਲ ਰਹਿਣ ਕਾਰਨ ਜ਼ੇਲੇਂਸਕੀ ਨੇ ਆਪਣੇ ਪੰਜ ਰਾਜਦੂਤਾਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਹਟਾ ਦਿੱਤਾ ਹੈ। ਹਾਲਾਂਕਿ ਉਨ੍ਹਾਂ ਦੀ ਥਾਂ 'ਤੇ ਅਜੇ ਤੱਕ ਨਵੇਂ ਰਾਜਦੂਤ ਨਿਯੁਕਤ ਨਹੀਂ ਕੀਤੇ ਗਏ ਹਨ।

**ਜਰਮਨੀ 'ਚ ਯੂਕ੍ਰੇਨ ਦੇ ਰਾਜਦੂਤ ਦੀ ਬਰਖਾਸਤਗੀ ਦੀ ਚਰਚਾ**

ਜਰਮਨੀ ਨਾਲ ਯੂਕ੍ਰੇਨ ਦੇ ਸਬੰਧ ਬਹੁਤ ਮਹੱਤਵਪੂਰਨ ਹਨ। ਜਰਮਨੀ ਰੂਸੀ ਊਰਜਾ ਦਾ ਸਭ ਤੋਂ ਵੱਡਾ ਖਰੀਦਦਾਰ ਹੋਣ ਦੇ ਨਾਲ-ਨਾਲ ਯੂਰਪ ਦੀਆਂ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਵਿੱਚੋਂ ਇੱਕ ਹੈ। ਅਜਿਹੇ 'ਚ ਜਰਮਨੀ 'ਚ ਯੂਕ੍ਰੇਨ ਦੇ ਰਾਜਦੂਤ ਆਂਦਰੇ ਮੇਲਨਿਕ ਦੀ ਬਰਖਾਸਤਗੀ ਕਈ ਸਵਾਲ ਖੜ੍ਹੇ ਕਰ ਰਹੀ ਹੈ। ਆਂਡਰੇ ਮੇਲਨਿਕ ਨੂੰ ਜ਼ੇਲੇਂਸਕੀ ਦੀ ਪੂਰਵ ਸਰਕਾਰ ਦੁਆਰਾ 2014 ਦੇ ਅਖੀਰ ਵਿੱਚ ਜਰਮਨੀ ਵਿੱਚ ਰਾਜਦੂਤ ਵਜੋਂ ਨਿਯੁਕਤ ਕੀਤਾ ਗਿਆ ਸੀ। ਮੇਲਨਿਕ ਬਰਲਿਨ ਵਿੱਚ ਸਿਆਸਤਦਾਨਾਂ ਅਤੇ ਡਿਪਲੋਮੈਟਾਂ ਵਿੱਚ ਕਾਫ਼ੀ ਮਸ਼ਹੂਰ ਹੈ।



**ਭਾਰਤ ਤੋਂ ਵੀ ਯੂਕ੍ਰੇਨ ਨੂੰ ਨਹੀਂ ਮਿਲੀ ਇੱਛਾ ਮੁਤਾਬਕ ਮਦਦ**

ਰੂਸ ਨਾਲ ਯੁੱਧ ਵਿਚ ਯੂਕ੍ਰੇਨ ਦੀ ਇੱਛਾ ਭਾਰਤ ਤੋਂ ਹਰ ਸੰਭਵ ਮਦਦ ਲੈਣ ਸੀ ਪਰ ਭਾਰਤ ਸਰਕਾਰ ਨੇ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਰੂਸ ਦਾ ਵਿਰੋਧ ਕਰਕੇ ਕਿਸੇ ਵੀ ਦੇਸ਼ ਦਾ ਸਮਰਥਨ ਨਹੀਂ ਕਰੇਗੀ। ਇਸ ਦੇ ਬਾਵਜੂਦ ਪੀ.ਐੱਮ। ਮੋਦੀ ਨੇ ਯੁੱਧ ਦੀ ਸ਼ੁਰੂਆਤ ਵਿੱਚ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨਾਲ ਗੱਲ ਕੀਤੀ ਅਤੇ ਗੱਲਬਾਤ ਰਾਹੀਂ ਮੁੱਦਿਆਂ ਨੂੰ ਹੱਲ ਕਰਨ ਦੀ ਅਪੀਲ ਕੀਤੀ। ਇੰਨਾ ਹੀ ਨਹੀਂ ਸੰਯੁਕਤ ਰਾਸ਼ਟਰ 'ਚ ਰੂਸ ਖਿਲਾਫ ਲਿਆਂਦੇ ਮਤੇ 'ਤੇ ਭਾਰਤ ਨੇ ਹਰ ਵਾਰ ਵੋਟਿੰਗ ਦਾ ਬਾਈਕਾਟ ਕੀਤਾ।

# ਬਚਪਨ ਨੂੰ ਬਚਾਉਣ ਵਿਚ ਨਿੱਕੀਆਂ ਕਰੂੰਬਲਾਂ ਦਾ ਅਹਿਮ ਯੋਗਦਾਨ - ਜੈ ਕ੍ਰਿਸ਼ਨ ਸਿੰਘ ਰੋੜੀ

**ਮਾਹਿਲਪੁਰ:** ਬਚਪਨ ਨੂੰ ਬਚਾਉਣ ਵਿਚ ਨਿੱਕੀਆਂ ਕਰੂੰਬਲਾਂ ਬਾਲ ਰਸਾਲੇ ਦਾ ਅਹਿਮ ਯੋਗਦਾਨ ਹੈ।ਇਹ ਵਿਚਾਰ ਅੱਜ ਇੱਥੇ ਇਕ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਆਖੇ। ਉਨ੍ਹਾਂ ਅੱਗੇ ਕਿਹਾ ਕਿ ਪੂਰੇ ਪੰਜਾਬ ਵਿੱਚੋਂ ਬੱਚਿਆਂ ਵਾਸਤੇ ਇੱਕੋ ਇੱਕ ਬਾਲ ਰਸਾਲਾ ਪਿਛਲੇ ਤਿੰਨ ਦਹਾਕਿਆਂ ਤੋਂ ਨਿਰੰਤਰ ਛਾਪਿਆ ਜਾ ਰਿਹਾ ਹੈ।ਜਿਸ ਵਾਸਤੇ ਨਿੱਕੀਆਂ ਕਰੂੰਬਲਾਂ ਪਰਿਵਾਰ ਅਤੇ ਬਲਜਿੰਦਰ ਮਾਨ ਵਿਸ਼ੇਸ ਤੌਰ ਤੇ ਵਧਾਈ ਦੇ ਹੱਕਦਾਰ ਹਨ ਜੋ ਨਿਰਸੁਆਰਥੀ ਭਾਵਨਾ ਨਾਲ ਬਾਲ ਸਾਹਿਤ ਰਾਹੀਂ ਬੱਚਿਆਂ ਨੂੰ ਨਰੋਈ ਸੋਚ ਪ੍ਰਦਾਨ ਕਰ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਵੱਲੋਂ ਇਹ ਰਸਾਲਾ ਹਰ ਸਕੂਲ ਵਿੱਚ ਪਹੁੰਚਾਉਣ ਦਾ ਯਤਨ ਕੀਤਾ ਜਾਵੇਗਾ। ਸਾਡੇ ਅਧਿਆਪਕਾਂ ਅਤੇ ਮਾਪਿਆਂ ਦੀ ਵੀ ਇਹ ਜ਼ਿੰ-ਮੇਵਾਰੀ ਬਣਦੀ ਹੈ ਕਿ ਉਹ ਅਜਿਹੇ ਰਸਾਲੇ ਆਪਣੇ ਬੱਚਿਆਂ ਹੱਥ ਪੁੱਜਦੇ ਕਰਨ ਵਿੱਚ ਆਪਣਾ ਯੋਗਦਾਨ ਪਾਉਣ।

"ਸਾਡਾ ਬਚਪਨ ਅਤੇ ਨਿੱਕੀਆਂ ਕਰੂੰਬਲਾਂ" ਵਿਸ਼ੇ ਤੇ ਕਰਵਾਏ ਸੈਮੀਨਾਰ ਦੀ ਪ੍ਰਧਾਨਗੀ ਕਰਦਿਆਂ ਪਰਮਾਨੰਦ ਬ੍ਰਹਮਪੁਰੀ, ਅਮਰੀਕ ਸਿੰਘ ਦਿਆਲ ਜ਼ਿਲ੍ਹਾ ਭਾਸ਼ਾ ਖੋਜ ਅਫ਼ਸਰ, ਰਾਓ ਕੈਂਡੋਵਾਲ ਜ਼ਿਲ੍ਹਾ ਪ੍ਰਧਾਨ ਬੁੱਧੀਜੀਵੀ ਸੈੱਲ,ਬੱਗਾ ਸਿੰਘ ਆਰਟਿਸਟ ਅਤੇ ਡਾ ਵਿਜੇ ਕੁਮਾਰ ਭੱਟੀ ਨੇ ਕਿਹਾ ਕਿ ਅਜਿਹੇ ਰਸਾਲੇ ਪੰਜਾਬ ਦੇ ਹਰ ਜ਼ਿਲ੍ਹੇ ਵਿੱਚੋਂ ਛਪਣੇ ਚਾਹੀਦੇ ਹਨ ਪਰ ਅਜਿਹਾ ਨਹੀਂ ਹੋ ਰਿਹਾ । ਕਾਰਨ ਇੱਕੋ ਹੈ ਕਿ ਹਰ ਕੋਈ ਬਿਜਨੈੱਸ ਕਰਨਾ ਚਾਹੁੰਦਾ ਪਰ ਬਲਜਿੰਦਰ ਮਾਨ ਵਾਂਗ ਘਰ ਫੂਕ ਤਮਾਸ਼ਾ ਦੇਖਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ।



ਇਸ ਮੌਕੇ ਸੁਰ ਸੰਗਮ ਵਿੱਦਿਅਕ ਟਰੱਸਟ ਵੱਲੋਂ ਸਰਦਾਰ ਜੈ ਕ੍ਰਿਸ਼ਨ ਸਿੰਘ ਰੌੜੀ ਨੂੰ ਪੁਸਤਕਾਂ ਦਾ ਸੈੱਟ ਵੀ ਭੇਟ ਕੀਤਾ ਗਿਆ।ਸਕੂਲੀ ਵਿਦਿਆਰਥੀਆਂ ਵੱਲੋਂ ਇਕ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ।ਸੈਮੀਨਾਰ ਵਿੱਚ ਵੈਦ ਬਲਰਾਜ ਸ਼ਰਮਾ, ਸੁਪਰਡੈਂਟ ਕੇਵਲ ਸਿੰਘ, ਪ੍ਰਿੰਸੀਪਲ ਮਨਜੀਤ ਕੌਰ, ਕੁਲਦੀਪ ਕੌਰ ਬੈਂਸ, ਹਰਮਨਪ੍ਰੀਤ ਕੌਰ, ਰਵਨੀਤ ਕੌਰ,ਹਰਵੀਰ ਮਾਨ,ਪੰਮੀ ਖੁਸ਼ਹਾਲਪੁਰੀ, ਸੁਖਮਨ ਸਿੰਘ,ਪਵਨ ਕੁਮਾਰ, ਮਨਜਿੰਦਰ ਸਿੰਘ ਸਮੇਤ ਅਧਿਆਪਕ,ਮਾਪੇ ਅਤੇ ਵਿਦਿਆਰਥੀ ਸ਼ਾਮਲ ਹੋਏ।

# ਚਾਰ ਹੋਣਹਾਰ ਵਿਦਿਆਰਥਣਾਂ ਨੇ ਜਿੱਤਿਆ ਈਬੀਸੀ ਮੁਕਾਬਲਾ



**ਭਵਾਨੀਗੜ, 12 ਜੁਲਾਈ (ਚਮਨਦੀਪ ਸ਼ਰਮਾ)** ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ ਪ੍ਰੋਜੈਕਟ ਦੇ ਤਹਿਤ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਕੁਲਤਰਨਜੀਤ ਸਿੰਘ ਦੀ ਅਗਵਾਈ ਵਿਚ ਕਰਵਾਏ ਜਾਂਦੇ ਨਿੱਤ ਈਬੀਸੀ ਮੁਕਾਬਲਿਆਂ ਵਿਚ ਬਲਾਕ ਅਧੀਨ ਆਉਂਦੇ ਸਸਸਸ ਭੜੋ, ਸਸਸਸ ਚੰਨੋ, ਸ਼ਹੀਦ ਮੇਜਰ ਸਿੰਘ ਸਸਸਸ ਭੁੱਲਰਹੇੜੀ ਦੀਆਂ ਚਾਰ ਵਿਦਿਆਰਥਣਾਂ ਸਿਮਰਨਜੀਤ ਕੌਰ ਭੜੋ, ਜਸਪ੍ਰੀਤ ਕੌਰ, ਸਿਮਰਨਜੀਤ ਕੌਰ ਚੰਨੋ, ਮਮਤਾ ਰਾਣੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਜਿਲਾ ਮੈਂਟਰ ਅੰਗਰੇਜ਼ੀ ਦਵਿੰਦਰ ਸਿੰਘ ਨੇ ਦੱਸਿਆ ਕਿ ਇਹਨਾਂ ਵਿਦਿਆਰਥਣਾਂ ਦੀ ਚੋਣ ਪਬਲਿਕ ਸਪੀਕਿੰਗ ਦੇ ਲਈ ਕੀਤੀ ਗਈ ਹੈ। ਬਲਾਕ ਦੇ ਅਧਿਆਪਕਾਂ ਦੀ ਸਖ਼ਤ ਮੇਹਨਤ ਸਦਕਾ ਹੁਣ ਤੱਕ 165 ਦੇ ਕਰੀਬ ਵਿਦਿਆਰਥੀ ਜ਼ਿਲ੍ਹਾ ਜੇਤੂ ਰਹਿ ਚੁੱਕੇ ਹਨ। ਉਹਨਾਂ ਦੱਸਿਆ ਕਿ ਅੰਗਰੇਜ਼ੀ ਬੋਲਣ ਦੀ ਪਰਪੱਕਤਾ ਲਈ ਕਰਾਏ ਜਾ ਰਹੇ ਈਬੀਸੀ ਮੁਕਾਬਲੇ ਬੱਚਿਆਂ ਲਈ ਬੇਹੱਦ ਲਾਭਦਾਇਕ ਸਿੱਧ ਹੋ ਰਹੇ ਹਨ। ਉਕਤ ਸਕੂਲਾਂ ਦੇ ਪ੍ਰਿੰਸੀਪਲ ਮਨਜੀਤ ਕੌਰ, ਪ੍ਰੀਤਇੰਦਰ ਘਈ, ਸੁਰਿੰਦਰ ਕੌਰ ਨੇ ਵਿਭਾਗ ਦੇ ਉਪਰਾਲੇ ਦੀ ਤਾਰੀਫ਼ ਕਰਦੇ ਹੋਏ ਦੱਸਿਆ ਕਿ ਇਸ ਜਿੱਤ ਦਾ ਸਿਹਰਾ ਪਰਮਿੰਦਰ ਕੌਰ ਐੱਸ ਸ਼ਐੱਸਨਧਿਆਪਕਾ, ਪਰਮੀਤ ਕੌਰ ਅੰਗਰੇਜ਼ੀ ਅਧਿਆਪਕਾ, ਤਰੁਣਜੀਤ ਕੌਰ/ਕਿਰਨਜੀਤ ਕੌਰ ਅੰਗਰੇਜ਼ੀ ਅਧਿਆਪਕਾ ਨੂੰ ਜਾਂਦਾ ਹੈ। ਉਹਨਾਂ ਦੱਸਿਆ ਕਿ ਅਧਿਆਪਕ ਗਰਮੀ ਦੀਆਂ ਛੁੱਟੀਆਂ ਵਿਚ ਵੀ ਬੱਚਿਆਂ ਨਾਲ ਤਾਲਮੇਲ ਕਰਕੇ ਮੁਕਾਬਲੇ ਦੀ ਤਿਆਰੀ ਕਰਵਾਉਂਦੇ ਰਹੇ ਸੀ। ਇਸ ਮੌਕੇ ਉਪ ਜਿਲਾ ਸਿੱਖਿਆ ਅਫਸਰ (ਸੈਸਿ) ਅੰਗਰੇਜ਼ ਸਿੰਘ, ਬਲਾਕ ਨੋਡਲ ਅਫਸਰ ਪ੍ਰੀਤਇੰਦਰ ਘਈ, ਡੀਐੱਮ ਦਵਿੰਦਰ ਸਿੰਘ ਆਦਿ ਨੇ ਜੇਤੂ ਸਕੂਲਾਂ ਨੂੰ ਵਧਾਈ ਦਿੱਤੀ।

***

# ਗੈਰ-ਕਾਨੂੰਨੀ ਫੋਨ ਟੈਪਿੰਗ ਮਾਮਲਾ: ਸੀਬੀਆਈ ਨੇ ਮੁੰਬਈ ਦੇ ਸਾਬਕਾ ਪੁਲਿਸ ਕਮਿਸ਼ਨਰ ਸੰਜੇ ਪਾਂਡੇ ਖ਼ਿਲਾਫ਼ ਦਰਜ ਕੀਤੀ ਐਫਆਈਆਰ

ਦੋਸ਼ ਹੈ ਕਿ ਆਈਸੈਕ ਸਕਿਓਰਿਟੀਜ਼ ਪ੍ਰਾ। ਲਿਮਟਿਡ, ਕੁਝ ਹੋਰਾਂ ਵਿੱਚੋਂ ਇੱਕ ਫਰਮ ਜਿਸ ਨੇ 2009-17 ਦੌਰਾਨ ਐਨਐਸਸੀ ਦੇ ਸੁਰੱਖਿਆ ਆਡਿਟ ਦਾ ਸੰਚਾਲਨ ਕੀਤਾ ਸੀ, ਨੇ ਗੈਰ-ਕਾਨੂੰਨੀ ਤੌਰ 'ਤੇ ਐਨਐਸਸੀ ਕਰਮਚਾਰੀਆਂ ਦੇ ਫੋਨ ਟੈਪ ਕੀਤੇ ਸਨ, ਸੀਬੀਆਈ ਨੇ ਕਿਹਾ। ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਸਾਬਕਾ ਮੁੰਬਈ ਪੁਲਿਸ ਕਮਿਸ਼ਨਰ ਸੰਜੇ ਪਾਂਡੇ ਅਤੇ ਐਨਐਸਈ ਦੀ ਸਾਬਕਾ ਐਮਡੀ ਅਤੇ ਸੀਈਓ ਚਿੱਤਰਾ ਰਾਮਕ੍ਰਿਸ਼ਨ ਦੇ ਖਿਲਾਫ ਸਾਬਕਾ ਸੂਚਨਾ ਤਕਨਾਲੋਜੀ ਕੰਪਨੀ ਦੁਆਰਾ ਸ਼ੇਅਰ ਬਾਜ਼ਾਰ ਦੇ ਕਰਮਚਾਰੀਆਂ ਦੇ ਕਥਿਤ ਗੈਰ ਕਾਨੂੰਨੀ ਫੋਨ ਟੈਪਿੰਗ ਦੇ ਸਬੰਧ ਵਿੱਚ ਐਫਆਈਆਰ ਦਰਜ ਕੀਤੀ ਹੈ। ਸ਼ੁੱਕਰਵਾਰ ਨੂੰ ਪੀ।ਟੀ।ਆਈ। ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰਾਲੇ ਦੀ ਸ਼ਿਕਾਇਤ ਤੋਂ ਬਾਅਦ ਸੀਬੀਆਈ ਦੀ ਕਾਰਵਾਈ ਹੋਈ ਹੈ।

ਰਾਮਕ੍ਰਿਸ਼ਨ, ਜੋ ਐਨਐਸਈ ਸਹਿ-ਸਥਾਨ ਘੁਟਾਲੇ ਦੇ ਸਬੰਧ ਵਿੱਚ ਨਿਆਂਇਕ ਹਿਰਾਸਤ ਵਿੱਚ ਹੈ, ਸੀਬੀਆਈ ਨੇ ਪਾਂਡੇ ਤੋਂ ਇਲਾਵਾ ਇੱਕ ਹੋਰ ਸਾਬਕਾ ਨੈਸ਼ਨਲ ਸਟਾਕ ਐਕਸਚੇਂਜ (ਐਨਐਸਈ) ਦੇ ਸੀਈਓ ਅਤੇ ਐਮਡੀ ਰਵੀ ਨਰਾਇਣ ਨੂੰ ਵੀ ਨਾਮਜ਼ਦ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸੀਬੀਆਈ ਪਾਂਡੇ ਖ਼ਿਲਾਫ਼ ਐਫਆਈਆਰ ਦੇ ਸਬੰਧ ਵਿੱਚ ਦਿੱਲੀ-ਐਨਸੀਆਰ, ਮੁੰਬਈ, ਪੁਣੇ, ਕੋਟਾ, ਲਖਨਊ, ਚੰਡੀਗੜ੍ਹ ਅਤੇ ਹੋਰ ਸ਼ਹਿਰਾਂ ਵਿੱਚ 20 ਥਾਵਾਂ 'ਤੇ ਤਲਾਸ਼ੀ ਲੈ ਰਹੀ ਹੈ।



ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਸੀਬਆਈ ਨੇ ਸਾਬਕਾ ਮੁੰਬਈ ਪੁਲਿਸ ਕਮਿਸ਼ਨਰ ਸੰਜੇ ਪਾਂਡੇ ਅਤੇ ਐਨ ਐਸ ਈ ਦੀ ਸਾਬਕਾ ਐਮਡੀ ਅਤੇ ਸੀਈਓ ਚਿੱਤਰਾ ਰਾਮਕ੍ਰਿਸ਼ਨ ਦੇ ਖਿਲਾਫ ਸਾਬਕਾ ਦੀ ਸੂਚਨਾ ਤਕਨਾਲੋਜੀ ਕੰਪਨੀ ਦੁਆਰਾ ਸ਼ੇਅਰ ਬਾਜ਼ਾਰ ਦੇ ਕਰਮਚਾਰੀਆਂ ਦੇ ਕਥਿਤ ਗੈਰ-ਕਾਨੂੰਨੀ ਫੋਨ ਟੈਪਿੰਗ ਲਈ ਐਫਆਈਆਰ ਦਰਜ ਕੀਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰਾਲੇ ਦੀ ਸ਼ਿਕਾਇਤ ਤੋਂ ਬਾਅਦ ਸੀਬੀਆਈ ਦੀ ਕਾਰਵਾਈ ਹੋਈ ਹੈ।

ਪਾਂਡੇ ਅਤੇ ਰਾਮਕ੍ਰਿਸ਼ਨ ਤੋਂ ਇਲਾਵਾ, ਜੋ ਐਨਐਸਈ ਸਹਿ-ਸਥਾਨ ਘੁਟਾਲੇ ਦੇ ਸਬੰਧ ਵਿੱਚ ਨਿਆਂਇਕ ਹਿਰਾਸਤ ਵਿੱਚ ਹਨ, ਸੀਬੀਆਈ ਨੇ ਇਸ ਕੇਸ ਵਿੱਚ ਨੈਸ਼ਨਲ ਸਟਾਕ ਐਕਸਚੇਂਜ (ਐਨਐਸਈ) ਦੇ ਇੱਕ ਹੋਰ ਸਾਬਕਾ ਸੀਈਓ ਅਤੇ ਐਮਡੀ ਰਵੀ ਨਰਾਇਣ ਦਾ ਨਾਮ ਵੀ ਲਿਆ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਸੀਬੀਆਈ ਪਾਂਡੇ ਵਿਰੁੱਧ ਐਫਆਈਆਰ ਦੇ ਸਬੰਧ ਵਿੱਚ ਦਿੱਲੀ-ਐਨਸੀਆਰ, ਮੁੰਬਈ, ਪੁਣੇ, ਕੋਟਾ, ਲਖਨਊ, ਚੰਡੀਗੜ੍ਹ ਅਤੇ ਹੋਰ ਸ਼ਹਿਰਾਂ ਵਿੱਚ 20 ਥਾਵਾਂ 'ਤੇ ਤਲਾਸ਼ੀ ਲੈ ਰਹੀ ਹੈ।

ਸੀਬੀਆਈ ਨੇ ਕਿਹਾ ਕਿ ਇਹ ਦੋਸ਼ ਹੈ ਕਿ ਐਨਐਸਈ ਦਾ ਸੁਰੱਖਿਆ ਆਡਿਟ ਕਰਨ ਵਾਲੇ ਕੁਝ ਹੋਰਾਂ ਵਿੱਚੋਂ ਇੱਕ ਫਰਮ ਆਈਸੇਕਚ ਸਿਕਿਓਰਿਟੀਜ਼ ਪ੍ਰਾਈਵੇਟ ਲਿਮਟਿਡ ਨੇ 2009-17 ਦੌਰਾਨ ਗੈਰ-ਕਾਨੂੰਨੀ ਢੰਗ ਨਾਲ ਐਨਐਸਈ ਕਰਮਚਾਰੀਆਂ ਦੇ ਫੋਨ ਟੈਪ ਕੀਤੇ ਸਨ। ਕੰਪਨੀ ਨੇ ਉਸ ਸਮੇਂ ਆਡਿਟ ਕੀਤਾ ਸੀ ਜਦੋਂ ਸਹਿ-ਸਥਾਨ ਦੀਆਂ ਬੇਨਿਯਮੀਆਂ ਹੋਣ ਦਾ ਦੋਸ਼ ਹੈ। ਪਾਂਡੇ ਦੁਆਰਾ ਮਾਰਚ 2001 ਵਿੱਚ ਕੰਪਨੀ ਦੀ ਸਥਾਪਨਾ ਕੀਤੀ ਗਈ ਸੀ ਅਤੇ ਉਸਨੇ ਮਈ 2006 ਵਿੱਚ ਇਸਦੇ ਨਿਰਦੇਸ਼ਕ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਉਸਦੇ ਪੁੱਤਰ ਅਤੇ ਮਾਂ ਨੇ ਬਾਅਦ ਵਿੱਚ ਚਾਰਜ ਸੰਭਾਲ ਲਿਆ ਸੀ। ਪੁਲਿਸ ਅਧਿਕਾਰੀ, ਜਿਸ ਨੇ ਆਈਆਈਟੀ-ਕਾਨਪੁਰ ਅਤੇ ਹਾਰਵਰਡ ਯੂਨੀਵਰਸਿਟੀ ਤੋਂ ਪੜ੍ਹਾਈ ਕੀਤੀ, ਸਮਝਿਆ ਜਾਂਦਾ ਹੈ ਕਿ ਉਸਨੇ ਨੌਕਰੀ ਤੋਂ ਅਸਤੀਫਾ ਦੇਣ ਤੋਂ ਬਾਅਦ ਕੰਪਨੀ ਦੀ ਸਥਾਪਨਾ ਕੀਤੀ ਸੀ। ਉਨ੍ਹਾਂ ਦਾ ਅਸਤੀਫਾ ਸੂਬਾ ਸਰਕਾਰ ਨੇ ਪ੍ਰਵਾਨ ਨਹੀਂ ਕੀਤਾ ਅਤੇ ਉਹ ਮੁੜ ਜੁਆਇਨ ਕਰ ਗਏ ਪਰ ਉਨ੍ਹਾਂ ਨੂੰ ਤੁਰੰਤ ਅਹੁਦਾ ਨਹੀਂ ਦਿੱਤਾ ਗਿਆ। ਉਨ੍ਹਾਂ ਨੂੰ ਸਾਬਕਾ ਮੁੱਖ ਮੰਤਰੀ ਊਧਵ ਠਾਕਰੇ ਦੀ ਅਗਵਾਈ ਵਾਲੀ ਐਮਵੀਏ ਸਰਕਾਰ ਦੌਰਾਨ ਮੁੰਬਈ ਪੁਲਿਸ ਕਮਿਸ਼ਨਰ ਬਣਾਇਆ ਗਿਆ ਸੀ।

**- ਇੰਜੀ ਹਰਦੀਪ ਸਿੰਘ ਚੁੰਬਰ**

# ਜ਼ੀਰਕਪੁਰ 'ਚ ਭਾਰੀ ਮੀਂਹ ਕਾਰਨ ਸੜਕਾਂ 'ਤੇ ਪਾਣੀ ਭਰ ਜਾਣ ਕਾਰਨ ਇਕ ਸਕੂਲੀ ਬੱਸ ਖੱਡ 'ਚ ਡਿੱਗ ਗਈ

ਜ਼ੀਰਕਪੁਰ 'ਚ ਭਾਰੀ ਮੀਂਹ ਕਾਰਨ ਸੜਕਾਂ 'ਤੇ ਪਾਣੀ ਭਰ ਜਾਣ ਕਾਰਨ ਇਕ ਸਕੂਲੀ ਬੱਸ ਖੱਡ 'ਚ ਡਿੱਗ ਗਈ, ਹਾਲਾਂਕਿ ਬੱਸ 'ਚ ਸਵਾਰ ਸਾਰੇ ਬੱਚਿਆਂ ਨੂੰ ਬਾਹਰ ਕੱਢ ਲਿਆ ਗਿਆ ਹੈ। ਮਿਲੀ ਜਾਣਕਾਰੀ ਦੇ ਅਨੁਸਾਰ ਜ਼ੀਰਕਪੁਰ ਦੇ ਨੇੜਲੇ ਪਿੰਡ ਭਬਾਤ ਵਿੱਚ ਇੱਕ ਸਕੂਲੀ ਬੱਸ ਬਰਸਾਤੀ ਪਾਣੀ ਨਾਲ ਭਰੇ ਨਾਲੇ ਵਿੱਚ ਪਲਟ ਗਈ ਪਰ ਕਿਸੇ ਤਰ੍ਹਾਂ ਦਾ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਸੂਤਰਾਂ ਮੁਤਾਬਕ ਪੰਚਕੂਲਾ 'ਚ ਇਕ ਨਿੱਜੀ ਸਕੂਲ ਦੀ ਬੱਸ ਸੜਕ 'ਤੇ ਪਾਣੀ ਭਰ ਜਾਣ ਕਾਰਨ ਅਸੰਤੁਲਨ ਕਾਰਨ ਖਾਈ 'ਚ ਡਿੱਗ ਗਈ।

ਬੱਸ ਵਿੱਚ ਕਰੀਬ 16 ਬੱਚੇ ਸਵਾਰ ਦੱਸੇ ਜਾਂਦੇ ਹਨ। ਮਿਲੀ ਜਾਣਕਾਰੀ ਅਨੁਸਾਰ ਮੀਂਹ ਕਾਰਨ ਸੜਕ 'ਤੇ ਪਾਣੀ ਭਰ ਗਿਆ ਸੀ। ਜਦੋਂ ਡਰਾਈਵਰ ਸਾਹਮਣੇ ਤੋਂ ਆ ਰਹੀ ਇਕ ਹੋਰ ਸਕੂਲੀ ਬੱਸ ਨਾਲ ਸਾਈਡ ਮਾਰਨ ਲੱਗਾ ਤਾਂ ਇਹ ਸੜਕ



ਦੇ ਖੱਬੇ ਪਾਸੇ ਖਾਈ ਵਿਚ ਜਾ ਟਕਰਾਈ। ਲੋਕਾਂ ਨੇ ਬੱਚਿਆਂ ਨੂੰ ਬਾਹਰ ਕੱਢਿਆ। ਫਿਰ ਬੱਚਿਆਂ ਨੂੰ ਦੂਜੀ ਬੱਸ ਰਾਹੀਂ ਸਕੂਲ ਭੇਜਿਆ ਗਿਆ।ਜ਼ੀਰਕਪੁਰ 'ਚ ਪੰਚਕੂਲਾ ਦੀ ਸਕੂਲੀ ਬੱਸ ਖੱਡ 'ਚ ਡਿੱਗੀ ਵਿਦਿਆਰਥੀਆਂ ਨੂੰ ਬਚਾਇਆ ਗਿਆ

ਜਦੋਂ ਇਹ ਹਾਦਸਾ ਵਾਪਰਿਆ ਤਾਂ ਬੱਸ ਇਕ ਹੋਰ ਸਕੂਲੀ ਬੱਸ ਲਈ ਰਸਤਾ ਬਣਾ ਰਹੀ ਸੀ, ਜ਼ੀਰਕਪੁਰ ਦੇ ਪਿੰਡ ਦੌਲਤ ਸਿੰਘਵਾਲਾ ਨੇੜੇ ਬੁੱਧਵਾਰ ਨੂੰ ਵਿਦਿਆਰਥੀ ਉਸ ਸਮੇਂ ਵਾਲ-ਵਾਲ ਬਚ ਗਏ, ਜਦੋਂ ਉਹ ਸਕੂਲ ਬੱਸ ਵਿੱਚ ਸਫਰ ਕਰ ਰਹੇ ਸਨ। ਬਲੂ ਬਰਡ ਹਾਈ ਸਕੂਲ, ਪੰਚਕੂਲਾ ਦੀ ਬੱਸ ਸਵੇਰੇ 8 ਵਜੇ ਦੇ ਕਰੀਬ ਇਕ ਹੋਰ ਸਕੂਲੀ ਬੱਸ ਨੂੰ ਲੰਘਣ ਲਈ ਰਾਹ ਬਣਾ ਰਹੀ ਸੀ, ਜਦੋਂ ਉਹ ਪਾਣੀ ਭਰੀ ਖਾਈ ਵਿਚ ਫਿਸਲ ਗਈ। ਰਾਹਗੀਰਾਂ ਨੇ ਡਰਾਈਵਰ ਸਾਈਡ ਦੇ ਦਰਵਾਜ਼ੇ ਰਾਹੀਂ ਸਕੂਲੀ ਬੱਚਿਆਂ ਨੂੰ ਬਚਾਇਆ। ਇਸ ਹਾਦਸੇ 'ਚ ਕੋਈ ਗੰਭੀਰ ਸੱਟ ਨਹੀਂ ਲੱਗੀ ਪਰ ਬੱਚੇ ਇਸ ਹਾਦਸੇ 'ਚ ਹਿੱਲ ਗਏ। ਪਿੰਡ ਵਾਸੀਆਂ ਨੇ ਦੱਸਿਆ ਕਿ ਸ਼ਿਵ ਐਨਕਲੇਵ ਤੋਂ ਪਭਾਤ ਤੱਕ ਸੜਕ ਦੇ ਦੋਵੇਂ ਪਾਸੇ ਨਿਕਾਸੀ ਦਾ ਕੰਮ ਹੋਣ ਕਾਰਨ ਸੜਕ ਤੰਗ ਹੋ ਗਈ ਹੈ ਪਰ ਸੀਵਰੇਜ ਦੀਆਂ ਪਾਈਪਾਂ ਪਾਉਣੀਆਂ ਬਾਕੀ ਹਨ। ਰਜਬਾਹੇ ਨੇੜੇ ਬਣਿਆ ਪੁਲ ਵੀ ਮਿੱਟੀ ਖਿਸਕਣ ਕਾਰਨ ਕਮਜ਼ੋਰ ਸੀ ਅਤੇ ਅਕਸਰ ਹਾਦਸੇ ਵਾਪਰਦੇ ਰਹਿੰਦੇ ਹਨ।


**- ਇੰਜੀ ਹਰਦੀਪ ਸਿੰਘ ਚੁੰਬਰ**

# ਦਿੱਲੀ 'ਚ ਬ੍ਰੇਨ ਡੈੱਡ ਆਟੋਰਿਕਸ਼ਾ ਡਰਾਈਵਰ ਦੇ ਪਰਿਵਾਰ ਨੇ ਦਾਨ ਕੀਤੇ ਅੰਗ, ਬਚਾਈਆਂ 4 ਜਾਨਾਂ

ਬਿਹਾਰ ਤੋਂ ਇੱਕ ਆਟੋਰਿਕਸ਼ਾ ਚਾਲਕ ਜੋ 30 ਜੂਨ ਨੂੰ ਦਿੱਲੀ ਆਇਆ ਸੀ ਅਤੇ 1 ਜੁਲਾਈ ਨੂੰ ਦੁਖਦਾਈ ਤੌਰ 'ਤੇ ਮੌਤ ਹੋ ਗਈ ਸੀ, ਨੇ ਆਪਣੀ ਮੌਤ ਤੋਂ ਬਾਅਦ ਚਾਰ ਲੋਕਾਂ ਨੂੰ ਬਚਾ ਲਿਆ ਹੈ।

ਕਾਰੂ ਸਿੰਘ ਆਪਣੀ ਧੀ ਲਈ ਵਿਆਹ ਦੇ ਸਬੰਧ ਨੂੰ ਰਸਮੀ ਬਣਾਉਣ ਲਈ ਰਾਜਧਾਨੀ ਦਾ ਦੌਰਾ ਕਰ ਰਿਹਾ ਸੀ। 30 ਜੂਨ ਨੂੰ ਲੰਬਾ ਸਫ਼ਰ ਕਰਨ ਤੋਂ ਬਾਅਦ, ਉਹ ਕਿਸੇ ਰਿਸ਼ਤੇਦਾਰ ਦੀ ਛੱਤ 'ਤੇ ਸੌਂ ਰਿਹਾ ਸੀ ਜਦੋਂ ਅੱਧੀ ਰਾਤ ਨੂੰ ਟਾਇਲਟ ਦੀ ਵਰਤੋਂ ਕਰਨ ਲਈ ਜਾਗਣ ਦਾ ਕੰਮ 45 ਸਾਲਾ ਵਿਅਕਤੀ ਲਈ ਘਾਤਕ ਸਾਬਤ ਹੋਇਆ।

"ਰਾਤ ਨੂੰ ਉਹ ਜਾਗਿਆ ਅਤੇ ਬਦਕਿਸਮਤੀ ਨਾਲ ਪੌੜੀਆਂ ਦੀ ਦਿਸ਼ਾ ਬਾਰੇ ਉਲਝਣ ਵਿੱਚ ਪੈ ਗਿਆ। ਉਹ ਛੱਤ ਤੋਂ ਡਿੱਗ ਗਿਆ ਅਤੇ 1 ਜੁਲਾਈ ਨੂੰ ਸਵੇਰੇ 1 ਵਜੇ ਦੇ ਕਰੀਬ ਚਿੰਤਾਜਨਕ ਪਰਿਵਾਰ ਵੱਲੋਂ ਉਸ ਨੂੰ ਏਮਜ਼ ਟਰਾਮਾ ਸੈਂਟਰ ਲਿਜਾਇਆ ਗਿਆ। ਉਸ ਨੂੰ ਬਚਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ, ਉਸੇ ਦਿਨ ਸ਼ਾਮ 4।13 ਵਜੇ ਉਸ ਨੂੰ ਬ੍ਰੇਨ ਸਟੈਮ ਡੈੱਡ ਐਲਾਨ ਦਿੱਤਾ ਗਿਆ। ਏਮਜ਼ ਵਿੱਚ ਸਥਿਤ ਆਰਗਨ ਰਿਟਰੀਵਲ ਬੈਂਕਿੰਗ ਆਰਗੇਨਾਈਜੇਸ਼ਨ (ਓਆਰਬੀਓ) ਦੇ ਡਾਕਟਰਾਂ ਅਤੇ ਟ੍ਰਾਂਸਪਲਾਂਟ ਕੋਆਰਡੀਨੇਟਰਾਂ ਦੁਆਰਾ ਅੰਗ ਦਾਨ ਦੇ ਵਿਕਲਪ ਬਾਰੇ ਸੂਚਿਤ ਕੀਤੇ ਜਾਣ ਤੋਂ ਬਾਅਦ, ਪਰਿਵਾਰ ਅੱਗੇ ਆਇਆ ਅਤੇ ਅੰਗ ਦਾਨ ਦੇ ਹੱਕ ਵਿੱਚ ਫੈਸਲਾ ਲਿਆ।




"ਸਾਡੇ ਪਿਤਾ ਨਾਲ ਜੋ ਵਾਪਰਿਆ ਹੈ ਉਹ ਮੰਦਭਾਗਾ ਹੈ, ਪਰ ਜੇਕਰ ਉਨ੍ਹਾਂ ਦੇ ਦਾਨ ਕੀਤੇ ਅੰਗ ਦੁੱਖਾਂ ਨੂੰ ਖਤਮ ਕਰ ਸਕਦੇ ਹਨ ਅਤੇ ਗੁਰਦੇ, ਜਿਗਰ ਜਾਂ ਦਿਲ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਲੋਕਾਂ ਨੂੰ ਨਵੀਂ ਜ਼ਿੰਦਗੀ ਦੇ ਸਕਦੇ ਹਨ, ਤਾਂ ਅਸੀਂ ਇਸਨੂੰ ਧਾਰਮਿਕਤਾ, ਨੇਕੀ ਅਤੇ ਪੁੰਨ ਦਾ ਕੰਮ ਮੰਨਦੇ ਹਾਂ", "ਧੀ ਨੇ ਕਿਹਾ ।ਡਾਕਟਰਾਂ ਅਤੇ ਟ੍ਰਾਂਸਪਲਾਂਟ ਕੋਆਰਡੀਨੇਟਰਾਂ ਦੁਆਰਾ ਅੰਗ ਦਾਨ ਦੇ ਵਿਕਲਪ ਬਾਰੇ ਸੂਚਿਤ ਕੀਤੇ ਜਾਣ 'ਤੇ, ਕਰੂ ਸਿੰਘ ਦੇ ਪਰਿਵਾਰ ਨੇ ਅੱਗੇ ਆ ਕੇ ਅੰਗ ਦਾਨ ਦੇ ਹੱਕ ਵਿੱਚ ਫੈਸਲਾ ਕੀਤਾ। ਏਮਜ਼ ਦੇ ਮਾਹਿਰਾਂ ਨੇ ਦੱਸਿਆ ਕਿ ਮ੍ਰਿਤਕ ਦੇ ਅੰਗ 2 ਜੁਲਾਈ ਨੂੰ ਮੁੜ ਪ੍ਰਾਪਤ ਕੀਤੇ ਗਏ ਸਨ। ਦਾਨ ਕੀਤੇ ਦਿਲ ਨੂੰ 40 ਸਾਲਾ ਔਰਤ ਵਿੱਚ ਟਰਾਂਸਪਲਾਂਟ ਕੀਤਾ ਗਿਆ ਸੀ; ਇੱਕ 62 ਸਾਲ ਦੀ ਉਮਰ ਦੇ ਮਰਦ ਨੂੰ ਜਿਗਰ ਪ੍ਰਾਪਤ ਹੋਇਆ; ਇੱਕ ਗੁਰਦਾ ਏਮਜ਼ ਦਿੱਲੀ ਵਿੱਚ ਇੱਕ 56 ਸਾਲਾ ਔਰਤ ਨੂੰ ਟਰਾਂਸਪਲਾਂਟ ਕੀਤਾ ਗਿਆ ਸੀ ਅਤੇ ਇੱਕ ਹੋਰ ਗੁਰਦਾ ਰਾਸ਼ਟਰੀ ਅੰਗ ਅਤੇ ਟਿਸ਼ੂ ਟ੍ਰਾਂਸਪਲਾਂਟ ਸੰਗਠਨ ਦੁਆਰਾ ਆਰਐਮਐਲ ਹਸਪਤਾਲ ਵਿੱਚ ਇੱਕ 37 ਸਾਲਾ ਔਰਤ ਨੂੰ ਅਲਾਟ ਕੀਤਾ ਗਿਆ ਸੀ।

"ਇਸ ਤੋਂ ਇਲਾਵਾ, ਉਸ ਦੇ ਕੋਰਨੀਆ ਨੂੰ ਏਮਜ਼ ਦੇ ਨੈਸ਼ਨਲ ਆਈ ਬੈਂਕ ਵਿੱਚ ਬੈਂਕ ਕੀਤਾ ਗਿਆ ਹੈ। ਟ੍ਰਾਂਸਪਲਾਂਟ ਟੀਮ ਦੁਆਰਾ ਪ੍ਰਭਾਵਸ਼ਾਲੀ ਅਤੇ ਕੁਸ਼ਲ ਤਾਲਮੇਲ ਨੇ ਸਾਰੀ ਪ੍ਰਕਿਰਿਆ ਨੂੰ ਤੇਜ਼ ਕਰ ਦਿੱਤਾ, "ਵਿਜ ਨੇ ਕਿਹਾ। ਇਸ ਦੌਰਾਨ, ਜਸ਼ਨਾਂ ਤੋਂ ਨਿਰਾਸ਼ਾ ਵੱਲ ਚਲੇ ਗਏ ਕਾਰੂ ਸਿੰਘ ਦੇ ਪਰਿਵਾਰ ਨੇ ਅੱਜ ਕਿਹਾ ਕਿ ਉਨ੍ਹਾਂ ਦੇ ਪਿਤਾ ਨਾਲ ਵਾਪਰਿਆ ਮੰਦਭਾਗਾ ਸੀ। ਪਰਿਵਾਰ ਨੇ ਕਿਹਾ, "ਪਰ ਜੇਕਰ ਉਸ ਦੇ ਦਾਨ ਕੀਤੇ ਅੰਗ ਦੁੱਖਾਂ ਨੂੰ ਖਤਮ ਕਰ ਸਕਦੇ ਹਨ ਅਤੇ ਗੁਰਦੇ, ਜਿਗਰ ਜਾਂ ਦਿਲ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਲੋਕਾਂ ਨੂੰ ਨਵੀਂ ਜ਼ਿੰਦਗੀ ਦੇ ਸਕਦੇ ਹਨ, ਤਾਂ ਅਸੀਂ ਇਸ ਨੂੰ ਧਾਰਮਿਕਤਾ ਦਾ ਕੰਮ ਮੰਨਦੇ ਹਾਂ," ਪਰਿਵਾਰ ਨੇ ਕਿਹਾ। ਆਰਤੀ ਵਿਜ ਨੇ ਅੰਗਾਂ ਦੀ ਮੰਗ ਅਤੇ ਉਪਲਬਧਤਾ ਵਿੱਚ ਵੱਡੇ ਪਾੜੇ ਨੂੰ ਹਰੀ ਝੰਡੀ ਦਿਖਾਉਂਦੇ ਹੋਏ ਕਿਹਾ ਕਿ ਇਹ ਤਾਂ ਹੀ ਦੂਰ ਹੋ ਸਕਦਾ ਹੈ ਜੇਕਰ ਲੋਕ ਸਵੈ-ਇੱਛਾ ਨਾਲ ਦਾਨ ਕਰਨ। ਉਸ ਨੇ ਕਿਹਾ, "ਕਰੂ ਸਿੰਘ ਦੇ ਪਰਿਵਾਰ ਨੇ ਇੱਕ ਨਾਜ਼ੁਕ ਸਮੇਂ ਵਿੱਚ ਜੋ ਸਾਹਸ ਅਤੇ ਨਿਰਸਵਾਰਥਤਾ ਦਿਖਾਈ ਹੈ, ਉਹ ਸੱਚਮੁੱਚ ਸ਼ਲਾਘਾਯੋਗ ਹੈ ਅਤੇ ਮਨੁੱਖਤਾ ਵਿੱਚ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰਦਾ ਹੈ।"

**- ਇੰਜੀ ਹਰਦੀਪ ਸਿੰਘ ਚੁੰਬਰ**

# ਪੰਜਾਬਣ ਫੁੱਟਬਾਲ ਖਿਡਾਰਨ ਮਨੀਸ਼ਾ ਕਲਿਆਣ ਵਿਸ਼ਵ ਪੱਧਰੀ ਖਿਡਾਰਨ




ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਸਬ-ਤਹਿਸੀਲ ਮਾਹਿਲਪੁਰ ਲਾਗੇ ਪਿੰਡ ਮੁੱਗੋਵਾਲ ਦੀ ਵਸਨੀਕ, ਅਤਿ ਗਰੀਬ ਘਰ ਦੀ ਹੋਣਹਾਰ ਖਿਡਾਰਨ ਜਿੱਥੇ ਭਾਰਤੀ ਫੁੱਟਬਾਲ ਟੀਮ ਦੀ ਇਕਲੌਤੀ ਖਿਡਾਰਨ ਹੈ ਤੇ ਕਰੀਬ 20 ਦੇਸ਼ਾਂ ਵਿੱਚ ਖੇਡ ਚੁੱਕੀ ਹੈ ਨੇ ਹੁਣ ਖੇਡ ਦੀ ਦੁਨੀਆ ਵਿੱਚ ਵੱਡੀ ਛਲਾਂਗ ਲਗਾਉਂਦਿਆਂ ਸਾਈਪ੍ਰਸ ਅਪੋਲਨ ਲੇਡੀਜ਼ ਐਫ.ਸੀ. ਨਾਲ 2 ਸਾਲਾਂ ਲਈ ਖੇਡਣ ਦਾ ਇਕਰਾਰਨਾਮਾ ਕੀਤਾ ਹੈ। ਮਹਿਜ਼ 20 ਕੁ ਸਾਲਾਂ ਦੀ ਇੱਕ ਮੁਟਿਆਰ ਨੇ ਜਿੱਥੇ ਆਪਣੇ ਮਾਪਿਆਂ ਦਾ ਸਿਰ ਸਮਾਜ ਵਿੱਚ ਉੱਚਾ ਕੀਤਾ ਹੈ, ਉੱਥੇ ਹੀ ਪੰਜਾਬ ਲਈ ਬੜੇ ਹੀ ਫਖ਼ਰ ਵਾਲੀ ਗੱਲ ਹੈ।

ਵਰਣਨਯੋਗ ਹੈ ਕਿ ਪੰਜਾਬ ਸਰਕਾਰ ਵਲੋਂ ਉਸ ਦੀ ਖੇਡ ਨੂੰ ਬੁਲੰਦੀਆਂ 'ਤੇ ਲਿਜਾਉਣ ਤੇ ਹੌਸਲਾ ਹਫ਼ਜ਼ਾਈ ਲਈ 2 ਲੱਖ ਰੁਪਏ ਦੀ ਮਦਦ ਕੀਤੀ ਤੇ ਹੀਰੋ ਕੰਪਨੀ ਵਲੋਂ ਇੱਕ ਮੈਚ ਵਿੱਚ ਵੋਮੈਨ ਆਫ ਦੀ ਮੈਚ ਬਣਨ 'ਤੇ 1.5 ਲੱਖ ਰੁਪਏ ਨਾਲ ਉਸ ਦਾ ਸਨਮਾਨ ਕੀਤਾ ਗਿਆ। ਵਰਣਨਯੋਗ ਹੈ ਕਿ ਮਨੀਸ਼ਾ ਭਾਰਤ ਦੀ ਪਹਿਲੀ ਇਕਲੌਤੀ ਖਿਡਾਰਨ ਹੈ ਜਿਸ ਨੇ ਯੂਰਪ ਨਾਲ ਸਮਝੌਤਾ ਕੀਤਾ। ਮਨੀਸ਼ਾ ਦੀ ਖੇਡ ਨੂੰ ਹਮਲਾਵਰ ਖਿਡਾਰਨ ਕਿਹਾ ਜਾਂਦਾ ਹੈ।

**ਰਿਪੋਰਟ-ਸੰਤੋਖ ਸਿੰਘ ਜੱਸੀ**




# ਜ਼ਿਲਾ ਪ੍ਰਸ਼ਾਸਨ ਅਤੇ ਐਨਡੀਆਰਐੱਫ ਦੀ ਟੀਮ ਨੇ ਹੜ੍ਹਾਂ ਦੇ ਸੰਭਾਵੀ ਖ਼ਤਰੇ ਦੀਆਂ ਤਿਆਰੀਆਂ ਦੇ ਜਾਇਜ਼ੇ ਲਈ ਕਰਵਾਈ ਮੌਕ ਡਰਿੱਲ








**ਮੂਨਕ/ਸੰਗਰੂਰ-** ਬਰਸਾਤਾਂ ਦੇ ਮੌਸਮ 'ਚ ਘੱਗਰ ਦਰਿਆ ਦੀ ਮਾਰ ਹੇਠ ਆਉਣ ਵਾਲੇ ਜ਼ਿਲਾ ਸੰਗਰੂਰ ਦੇ ਇਲਾਕਿਆਂ 'ਚ ਹੜਾਂ ਦਾ ਪ੍ਰਭਾਵ ਘੱਟ ਤੋਂ ਘੱਟ ਕਰਨ ਲਈ ਕੀਤੀਆਂ ਗਈਆਂ ਤਿਆਰੀਆਂ ਦਾ ਜਾਇਜ਼ਾ ਲੈਣ ਅਤੇ ਵੱਖ-ਵੱਖ ਵਿਭਾਗਾਂ 'ਚ ਆਫ਼ਤ ਮੌਕੇ ਤਾਲਮੇਲ ਵਧਾਉਣ ਦੇ ਮਕਸਦ ਨਾਲ ਅੱਜ ਸੰਗਰੂਰ ਜ਼ਿਲਾ ਪ੍ਰਸ਼ਾਸਨ ਵੱਲੋਂ ਮੂਨਕ ਨੇੜਲੇ ਪਿੰਡ ਭੂੰਦੜ ਭੈਣੀ ਵਿਖੇ ਮੌਕ ਡਰਿੱਲ ਕਰਵਾਈ ਗਈ।

ਇਸ ਮੌਕੇ ਵੱਖ-ਵੱਖ ਪ੍ਰਸ਼ਾਸਨਿਕ ਵਿਭਾਗਾਂ ਦੇ ਨਾਲ-ਨਾਲ ਐਨ।ਡੀ।ਆਰ।ਐਫ਼। ਦੀ ਟੀਮ ਵੱਲੋਂ ਵੀ ਇਸ ਮੌਕ ਡਰਿੱਲ ਵਿੱਚ ਹਿੱਸਾ ਲਿਆ ਗਿਆ ਅਤੇ ਅਧਿਕਾਰੀਆਂ, ਕਰਮਚਾਰੀਆਂ ਤੇ ਸਥਾਨਕ ਲੋਕਾਂ ਨੂੰ ਹੜਾਂ ਦੀ ਸਥਿਤੀ 'ਚ ਵਰਤੇ ਜਾਣ ਵਾਲੇ ਉਪਕਰਨਾਂ ਦੀ ਜਾਣਕਾਰੀ ਦੇਣ ਲਈ ਪ੍ਰਦਰਸ਼ਨੀ ਵੀ ਲਗਾਈ ਗਈ।

ਇਸ ਮੌਕ ਡਰਿੱਲ ਬਾਰੇ ਜਾਣਕਾਰੀ ਦਿੰਦਿਆਂ ਉਪ ਮੰਡਲ ਮੈਜਿਸਟਰੇਟ ਮੂਨਕ ਨਵਰੀਤ ਕੌਰ ਸੇਖੋਂ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਸੰਗਰੂਰ ਸ਼੍ਰੀ ਜਤਿੰਦਰ ਜੋਰਵਾਲ ਦੀਆਂ ਹਦਾਇਤਾਂ 'ਤੇ ਅੱਜ ਦੀ ਇਹ ਮੌਕ ਡਰਿੱਲ ਕਰਵਾਈ ਗਈ ਸੀ ਜਿਸਦਾ ਮਕਸਦ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਹੜਾਂ ਦੀ ਕਿਸੇ ਵੀ ਸੰਭਾਵੀ ਸਥਿਤੀ ਨਾਲ ਨਜਿੱਠਣ ਲਈ ਪ੍ਰਸ਼ਾਸਨਿਕ ਵਿਭਾਗਾਂ ਦਾ ਆਪਸੀ ਤਾਲਮੇਲ ਵਧਾਉਣਾ ਵੀ ਸੀ।

ਐਸ।ਡੀ।ਐਮ। ਨੇ ਦੱਸਿਆ ਕਿ ਮੌਕ ਡਰਿੱਲ ਦੌਰਾਨ ਐਨ।ਡੀ।ਆਰ।ਐਫ਼। ਵੱਲੋਂ ਆਫ਼ਤ ਪ੍ਰਬੰਧਨ ਦੀਆਂ ਤਕਨੀਕਾਂ ਬਾਰੇ ਜਾਗਰੂਕ ਕੀਤਾ ਗਿਆ ਅਤੇ ਨਾਲ ਹੀ ਜ਼ਿਲਾ ਪ੍ਰਸ਼ਾਸਨ ਵੱਲੋਂ ਵੀ ਤਹਿਸੀਲ 'ਚ ਮੌਜੂਦ ਹੜਾਂ ਦੌਰਾਨ ਵਰਤੀ ਜਾਣ ਵਾਲੀ ਸਮੱਗਰੀ ਦੀ ਜਾਣਕਾਰੀ ਲੋਕਾਂ ਨਾਲ ਸਾਂਝੀ ਕੀਤੀ ਗਈ।

ਉਨਾਂ ਕਿਹਾ ਕਿ ਜ਼ਿਲਾ ਪ੍ਰਸ਼ਾਸਨ ਕਿਸੇ ਵੀ ਤਰਾਂ ਦੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਤਿਆਰ ਬਰ ਤਿਆਰ ਹੈ ਅਤੇ ਹੜਾਂ ਦੀ ਖ਼ਤਰੇ ਨਾਲ ਹੋਣ ਵਾਲੇ ਸੰਭਾਵੀ ਨੁਕਸਾਨ ਨੂੰ ਘੱਟ ਤੋਂ ਘੱਟ ਕਰਨ ਲਈ ਹਰ ਲੋੜੀਂਦੀ ਕਾਰਵਾਈ ਅਮਲ 'ਚ ਲਿਆਂਦੀ ਜਾ ਰਹੀ ਹੈ।

ਇਸ ਮੌਕੇ ਐਨ।ਡੀ।ਆਰ।ਐਫ਼। ਦੇ ਇੰਸਪੈਕਟਰ ਰਿਟਾ। ਵਿੰਗ ਕਮਾਂਡਰ ਅਸ਼ੋਕ ਸ਼ਰਮਾ, ਤਹਿਸੀਲਦਾਰ ਮੂਨਕ ਪ੍ਰਵੀਨ ਕੁਮਾਰ ਸਿੰਗਲਾ, ਨਾਇਬ ਤਹਿਸੀਲਦਾਰ ਮੂਨਕ ਗੁਰਨੈਬ ਸਿੰਘ, ਨਾਇਬ ਤਹਿਸੀਲਦਾਰ ਖਨੌਰੀ ਰਵਿੰਦਰਜੀਤ ਸਿੰਘ, ਐਸ।ਐਮ।ਓ। ਮੂਨਕ ਦੇ ਨਾਲ-ਨਾਲ ਪੰਚਾਇਤ, ਨਗਰ ਕੌਂਸਲ, ਜੀ।ਓ।ਜੀਜ਼। ਤੇ ਡਰੇਨੇਜ਼ ਵਿਭਾਗ ਦੇ ਅਧਿਕਾਰੀਆਂ ਤੋਂ ਇਲਾਵਾ ਸਥਾਨਕ ਐਨ।ਜੀ।ਓਜ਼। ਦੇ ਨੁਮਾਇੰਦੇ ਤੇ ਵੱਡੀ ਗਿਣਤੀ 'ਚ ਇਲਾਕੇ ਦੇ ਪਤਵੰਤੇ ਸ਼ਾਮਲ ਹੋਏ।

**-ਦਲਜੀਤ ਕੌਰ ਭਵਾਨੀਗੜ੍ਹ**

NSB
Insurance
NIRMAL SINGH
BADHAN
for Insurance Call:
NIRMAL SINGH BADHAN
707-228-2020
HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS

Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928

RE/MAX
RE/MAX®
Gold
Each Office
Independently
Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd #
100 Sacramento, CA 95834




Mr. Lekh Raj Nayyar (Rtd. IRS) had long meeting with Major General Shenon Singh V Cr (Nephew of Shaheed Bhagat Singh) S/o Ranbir Singh younger brother of Shaheed Bhagat Singh at their residence at Greater Noida. He discussed about the Vision and Ideology of Shaheed Bhagat Singh he requested him to pay more visit's to Punjab especially to Jalandhar to attend the program of Navi Umeed Foundation to which he agreed.


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


# ਪਹਿਲੀ ਵਾਰ ਸੁਨਾਮ ਪਹੁੰਚੇ ਅਮਨ ਅਰੋੜਾ ਦਾ ਲੋਕਾਂ ਨੇ ਕੀਤਾ ਭਰਵਾਂ ਸਵਾਗਤ





**ਸੁਨਾਮ ਊਧਮ ਸਿੰਘ ਵਾਲਾ-** ਪੰਜਾਬ ਦੀ ਕੈਬਨਿਟ ਵਿੱਚ ਸੂਚਨਾ ਅਤੇ ਲੋਕ ਸੰਪਰਕ, ਨਵੀਂ ਤੇ ਨਵਿਆਉਣਯੋਗ ਊਰਜਾ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਦੇ ਮੰਤਰੀ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਪਹਿਲੀ ਵਾਰ ਆਪਣੇ ਜੱਦੀ ਸ਼ਹਿਰ ਸੁਨਾਮ ਪਹੁੰਚਣ 'ਤੇ ਲੋਕਾਂ ਵੱਲੋਂ ਸ਼੍ਰੀ ਅਮਨ ਅਰੋੜਾ ਦਾ ਭਰਵਾਂ ਸਵਾਗਤ ਕੀਤਾ ਗਿਆ। ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਵੱਖ-ਵੱਖ ਧਾਰਮਿਕ ਸਥਾਨਾਂ 'ਤੇ ਨਤਮਸਤਕ ਹੋਣ ਦੇ ਨਾਲ-ਨਾਲ ਸ਼ਹੀਦ ਊਧਮ ਸਿੰਘ ਜੀ ਦੀ ਸਮਾਰਕ 'ਤੇ ਵੀ ਦੇਸ਼ ਦੇ ਮਹਾਨ ਕ੍ਰਾਂਤੀਕਾਰੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਤੋਂ ਬਾਅਦ ਜ਼ਿਲ੍ਹਾ ਪੁਲਿਸ ਵੱਲੋਂ ਲੋਕ ਨਿਰਮਾਣ ਵਿਭਾਗ ਦੇ ਸਥਾਨਕ ਰੈਸਟ ਹਾਊਸ ਵਿਖੇ ਕੈਬਨਿਟ ਮੰਤਰੀ ਨੂੰ ਰਸਮੀ ਸਲਾਮੀ ਵੀ ਦਿੱਤੀ ਗਈ। ਕੈਬਨਿਟ ਮੰਤਰੀ ਵਜੋਂ ਮਿਲੀ ਨਵੀਂ ਜ਼ਿੰਮੇਵਾਰੀ ਲਈ ਲੋਕਾਂ ਵੱਲੋਂ ਦਿੱਤੇ ਪਿਆਰ ਦਾ ਸ਼ੁਕਰਾਨਾ ਕਰਨ ਲਈ ਸ਼੍ਰੀ ਅਮਨ ਅਰੋੜਾ ਵੱਲੋਂ ਧੰਨ-ਵਾਦੀ ਰੋਡ ਸ਼ੋਅ ਵੀ ਕੱਢਿਆ ਗਿਆ। ਇਸਦੇ ਨਾਲ ਹੀ ਹਲਕੇ ਦੇ ਲੋਕਾਂ ਵੱਲੋਂ ਸ਼੍ਰੀ ਅਮਨ ਅਰੋੜਾ ਦੇ ਸਵਾਗਤ ਲਈ ਨਗਰ ਕੌਂਸਲ, ਮਾਤਾ ਮੋਦੀ ਚੌਂਕ, ਅਗਰਸੈਨ ਚੌਂਕ, ਪੁਰਾਣੀ ਅਨਾਜ ਮੰਡੀ, ਨਵਾਂ ਬਾਜ਼ਾਰ, ਪੀਰਾਂ ਵਾਲਾ ਗੇਟ ਤੇ ਸਿਨੇਮਾ ਰੋਡ 'ਤੇ ਵੱਖ-ਵੱਖ ਸਮਾਗਮ ਵੀ ਰੱਖੇ ਗਏ।

ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਜੋ ਸੁਨਾਮ ਤੋਂ ਦੂਜੀ ਵਾਰ ਵਿਧਾਇਕ ਚੁਣੇ ਗਏ ਹਨ, ਨੇ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਹਲਕੇ ਦੇ ਨਾਲ-ਨਾਲ ਪੂਰੇ ਪੰਜਾਬ ਦੇ ਲੋਕਾਂ ਦਾ ਸ਼ੁਕਰੀਆ ਅਦਾ ਕੀਤਾ ਅਤੇ ਕਿਹਾ ਕਿ ਉਹ ਕਿਸੇ ਵੀ ਕੀਮਤ 'ਤੇ ਲੋਕਾਂ ਦੇ ਵਿਸ਼ਵਾਸ ਤੇ ਭਰੋਸੇ ਨੂੰ ਬਰਕਰਾਰ ਰੱਖਣਗੇ ਅਤੇ ਸੂਬੇ ਤੇ ਖ਼ਾਸ ਕਰਕੇ ਸੁਨਾਮ ਹਲਕੇ ਦੀ ਤਰੱਕੀ ਲਈ ਪੂਰੀ ਵਾਹ ਲਾ ਦੇਣਗੇ।

ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਸ਼੍ਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਸ। ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਸ਼੍ਰੀ ਅਮਨ ਅਰੋੜਾ ਨੇ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਉਨ੍ਹਾਂ ਆਪਣੇ ਪਿਤਾ ਸ਼੍ਰੀ ਭਗਵਾਨ ਦਾਸ ਅਰੋੜਾ ਨੂੰ ਵੀ ਯਾਦ ਕੀਤਾ ਅਤੇ ਕਿਹਾ ਕਿ ਉਹ ਆਪਣੇ ਪਿਤਾ ਤੋਂ ਮਿਲੀ ਪ੍ਰੇਰਨਾ ਸਦਕਾ ਹੀ ਇਸ ਮੁਕਾਮ ਤੱਕ ਪਹੁੰਚੇ ਹਨ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੀ ਅਰੋੜਾ ਨੇ ਕਿਹਾ ਕਿ ਸਰਕਾਰ ਦੀਆਂ ਲੋਕ ਪੱਖੀ ਤੇ ਸਮਾਜ ਭਲਾਈ ਸਕੀਮਾਂ ਅਤੇ ਪ੍ਰਾਜੈਕਟਾਂ ਨੂੰ ਆਧੁਨਿਕ ਤਰੀਕੇ ਨਾਲ ਲੋਕਾਂ ਤੱਕ ਪਹੁੰਚਾਇਆ ਜਾਵੇਗਾ ਤਾਂ ਜੋ ਇਨ੍ਹਾਂ ਦਾ ਫ਼ਾਇਦਾ ਅਸਲ ਲੋੜਵੰਦਾਂ ਤੱਕ ਪਹੁੰਚ ਸਕੇ। ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਮਿਲੇ ਨਿੱਘੇ ਪਿਆਰ ਲਈ ਉਹ ਸਦਾ ਧੰਨਵਾਦੀ ਰਹਿਣਗੇ ਤੇ ਸੁਨਾਮ ਹਲਕੇ ਦੇ ਲੋਕਾਂ ਦੀ ਹਰ ਮੁਸ਼ਕਿਲ ਨੂੰ ਆਪਣੀ ਨਿੱਜੀ ਸਮੱਸਿਆ ਸਮਝ ਕੇ ਹੱਲ ਕਰਵਾਉਣਗੇ। ਉਨ੍ਹਾਂ ਕਿਹਾ ਇਕੱਲਾ ਸੁਨਾਮ ਹਲਕਾ ਹੀ ਨਹੀਂ ਸਗੋਂ ਪੂਰੇ ਪੰਜਾਬ ਦੇ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਪੂਰੀ ਜੀਅ-ਜਾਨ ਨਾਲ ਕੰਮ ਕਰਨਗੇ। ਇਸ ਮੌਕੇ ਡਿਪਟੀ ਕਮਿਸ਼ਨਰ ਸੰਗਰੂਰ ਸ਼੍ਰੀ ਜਤਿੰਦਰ ਜੋਰਵਾਲ, ਐੱਸ।ਐੱਸ।ਪੀ। ਮਨਦੀਪ ਸਿੰਘ ਸਿੱਧੂ, ਐੱਸ।ਡੀ।ਐੱਮ। ਜਸਪ੍ਰੀਤ ਸਿੰਘ, ਤਹਿਸੀਲਦਾਰ ਕੁਲਦੀਪ ਸਿੰਘ, ਨਾਇਬ ਤਹਿਸੀਲਦਾਰ ਅਮਿਤ ਕੁਮਾਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਪਰਿਵਾਰਕ ਮੈਂਬਰਾਂ ਵਿੱਚ ਕੈਬਨਿਟ ਮੰਤਰੀ ਦੇ ਮਾਤਾ ਸ਼੍ਰੀਮਤੀ ਪ੍ਰਮੇਸ਼ਵਰੀ ਦੇਵੀ, ਪਤਨੀ ਸ਼੍ਰੀਮਤੀ ਸ਼ਬੀਨਾ ਅਰੋੜਾ, ਭੈਣ ਸ਼੍ਰੀਮਤੀ ਨੀਨਾ ਮਲਹੋਤਰਾ, ਪੁੱਤਰ ਭੁਵੀਰ ਅਰੋੜਾ ਅਤੇ ਹੋਰ ਪਰਿਵਾਰਕ ਮੈਂਬਰ ਤੇ ਸਨੇਹੀਆਂ ਸਮੇਤ ਵੱਡੀ ਗਿਣਤੀ ਵਿੱਚ ਹਲਕੇ ਦੇ ਲੋਕ ਮੌਜੂਦ ਸਨ।

**- ਦਲਜੀਤ ਕੌਰ ਭਵਾਨੀਗੜ੍ਹ**



# ਸਾਬਕਾ ਪ੍ਰਧਾਨ ਮੰਤਰੀ ਸ਼ਿੰਜ਼ੋ ਆਬੇ ਦੀ ਚੋਣ ਪ੍ਰਚਾਰ ਭਾਸ਼ਣ ਦੌਰਾਨ ਗੋਲੀ ਲੱਗਣ ਕਾਰਨ ਮੌਤ ਹੋ ਗਈ ਹੈ

ਪੱਛਮੀ ਜਾਪਾਨ ਦੇ ਨਾਰਾ ਵਿੱਚ ਸ਼ੁੱਕਰਵਾਰ ਨੂੰ ਆਪਣਾ ਭਾਸ਼ਣ ਸ਼ੁਰੂ ਕਰਨ ਤੋਂ ਬਾਅਦ ਆਬੇ ਨੂੰ ਪਿੱਛੇ ਤੋਂ ਗੋਲੀ ਮਾਰ ਦਿੱਤੀ ਗਈ। ਉਸ ਨੂੰ ਐਮਰਜੈਂਸੀ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਪਰ ਸਾਹ ਨਹੀਂ ਚੱਲ ਰਿਹਾ ਸੀ ਅਤੇ ਉਸ ਦਾ ਦਿਲ ਬੰਦ ਹੋ ਗਿਆ ਸੀ। ਬਾਅਦ 'ਚ ਹਸਪਤਾਲ 'ਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। 67 ਸਾਲਾ ਆਬੇ 2020 ਵਿੱਚ ਸਿਹਤ ਕਾਰਨਾਂ ਕਰਕੇ ਅਹੁਦਾ ਛੱਡਣ ਤੋਂ ਪਹਿਲਾਂ ਜਾਪਾਨ ਦੇ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਕਰਨ ਵਾਲੇ ਨੇਤਾ ਸਨ। ਪੁਲਿਸ ਨੇ ਹਮਲੇ ਵਾਲੀ ਥਾਂ 'ਤੇ ਸ਼ੱਕੀ ਬੰਦੂਕਧਾਰੀ ਨੂੰ ਗ੍ਰਿਫਤਾਰ ਕਰ ਲਿਆ, ਜਿਸ ਨੇ ਦੁਨੀਆ ਦੇ ਸਭ ਤੋਂ ਸੁਰੱਖਿਅਤ ਦੇਸ਼ ਵਜੋਂ ਜਾਣੇ ਜਾਂਦੇ ਦੇਸ਼ ਦੇ ਲੋਕਾਂ ਨੂੰ ਹੈਰਾਨ ਕਰ ਦਿੱਤਾ।

ਅਧਿਕਾਰੀਆਂ ਨੇ ਦੱਸਿਆ ਕਿ ਜਾਪਾਨ ਦੇ ਸਾਬਕਾ ਪ੍ਰਧਾਨ ਮੰਤਰੀ ਸ਼ਿੰਜ਼ੋ ਆਬੇ ਨੂੰ ਸ਼ੁੱਕਰਵਾਰ ਨੂੰ ਪੱਛਮੀ ਜਾਪਾਨ ਵਿੱਚ ਇੱਕ ਮੁਹਿੰਮ ਦੇ ਭਾਸ਼ਣ ਦੌਰਾਨ ਗੋਲੀ ਮਾਰ ਦਿੱਤੀ ਗਈ ਸੀ ਅਤੇ ਉਨ੍ਹਾਂ ਨੂੰ ਇੱਕ ਹਸਪਤਾਲ ਲਿਜਾਇਆ ਗਿਆ ਸੀ ਪਰ ਉਹ ਸਾਹ ਨਹੀਂ ਚਲ ਰਹੇ ਸਨ ਅਤੇ ਉਨ੍ਹਾਂ ਦਾ ਦਿਲ ਬੰਦ ਹੋ ਗਿਆ ਸੀ, ਅਧਿਕਾਰੀਆਂ ਨੇ ਕਿਹਾ। ਸਥਾਨਕ ਫਾਇਰ ਡਿਪਾਰਟਮੈਂਟ ਦੇ ਅਧਿਕਾਰੀ ਮਕੋਟੋ ਮੋਰੀਮੋਟੋ ਨੇ ਕਿਹਾ ਕਿ ਆਬੇ ਗੋਲੀ ਲੱਗਣ ਤੋਂ ਬਾਅਦ ਕਾਰਡੀਓ ਅਤੇ ਪਲਮਨਰੀ ਗ੍ਰਿਫਤਾਰੀ ਵਿੱਚ ਸੀ ਅਤੇ ਉਸ ਨੂੰ ਪ੍ਰੀਫੈਕਚਰਲ ਹਸਪਤਾਲ ਲਿਜਾਇਆ ਗਿਆ ਸੀ। ਮੁੱਖ ਕੈਬਨਿਟ ਸਕੱਤਰ ਹੀਰੋਕਾਜ਼ੂ ਮਾਤਸੁਨੋ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੁਲਿਸ ਨੇ ਘਟਨਾ ਸਥਾਨ 'ਤੇ ਇੱਕ ਕਥਿਤ ਪੁਰਸ਼ ਹਮਲਾਵਰ ਨੂੰ ਗ੍ਰਿਫਤਾਰ ਕੀਤਾ ਹੈ।

ਮਾਤਸੁਨੋ ਨੇ ਕਿਹਾ, "ਇਸ ਤਰ੍ਹਾਂ ਦਾ ਵਹਿਸ਼ੀ ਕੰਮ ਬਿਲਕੁਲ ਮੁਆਫ਼ ਕਰਨ ਯੋਗ ਨਹੀਂ ਹੈ, ਭਾਵੇਂ ਕੋਈ ਵੀ ਕਾਰਨ ਕਿਉਂ ਨਾ ਹੋਵੇ, ਅਤੇ ਅਸੀਂ ਇਸਦੀ ਸਖ਼ਤ ਨਿੰਦਾ ਕਰਦੇ ਹਾਂ," ਮਾਤਸੁਨੋ ਨੇ ਕਿਹਾ। NHK ਜਨਤਕ ਪ੍ਰਸਾਰਕ ਪ੍ਰਸਾਰਿਤ ਫੁਟੇਜ ਦਿਖਾ ਰਿਹਾ ਹੈ ਕਿ ਆਬੇ ਸੜਕ 'ਤੇ ਢਹਿ ਗਿਆ, ਕਈ ਸੁਰੱਖਿਆ ਗਾਰਡ ਉਸ ਵੱਲ ਭੱਜਦੇ ਹੋਏ, ਪੱਛਮੀ ਨਾਰਾ ਵਿੱਚ ਇੱਕ ਮੁੱਖ ਰੇਲਵੇ ਸਟੇਸ਼ਨ ਦੇ ਬਾਹਰ ਗੱਲ ਕਰਨ ਤੋਂ ਕੁਝ ਮਿੰਟ ਬਾਅਦ ਉਸਨੂੰ ਕਥਿਤ ਤੌਰ 'ਤੇ ਗੋਲੀ ਮਾਰ ਦਿੱਤੀ ਗਈ।

ਪ੍ਰਧਾਨ ਮੰਤਰੀ ਫੂਮਿਓ ਕਿਸ਼ਿਦਾ, ਜੋ ਕਿ ਆਬੇ



ਵਰਗੀ ਸਿਆਸੀ ਪਾਰਟੀ ਨਾਲ ਸਬੰਧਤ ਹੈ, ਉੱਤਰੀ ਜਾਪਾਨ ਦੇ ਯਾਮਾਗਾਟਾ ਦੇ ਆਪਣੇ ਪ੍ਰਚਾਰ ਸਥਾਨ ਤੋਂ ਇੱਕ ਹੈਲੀਕਾਪਟਰ 'ਤੇ ਟੋਕੀਓ ਜਾ ਰਿਹਾ ਹੈ। ਮਾਤਸੁਨੋ ਨੇ ਕਿਹਾ ਕਿ ਸਾਰੇ ਕੈਬਨਿਟ ਮੰਤਰੀਆਂ ਨੂੰ ਆਪਣੇ ਪ੍ਰਚਾਰ ਦੌਰਿਆਂ ਤੋਂ ਟੋਕੀਓ ਪਰਤਣਾ ਹੈ। ਇੱਕ ਹੋਰ ਫੁਟੇਜ ਵਿੱਚ, ਮੁਹਿੰਮ ਦੇ ਅਧਿਕਾਰੀ ਪ੍ਰਸਿੱਧ ਸਾਬਕਾ ਨੇਤਾ ਦਾ ਇਲਾਜ ਕਰਨ ਲਈ ਉਸਨੂੰ ਘੇਰ ਰਹੇ ਸਨ ਜੋ ਅਜੇ ਵੀ ਗਵਰਨਿੰਗ ਲਿਬਰਲ ਡੈਮੋਕਰੇਟਿਕ ਪਾਰਟੀ ਵਿੱਚ ਪ੍ਰਭਾਵਸ਼ਾਲੀ ਹੈ ਅਤੇ ਇਸਦੇ ਸਭ ਤੋਂ ਵੱਡੇ ਧੜੇ ਸੀਵਾਕਾਈ ਦਾ ਮੁਖੀ ਹੈ। ਜਾਪਾਨ ਦੇ ਉਪਰਲੇ ਸਦਨ, ਇਸਦੀ ਸੰਸਦ ਦੇ ਘੱਟ ਸ਼ਕਤੀਸ਼ਾਲੀ ਚੈਂਬਰ ਲਈ ਐਤਵਾਰ ਨੂੰ ਚੋਣਾਂ ਹੋਣੀਆਂ ਹਨ। ਆਬੇ ਭਾਸ਼ਣ ਦੇ ਰਹੇ ਸਨ ਜਦੋਂ ਲੋਕਾਂ ਨੇ ਗੋਲੀਆਂ ਚੱਲਣ ਦੀ ਆਵਾਜ਼ ਸੁਣੀ। ਜਦੋਂ ਉਹ ਡਿੱਗਿਆ ਤਾਂ ਉਸਨੇ ਆਪਣੀ ਛਾਤੀ ਫੜੀ ਹੋਈ ਸੀ, ਉਸਦੀ ਕਮੀਜ਼ ਖੂਨ ਨਾਲ ਲਿਬੜੀ ਹੋਈ ਸੀ, ਪਰ ਉਹ ਬੇਹੋਸ਼ ਹੋਣ ਤੋਂ ਪਹਿਲਾਂ ਬੋਲਣ ਦੇ ਯੋਗ ਸੀ। ਇਹ ਹਮਲਾ ਇੱਕ ਅਜਿਹੇ ਦੇਸ਼ ਵਿੱਚ ਇੱਕ ਝਟਕਾ ਸੀ ਜੋ ਦੁਨੀਆ ਦੇ ਸਭ ਤੋਂ ਸੁਰੱਖਿਅਤ ਅਤੇ ਕਿਤੇ ਵੀ ਬੰਦੂਕ ਕੰਟਰੋਲ ਕਾਨੂੰਨਾਂ ਵਿੱਚੋਂ ਇੱਕ ਹੈ। ਆਬੇ ਨੇ 2020 ਵਿੱਚ ਅਸਤੀਫਾ ਦੇ ਦਿੱਤਾ ਸੀ ਕਿਉਂਕਿ ਉਸਨੇ ਕਿਹਾ ਸੀ ਕਿ ਇੱਕ ਪੁਰਾਣੀ ਸਿਹਤ ਸਮੱਸਿਆ ਦੁਬਾਰਾ ਸਾਹਮਣੇ ਆਈ ਹੈ। ਆਬੇ ਨੂੰ ਕਿਸ਼ੋਰ ਉਮਰ ਤੋਂ ਹੀ ਅਲਸਰੇਟਿਵ ਕੋਲਾਈਟਿਸ ਸੀ ਅਤੇ ਉਸਨੇ ਕਿਹਾ ਹੈ ਕਿ ਇਲਾਜ ਨਾਲ ਸਥਿਤੀ ਨੂੰ ਕਾਬੂ ਕੀਤਾ ਗਿਆ ਸੀ।


ਉਸਨੇ ਉਸ ਸਮੇਂ ਪੱਤਰਕਾਰਾਂ ਨੂੰ ਦੱਸਿਆ ਕਿ ਉਸਦੇ ਬਹੁਤ ਸਾਰੇ ਟੀਚਿਆਂ ਨੂੰ ਅਧੂਰਾ ਛੱਡਣਾ "ਅੰਤ ਦੀ ਵਿਗਾੜ" ਸੀ। ਉਸਨੇ ਉੱਤਰੀ ਕੋਰੀਆ ਦੁਆਰਾ ਕਈ ਸਾਲ ਪਹਿਲਾਂ ਅਗਵਾ ਕੀਤੇ ਜਾਪਾਨੀਆਂ ਦੇ ਮੁੱਦੇ ਨੂੰ ਹੱਲ ਕਰਨ ਵਿੱਚ ਆਪਣੀ ਅਸਫਲਤਾ, ਰੂਸ ਨਾਲ ਇੱਕ ਖੇਤਰੀ ਵਿਵਾਦ ਅਤੇ ਜਾਪਾਨ ਦੇ ਯੁੱਧ-ਤਿਆਗ ਸੰਵਿਧਾਨ ਦੀ ਸੋਧ ਬਾਰੇ ਗੱਲ ਕੀਤੀ। ਉਹ ਆਖਰੀ ਟੀਚਾ ਇੱਕ ਵੱਡਾ ਕਾਰਨ ਸੀ ਕਿ ਉਹ ਇੰਨੀ ਵੰਡਣ ਵਾਲੀ ਸ਼ਖਸੀਅਤ ਸੀ। ਉਸਦੇ ਅਤਿ-ਰਾਸ਼ਟਰਵਾਦ ਨੇ ਕੋਰੀਆ ਅਤੇ ਚੀਨ ਨੂੰ ਭੜਕਾਇਆ, ਅਤੇ ਜਾਪਾਨ ਦੀ ਰੱਖਿਆ ਸਥਿਤੀ ਨੂੰ ਆਮ ਬਣਾਉਣ ਲਈ ਉਸਦੇ ਦਬਾਅ ਨੇ ਬਹੁਤ ਸਾਰੇ ਜਾਪਾਨੀਆਂ ਨੂੰ ਨਾਰਾਜ਼ ਕੀਤਾ। ਆਬੇ ਗਰੀਬ ਜਨਤਕ ਸਮਰਥਨ ਦੇ ਕਾਰਨ ਯੂਐਸ ਦੁਆਰਾ ਤਿਆਰ ਕੀਤੇ ਗਏ ਸ਼ਾਂਤੀਵਾਦੀ ਸੰਵਿਧਾਨ ਨੂੰ ਰਸਮੀ ਤੌਰ 'ਤੇ ਦੁਬਾਰਾ ਲਿਖਣ ਦੇ ਆਪਣੇ ਪਿਆਰੇ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਅਸਫਲ ਰਿਹਾ। ਆਬੇ ਦੇ ਸਮਰਥਕਾਂ ਨੇ ਕਿਹਾ ਕਿ ਉਸ ਦੀ ਵਿਰਾਸਤ ਅਮਰੀਕਾ-ਜਾਪਾਨ ਦਾ ਮਜ਼ਬੂਤ ਰਿਸ਼ਤਾ ਹੈ ਜੋ ਜਾਪਾਨ ਦੀ ਰੱਖਿਆ ਸਮਰੱਥਾ ਨੂੰ ਮਜ਼ਬੂਤ ਕਰਨ ਲਈ ਸੀ। ਪਰ ਆਬੇ ਨੇ ਸਖ਼ਤ ਜਨਤਕ ਵਿਰੋਧ ਦੇ ਬਾਵਜੂਦ, ਸੰਸਦ ਦੁਆਰਾ ਆਪਣੇ ਰੱਖਿਆ ਟੀਚਿਆਂ ਅਤੇ ਹੋਰ ਵਿਵਾਦਪੂਰਨ ਮੁੱਦਿਆਂ ਨੂੰ ਮਜਬੂਰ ਕਰਕੇ ਦੁਸ਼ਮਣ ਵੀ ਬਣਾ ਦਿੱਤਾ। ਆਬੇ ਇੱਕ ਰਾਜਨੀਤਿਕ ਨੀਲਾ ਖੂਨ ਹੈ ਜੋ ਆਪਣੇ ਦਾਦਾ, ਸਾਬਕਾ ਪ੍ਰਧਾਨ ਮੰਤਰੀ ਨੋਬੂਸੁਕੇ ਕਿਸ਼ੀ ਦੇ ਨਕਸ਼ੇ ਕਦਮਾਂ 'ਤੇ ਚੱਲਣ ਲਈ ਤਿਆਰ ਕੀਤਾ ਗਿਆ ਸੀ। ਉਸਦੀ ਰਾਜਨੀਤਿਕ ਬਿਆਨਬਾਜ਼ੀ ਅਕਸਰ ਜਾਪਾਨ ਨੂੰ ਇੱਕ "ਆਮ" ਅਤੇ "ਸੁੰਦਰ" ਰਾਸ਼ਟਰ ਬਣਾਉਣ 'ਤੇ ਕੇਂਦ੍ਰਿਤ ਹੁੰਦੀ ਸੀ ਜਿਸ ਵਿੱਚ ਇੱਕ ਮਜ਼ਬੂਤ ਫੌਜੀ ਅਤੇ ਅੰਤਰਰਾਸ਼ਟਰੀ ਮਾਮਲਿਆਂ ਵਿੱਚ ਵੱਡੀ ਭੂਮਿਕਾ ਸੀ।

**– ਇੰਜੀ ਹਰਦੀਪ ਸਿੰਘ ਚੁੰਬਰ**

# ਚੰਡੀਗੜ੍ਹ ਦੇ ਕਾਰਮਲ ਕਾਨਵੈਂਟ ਸਕੂਲ ਵਿੱਚ ਦਰੱਖਤ ਡਿੱਗਣ ਕਾਰਨ ਇੱਕ ਵਿਦਿਆਰਥੀ ਦੀ ਮੌਤ, 14 ਜ਼ਖ਼ਮੀ

ਉਹ ਚੰਡੀਗੜ੍ਹ ਦੇ ਸਭ ਤੋਂ ਪੁਰਾਣੇ ਸਕੂਲਾਂ ਵਿੱਚੋਂ ਇੱਕ ਦੇ ਵਿਦਿਆਰਥੀ ਕੈਂਪਸ ਵਿੱਚ ਖੇਡ ਰਹੇ ਸਨ ਜਦੋਂ ਸਵੇਰੇ 10:30 ਵਜੇ ਦਰੱਖਤ ਦਾ ਇੱਕ ਹਿੱਸਾ ਉਨ੍ਹਾਂ ਉੱਤੇ ਆ ਡਿੱਗਿਆ। ਇੱਥੋਂ ਦੇ ਸੈਕਟਰ 9 ਸਥਿਤ ਕਾਰਮਲ ਕਾਨਵੈਂਟ ਸਕੂਲ ਵਿੱਚ ਸ਼ੁੱਕਰਵਾਰ ਨੂੰ ਦਰੱਖਤ ਡਿੱਗਣ ਕਾਰਨ ਇੱਕ ਵਿਦਿਆਰਥੀ ਦੀ ਮੌਤ ਹੋ ਗਈ ਅਤੇ ਇੱਕ ਦਰਜਨ ਦੇ ਕਰੀਬ ਜ਼ਖ਼ਮੀ ਹੋ ਗਏ। ਮੈਡੀਕਲ ਟੀਮਾਂ ਅਤੇ ਪੁਲਿਸ ਮੌਕੇ 'ਤੇ ਪਹੁੰਚ ਗਈ। ਫੋਰਟਿਸ ਹਸਪਤਾਲ ਮੋਹਾਲੀ ਤੋਂ ਡਾਕਟਰਾਂ ਦੀ ਟੀਮ ਨੂੰ ਵੀ ਬੁਲਾਇਆ ਗਿਆ ਹੈ। ਜਦੋਂ ਕਿ ਕੁਝ ਵਿਦਿਆਰਥੀਆਂ ਨੂੰ ਸਕੂਲ ਵਿੱਚ ਮੁੱਢਲੀ ਸਹਾਇਤਾ ਦਿੱਤੀ ਗਈ, ਬਾਕੀਆਂ ਨੂੰ ਹਸਪਤਾਲ ਲਿਜਾਇਆ ਗਿਆ। ਇਲਾਕਾ ਕੌਂਸਲਰ ਮਹੇਸ਼ ਇੰਦਰ ਸਿੱਧੂ ਨੇ ਦੱਸਿਆ ਕਿ ਇਕ ਵਿਦਿਆਰਥੀ ਦੀ ਮੌਤ ਹੋ ਗਈ ਜਦਕਿ ਦੂਜੇ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਅਧਿਕਾਰੀ ਸਥਿਤੀ ਦਾ ਜਾਇਜ਼ਾ ਲੈਣ ਸਕੂਲ ਪੁੱਜੇ। ਸੂਤਰਾਂ ਨੇ ਦੱਸਿਆ ਕਿ ਕਈ ਮਾਪੇ ਵੀ ਸਕੂਲ ਪੁੱਜੇ। ਡਿਪਟੀ ਕਮਿਸ਼ਨਰ ਨੇ ਮੌਕੇ 'ਤੇ ਪਹੁੰਚ ਕੇ ਪ੍ਰਸ਼ਾਸਨ ਨੂੰ ਜਾਂਚ ਦੇ ਹੁਕਮ ਦਿੱਤੇ ਹਨ।



ਜੋ ਦਰੱਖਤ ਡਿੱਗਿਆ ਉਹ ਇੱਕ ਵਿਰਾਸਤੀ ਦਰੱਖਤ ਹੈ ਜੋ ਲਗਭਗ 250 ਸਾਲ ਪੁਰਾਣਾ ਦੱਸਿਆ ਜਾਂਦਾ ਹੈ। ਚੰਡੀਗੜ੍ਹ ਦੇ ਸੈਕਟਰ 9 ਵਿੱਚ ਸਥਿਤ ਕਾਰਮਲ ਕਾਨਵੈਂਟ ਸਕੂਲ ਦੀ ਇੱਕ ਵਿਦਿਆਰਥਣ ਦੀ ਮੌਤ ਹੋ ਗਈ ਅਤੇ ਉਸ ਦੇ ਸਕੂਲ ਦੇ 14 ਸਾਥੀ ਉਸ ਸਮੇਂ ਜ਼ਖ਼ਮੀ ਹੋ ਗਏ, ਜਦੋਂ ਪ੍ਰਸ਼ਾਸਨ ਵੱਲੋਂ ਵਿਰਾਸਤੀ ਦਰੱਖਤ ਐਲਾਨੇ ਗਏ ਪਿੱਪਲ ਦੇ ਦਰੱਖਤ ਦਾ ਵੱਡਾ ਹਿੱਸਾ ਕੈਂਪਸ ਵਿੱਚ ਖੇਡਦੇ ਸਮੇਂ ਡਿੱਗ ਗਿਆ। ਸ਼ੁੱਕਰਵਾਰ ਨੂੰ ਸਵੇਰੇ 10:30 ਵਜੇ।

ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਪੀਜੀਆਈਐਮਈਆਰ) ਦੇ ਇੱਕ ਅਧਿਕਾਰੀ ਨੇ ਕਿਹਾ, "ਡਾਕਟਰਾਂ ਦੁਆਰਾ ਪਹੁੰਚਣ 'ਤੇ ਇੱਕ ਲੜਕੀ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ ਗਿਆ ਸੀ, ਜਿੱਥੇ ਤਿੰਨ ਗੰਭੀਰ ਰੂਪ ਵਿੱਚ ਜ਼ਖਮੀ ਵਿਦਿਆਰਥੀਆਂ ਨੂੰ ਘਟਨਾ ਤੋਂ ਤੁਰੰਤ ਬਾਅਦ ਲਿਜਾਇਆ ਗਿਆ ਸੀ। ਸੈਕਟਰ 16 ਦੇ ਸਰਕਾਰੀ ਮਲਟੀ ਸਪੈਸ਼ਲਿਟੀ ਹਸਪਤਾਲ (ਜੀਐਮਐਸਐਚ) ਵਿੱਚ 12 ਵਿਦਿਆਰਥੀਆਂ ਨੂੰ ਦਾਖਲ ਕਰਵਾਇਆ ਗਿਆ। ਸ਼ੁਰੂਆਤੀ ਰਿਪੋਰਟਾਂ ਦੇ ਅਨੁਸਾਰ, ਵਿਦਿਆਰਥੀ ਜਾਂ ਤਾਂ ਕੈਂਪਸ ਵਿੱਚ ਇੱਕ ਖੁੱਲੇ ਖੇਤਰ ਵਿੱਚ ਬੈਠੇ ਜਾਂ ਖੇਡ ਰਹੇ ਸਨ ਜਦੋਂ ਦਰੱਖਤ ਦਾ ਹਿੱਸਾ ਉਨ੍ਹਾਂ ਉੱਤੇ ਆ ਡਿੱਗਿਆ। ਕਾਰਮਲ ਕਾਨਵੈਂਟ ਇੱਕ ਆਲ-ਗਰਲਜ਼ ਸਕੂਲ ਹੈ ਅਤੇ ਚੰਡੀਗੜ੍ਹ ਵਿੱਚ ਸਭ ਤੋਂ ਪੁਰਾਣੀਆਂ ਸੰਸਥਾਵਾਂ ਵਿੱਚੋਂ ਇੱਕ ਹੈ।

ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਵਿਰਾਸਤੀ ਦਰੱਖਤ ਐਲਾਨੇ ਗਏ ਪਿੱਪਲ ਦੀ ਲੰਬਾਈ 250 ਸਾਲ ਪੁਰਾਣੀ ਅਤੇ 70 ਫੁੱਟ ਉੱਚੀ ਦੱਸੀ ਜਾਂਦੀ ਹੈ। ਚੰਡੀਗੜ੍ਹ ਦੇ ਕਾਰਮਲ ਕਾਨਵੈਂਟ ਸਕੂਲ ਕੈਂਪਸ ਵਿੱਚ ਸ਼ੁੱਕਰਵਾਰ ਨੂੰ ਦਰੱਖਤ ਡਿੱਗਣ ਕਾਰਨ ਜ਼ਖਮੀ ਵਿਦਿਆਰਥੀ ਨੂੰ ਹਸਪਤਾਲ ਲਿਜਾਇਆ ਜਾ ਰਿਹਾ ਹੈ। ਸਕੂਲ ਦੇ ਗੇਟ ਬਾਹਰੀ ਵਿਦਿਆਰਥੀਆਂ ਲਈ ਬੰਦ ਕਰ ਦਿੱਤੇ ਗਏ ਹਨ ਅਤੇ ਕੈਂਪਸ ਵਿੱਚ ਭਾਰੀ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਦੀ ਮੌਜੂਦਗੀ ਹੈ। ਸਕੂਲ ਵਿੱਚ ਡਿਪਟੀ ਕਮਿਸ਼ਨਰ ਵਿਨੈ ਪ੍ਰਤਾਪ ਸਿੰਘ ਅਤੇ ਸੀਨੀਅਰ ਪੁਲੀਸ ਕਪਤਾਨ ਕੁਲਦੀਪ ਸਿੰਘ ਚਾਹਲ ਮੌਜੂਦ ਸਨ।

**– ਇੰਜੀ ਹਰਦੀਪ ਸਿੰਘ ਚੁੰਬਰ**

# ਪੰਜਾਬ ਸਰਕਾਰ ਦੀ ਵੈਬ ਅਨੁਸਾਰ ਪੰਜਾਬ ਦੇ ਪੰਜ ਵਜ਼ੀਰ : ਡਾ. ਚਰਨਜੀਤ ਸਿੰਘ ਗੁਮਟਾਲਾ

**ਅੰਮ੍ਰਿਤਸਰ–** ਪੰਜਾਬ ਸਰਕਾਰ ਦੀ ਵੈਬ ਸਾਈਟ ਸੰਬੰਧੀ ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ.



ਚਰਨਜੀਤ ਸਿੰਘ ਗੁਮਟਾਲਾ ਨੇ 30 ਜੂਨ ਨੂੰ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੂੰ ਈ-ਮੇਲ ਭੇਜੀ ਸੀ ਜਿਸ ਵਿੱਚ ਉਨ੍ਹਾਂ ਦਾ ਧਿਆਨ ਪੰਜਾਬ ਸਰਕਾਰ ਦੀ ਵੈਬਸਾਈਟ ਵੱਲ ਦਵਾਇਆ ਸੀ ਕਿ ਇਸ ਉਪਰ ਕਈ ਵਿਧਾਇਕਾਂ ਦੇ ਫੋਨ ਨੰ. ਗਲਤ ਦਿੱਤੇ ਗਏ ਹਨ ਤੇ ਕਈਆਂ ਦੇ ਨਹੀਂ ਦਿੱਤੇ। ਬਹੁਤੇ ਵਿਧਾਇਕਾਂ ਦੀ ਈ-ਮੇਲ ਦਿੱਤੀ ਨਹੀਂ ਗਈ, ਜਿਨ੍ਹਾਂ ਥੋੜੇ ਬਹੁਤੇ ਵਿਧਾਇਕਾਂ ਦੀਆਂ ਈ-ਮੇਲ ਦਿੱਤੀਆਂ ਗਈਆਂ ਹਨ ਉਹ ਵੀ ਵਾਪਿਸ ਆ ਜਾਂਦੀਆਂ ਹਨ। ਭਾਵ ਕੰਮ ਨਹੀਂ ਕਰਦੀਆਂ। ਇਸ ਪੱਤਰ ਦਾ ਅਜੇ ਤੀਕ ਕੋਈ ਜੁਆਬ ਨਹੀਂ ਆਇਆ। ਅੱਜ ਜਦ ਉਨ੍ਹਾਂ ਨੇ ਪੰਜਾਬ ਦੇ ਮੰਤਰੀਆਂ ਦੇ ਫੋਨ ਨੰਬਰ ਨੋਟ ਕਰਨੇ ਚਾਹੇ ਤਾਂ ਵੇਖਿਆ ਕਿ ਵੈਬ ਸਾਈਟ ਵਿੱਚ ਕੋਈ ਤਬਦੀਲੀ ਨਹੀਂ। ਉਸੇ ਤਰ੍ਹਾਂ ਵੈਬਸਾਈਟ ਗਲਤੀਆਂ ਭਰਪੂਰ ਹੈ ਤੇ ਵੈਬਸਾਈਟ ਉਪਰ ਪੁਰਾਣੇ ਪੰਜ ਮੰਤਰੀਆਂ ਦੇ ਨਾਂ ਹੀ ਦਿੱਤੇ ਹੋਏ ਹਨ। ਮੰਚ ਆਗੂ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਤੇ ਸਥਾਨਕ ਸਰਕਾਰ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ ਨੂੰ ਇੱਕ ਈ-ਮੇਲ ਰਾਹੀਂ ਬੇਨਤੀ ਕੀਤੀ ਹੈ ਕਿ ਨਵੇਂ ਬਣੇ ਮੰਤਰੀਆਂ ਅਤੇ ਸਾਰੇ ਵਿਧਾਇਕਾਂ ਦੇ ਫੋਨ ਨੰਬਰ ਤੇ ਈ-ਮੇਲਾਂ ਠੀਕ ਦਰਜ ਕੀਤੀਆਂ ਜਾਣ।

# ਨਸ਼ਿਆਂ ਦੀ ਵਰਤੋਂ ਦਾ ਪਤਾ ਲਗਾਉਣ ਲਈ ਪੰਜਾਬ ਦੀਆਂ ਜੇਲ੍ਹਾਂ ਵਿੱਚ ਡਰੱਗ ਸਕ੍ਰੀਨਿੰਗ ਮੁਹਿੰਮ ਕੀਤੀ ਸ਼ੁਰੂ

**ਚੰਡੀਗੜ੍ਹ–** ਸੂਬੇ ਦੀਆਂ ਜੇਲ੍ਹਾਂ ਨੂੰ ਗੈਰ-ਕਾਨੂੰਨੀ ਨਸ਼ਿਆਂ ਤੋਂ ਮੁਕਤ ਬਣਾਉਣ ਅਤੇ ਕੈਦੀਆਂ ਨੂੰ ਨਸ਼ਾ ਛੁਡਾਉਣ ਦਾ ਇਲਾਜ ਲੈਣ ਅਤੇ ਉਨ੍ਹਾਂ ਦੇ ਮੁੜ ਵਸੇਬੇ ਦਾ ਵਿਕਲਪ ਪ੍ਰਦਾਨ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਅੱਜ ਜੇਲ੍ਹ ਸੁਧਾਰਾਂ ਵੱਲ ਦੇਸ਼ ਵਿੱਚ ਆਪਣੀ ਕਿਸਮ ਦਾ ਪਹਿਲਾ ਕਦਮ ਉਠਾਉਂਦਿਆਂ ਕੈਦੀਆਂ ਵਿੱਚ ਨਸ਼ਿਆਂ ਦੀ ਵਰਤੋਂ ਦਾ ਪਤਾ ਲਗਾਉਣ ਲਈ 'ਡਰੱਗ ਸਕ੍ਰੀਨਿੰਗ ਮੁਹਿੰਮ' ਸ਼ੁਰੂ ਕੀਤੀ ਹੈ।

ਪਾਇਲਟ ਪ੍ਰੋਜੈਕਟ ਤਹਿਤ ਜ਼ਿਲ੍ਹਾ ਰੂਪਨਗਰ ਜੇਲ੍ਹ ਵੱਲੋਂ ਜੇਲ੍ਹ ਵਿੱਚ ਮੌਜੂਦ ਸਾਰੇ 950 ਕੈਦੀਆਂ ਦੀ ਸਫ਼ਲਤਾਪੂਰਵਕ ਜਾਂਚ ਕੀਤੀ ਗਈ। ਇਹ ਸਕਰੀਨਿੰਗ ਵਿਸ਼ੇਸ਼ ਡੀਜੀਪੀ ਜੇਲ੍ਹਾਂ ਹਰਪ੍ਰੀਤ ਸਿੰਘ ਸਿੱਧੂ, ਆਈਜੀ ਜੇਲ੍ਹਾਂ ਰੂਪ ਕੁਮਾਰ, ਡੀਆਈਜੀ ਜੇਲ੍ਹਾਂ ਸੁਰਿੰਦਰ ਸਿੰਘ ਅਤੇ ਜੇਲ੍ਹ ਸੁਪਰਡੈਂਟ ਕੁਲਵੰਤ ਸਿੰਘ ਦੀ ਮੌਜੂਦਗੀ ਵਿੱਚ ਕੀਤੀ ਗਈ।

ਸੂਬੇ ਭਰ ਦੀਆਂ ਵੱਖ-ਵੱਖ ਜੇਲ੍ਹਾਂ ਦੇ ਕੁਝ ਅਧਿਕਾਰੀਆਂ ਨੇ ਵੀ ਆਪੋ-ਆਪਣੀਆਂ ਜੇਲ੍ਹਾਂ ਵਿੱਚ ਇਸ ਮੁਹਿੰਮ ਨੂੰ ਸ਼ੁਰੂ ਕਰਨ ਦਾ ਤਜਰਬਾ ਹਾਸਲ ਕਰਨ ਲਈ ਮੁਹਿੰਮ ਵਿੱਚ ਹਿੱਸਾ ਲਿਆ। ਸਕਰੀਨਿੰਗ ਮੁਹਿੰਮ ਦੇ ਅੰਤਿਮ ਨਤੀਜੇ ਇੱਕ ਦਿਨ ਦੇ ਅੰਦਰ ਉਪਲਬਧ ਹੋਣਗੇ ਜਿਸ ਤੋਂ ਬਾਅਦ ਅਗਲੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

ਪੰਜਾਬ ਦੇ ਜੇਲ੍ਹ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਵਿਚਾਰੇ ਗਏ ਇਸ ਰਾਜ-ਵਿਆਪੀ ਡਰੱਗ ਸਕਰੀਨਿੰਗ ਪ੍ਰੋਜੈਕਟ ਦਾ ਉਦੇਸ਼ ਜੇਲ੍ਹਾਂ ਨੂੰ ਗੈਰ-ਕਾਨੂੰਨੀ ਨਸ਼ਿਆਂ ਤੋਂ ਮੁਕਤ ਬਣਾਉਣ ਦੇ ਨਾਲ-ਨਾਲ ਕੈਦੀਆਂ-ਜੋ ਪਹਿਲਾਂ ਹੀ ਨਸ਼ਿਆਂ ਦਾ ਸ਼ਿਕਾਰ ਹੋ ਚੁੱਕੇ ਹਨ, ਨੂੰ ਨਸ਼ਾ ਛੱਡਣ ਦਾ ਇਲਾਜ ਕਰਵਾਉਣ ਅਤੇ ਉਨ੍ਹਾਂ ਦੇ ਮੁੜ ਵਸੇਬੇ ਲਈ ਪ੍ਰਬੰਧ ਕਰਨਾ ਹੈ। ਜੇਲ੍ਹ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, "ਇਹ ਪਹਿਲੀ ਦਫ਼ਾ ਹੈ ਕਿ ਕਿਸੇ ਜੇਲ੍ਹ ਦੇ ਕੈਦੀਆਂ ਦੀ ਸਮੁੱਚੀ ਆਬਾਦੀ ਨੂੰ ਨਸ਼ੀਲੇ ਪਦਾਰਥਾਂ ਦੀ ਜਾਂਚ ਲਈ ਇੱਕ ਦਿਨ ਵਿੱਚ ਹੀ ਕਵਰ ਕਰਨ ਵਾਸਤੇ ਇੰਨੀ ਵਿਆਪਕ ਮੁਹਿੰਮ ਚਲਾਈ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਮੁਹਿੰਮ ਸੂਬੇ ਭਰ ਦੀਆਂ ਸਾਰੀਆਂ ਜੇਲ੍ਹਾਂ ਵਿੱਚ ਚਲਾਈ ਜਾਵੇਗੀ।

ਹੋਰ ਵੇਰਵੇ ਦਿੰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਦੀਆਂ ਜੇਲ੍ਹਾਂ ਵਿੱਚ ਸੁਧਾਰ ਲਿਆਉਣ ਦਾ ਇਹ ਇੱਕ ਨਵੇਕਲਾ ਉਪਰਾਲਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਪ੍ਰੋਜੈਕਟ ਨਸ਼ੀਲੇ ਪਦਾਰਥਾਂ ਦੀ ਵਰਤੋਂ ਸਬੰਧੀ ਵਿਗਾੜਾਂ ਵਾਲੇ ਕੈਦੀਆਂ ਦੀ ਪਛਾਣ ਕਰਨ ਵਿੱਚ ਮਦਦ ਕਰੇਗਾ ਜੋ ਜੇਲ੍ਹ ਪ੍ਰਣਾਲੀ ਵਿੱਚ ਸਥਾਪਤ ਓਓਏਟੀ ਕਲੀਨਿਕਾਂ/ਨਸ਼ਾ ਛੁਡਾਊ ਕੇਂਦਰਾਂ ਵਿੱਚ ਅਜੇ ਤੱਕ ਇਲਾਜ ਨਹੀਂ ਕਰਵਾ ਰਹੇ ਹਨ।

ਮੰਤਰੀ ਨੇ ਕਿਹਾ ਕਿ ਇਨ੍ਹਾਂ ਵਿਅਕਤੀਆਂ ਨੂੰ ਨਸ਼ਾ ਛੁਡਾਉਣ ਲਈ ਇਲਾਜ ਦੇਣ ਦੇ ਦੌਰਾਨ ਜੇ ਕੋਈ ਵਿਅਕਤੀ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਦਾ ਪਾਇਆ ਗਿਆ ਤਾਂ ਐਨਡੀਪੀਐਸ ਐਕਟ ਦੀ ਧਾਰਾ 27 ਦੇ ਤਹਿਤ ਐਫਆਈਆਰ ਵੀ ਦਰਜ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਲ੍ਹ ਵਿਭਾਗ ਐਨਡੀਪੀਐਸ ਐਕਟ ਦੀ ਧਾਰਾ 64 ਏ ਨੂੰ ਲਾਗੂ ਕਰਨ ਲਈ ਜਾਂਚ ਅਤੇ ਪ੍ਰਾਸੀਕਿਊਸ਼ਨ ਅਥਾਰਟੀਆਂ ਨੂੰ ਵੀ ਬੇਨਤੀ ਕਰੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਅਜਿਹੇ ਕੈਦੀਆਂ ਨੂੰ ਆਪਣਾ ਇਲਾਜ ਕਰਵਾਉਣ ਅਤੇ ਅਦਾਲਤ ਰਾਹੀਂ ਮੁਕੱਦਮੇ ਤੋਂ ਛੋਟ ਪ੍ਰਾਪਤ ਕਰਨ ਦਾ ਮੌਕਾ ਮਿਲੇਗਾ।

# ਪੰਜਾਬ ਬਜਟ 2002-23 : ਇੱਕ ਅਲੋਚਨਾਤਮਿਕ ਮੁਲਾਂਕਣ



ਡਾ. ਰਣਜੀਤ ਸਿੰਘ ਘੁੰਮਣ
ਪ੍ਰੋਫੈਸਰ ਆਫ਼ ਐਮੀਨੈਂਸ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

ਬਜਟ 2022-23 ਹੁਣ ਪਾਸ ਹੋ ਚੁੱਕਾ ਹੈ ਅਤੇ ਅਸਲੀਅਤ ਸਭ ਦੇ ਸਾਹਮਣੇ ਹੈ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਲੋਕਾਂ ਨੂੰ ਬਹੁਤ ਵੱਡੀਆਂ ਉਮੀਦਾਂ ਹਨ। ਸਰਕਾਰ ਨੇ ਕੁਝ ਗਰੰਟੀਆਂ ਪੂਰੀਆਂ ਕੀਤੀਆਂ ਹਨ ਅਤੇ ਕੁਝ ਕੁ ਹੋਰ ਪੂਰਾ ਕਰਨ ਦਾ ਵਾਇਦਾ ਕੀਤਾ ਹੈ। ਸਿੱਖਿਆ ਅਤੇ ਸੇਵਾਵਾਂ ਤੋਂ ਬਿਨਾ ਹੋਰ ਮੱਦਾ ਉਪਰ ਖਰਚ ਕੀਤੀ ਜਾਣ ਵਾਲੀ ਰਾਸ਼ੀ ਵਿੱਚ ਵਾਧਾ ਕੀਤਾ ਗਿਆ ਹੈ। ਠੇਕੇ ਵਾਲੇ ਮੁਲਾਜਮਾਂ ਨੂੰ ਰੈਗੂਲਰ ਕਰਨ ਅਤੇ ਸਰਕਾਰੀ ਖੇਤਰ ਵਿੱਚ ਹੋਰ ਅਸਾਮੀਆਂ ਭਰਨ ਦੇ ਫੈਸਲੇ ਸਮੇਤ ਹਰ ਪਰਿਵਾਰ ਨੂੰ ਮਹੀਨੇ ਦੇ 300 ਯੁਨਿਟ ਮੁਫ਼ਤ ਬਿਜਲੀ ਦੇਣ ਦਾ ਵੀ ਫੈਸਲਾ ਵੀ ਪਹਿਲੀ ਜੁਲਾਈ ਤੋਂ ਲਾਗੂ ਕਰ ਦਿੱਤਾ ਹੈ। ਬਜਟ ਤੋਂ ਬਾਅਦ ਵਿਧਾਨ ਸਭਾ ਵਿੱਚ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਜੀ ਨੇ ਹਾਊਸ ਵਿੱਚ ਕਿਹਾ ਸੀ ਕਿ ਸਰਕਾਰ ਔਰਤਾਂ ਨੂੰ 1000 ਰੁਪਏ ਮਹੀਨਾ ਦੇਣ ਦੀ ਗਰੰਟੀ ਨੂੰ ਪੂਰਾ ਕਰਨ ਲਈ ਵਿੱਤੀ ਸਾਧਨ ਇਕੱਠੇ ਕਰ ਰਹੀ ਹੈ ਅਤੇ ਆਉਣ ਵਾਲੇ ਕੁਝ ਮਹੀਨਿਆਂ ਤੱਕ ਇਹ ਗਰੰਟੀ ਵੀ ਪੂਰੀ ਕਰ ਦਿੱਤੀ ਜਾਵੇਗੀ। ਸਿੱਖਿਆ ਉਪਰ ਪਹਿਲਾਂ ਨਾਲੋਂ 17 ਪ੍ਰਤੀਸ਼ਤ ਦੀ ਅਤੇ ਸਿਹਤ ਸੇਵਾਵਾਂ ਉਪਰ 24 ਪ੍ਰਤੀਸ਼ਤ ਵਾਧੂ ਖਰਚ ਕਰਨ ਦੀ ਤਜਵੀਜ਼ ਹੈ। ਪਰ ਪਿਛਲੇ ਸਾਲ ਦੇ ਮੁਕਾਬਲੇ (ਵਿੱਤ ਵਿਭਾਗ ਦੇ ਅੰਕੜਿਆਂ ਮੁਤਾਬਿਕ) ਇਹ ਵਾਧਾ ਸਿੱਖਿਆ ਲਈ 6.44 ਪ੍ਰਤੀਸ਼ਤ (2021-22 ਦੇ ਸੋਧੇ ਅਨੁਮਾਨ 13780 ਕਰੋੜ ਰੁਪਏ ਤੋਂ ਵੱਧਕੇ 14668 ਕਰੋੜ ਰੁਪਏ) ਅਤੇ ਸਿਹਤ ਲਈ 7.19 ਪ੍ਰਤੀਸ਼ਤ (2021-22 ਦੇ ਸੋਧੇ ਅਨੁਮਾਨ 4717.84 ਕਰੋੜ ਰੁਪਏ ਤੋਂ ਵੱਧਕੇ 5057 ਕਰੋੜ ਰੁਪਏ) ਬਣਦਾ ਹੈ।

ਪੂੰਜੀਗਤ ਖਰਚਿਆਂ ਵਾਸਤੇ ਬਜਟ ਵਿੱਚ ਤਜਵੀਜ਼ਤ ਰਾਸ਼ੀ ਵੀ ਸਿੱਖਿਆ ਅਤੇ ਸਿਹਤ ਉਪਰ ਕੋਈ ਬਹੁਤ ਵੱਡੇ ਵਾਧੇ ਦੀ ਤਾਈਦ ਨਹੀਂ ਕਰਦੀ। ਨਵੇਂ ਮੈਡੀਕਲ ਕਾਲਜ ਸੂਬੇ ਦੀ ਲੋੜ ਅਤੇ ਵਿੱਤੀ ਸਾਧਨਾਂ ਨੂੰ ਧਿਆਨ ਵਿੱਚ ਰੱਖਕੇ ਖੋਲ੍ਹਣੇ ਚਾਹੀਦੇ ਹਨ ਨਾ ਕਿ ਸਿਆਸੀ ਲਾਹਾ ਖੱਟਣ ਲਈ। ਮੁਹੱਲਾਂ ਕਲੀਨਿਕਾਂ ਦੀ ਥਾਂ ਮੌਜੂਦਾ ਡਿਸਪੈਂਸਰੀਆਂ ਅਤੇ ਹੋਰ ਹੈਲਥ ਕੇਂਦਰਾਂ ਅਤੇ ਹਸਪਤਾਲਾਂ ਦੀ ਕਾਰਗੁਜਾਰੀ ਬਿਹਤਰ ਬਨਾਉਣ ਦੀ ਲੋੜ ਹੈ। ਐਮੀਨੈਂਟ ਸਕੂਲ ਸਥਾਪਤ ਕਰਨ ਤੋਂ ਪਹਿਲਾਂ 'ਆਦਰਸ਼ ਸਕੂਲਾਂ' ਅਤੇ 'ਮੈਰੀਟੋਰੀਅਸ ਸਕੂਲਾਂ' ਦੀ ਸਥਿਤੀ ਨੂੰ ਧਿਆਨ ਵਿੱਚ ਰੱਖਣ ਦੀ ਲੋੜ ਹੈ। ਵਾਹ ਵਾਹ ਖੱਟਣ ਲਈ ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਨਵੀਆਂ ਸੰਸਥਾਵਾਂ (ਸਿਹਤ ਅਤੇ ਸਿੱਖਿਆ ਆਦਿ ਦੇ ਖੇਤਰ ਵਿੱਚ) ਖੋਲ੍ਹਣ ਦੀ ਥਾਂ ਪਹਿਲਾ ਸਥਾਪਤ ਸੰਸਥਾਵਾਂ ਨੂੰ ਵਿੱਤੀ ਮੱਦਦ ਦੇ ਕੇ ਅਤੇ ਅਸਾਮੀਆਂ ਭਰਕੇ ਮਜਬੂਤ ਕਰਨ ਦੀ ਲੋੜ ਹੈ। ਪਿਛਲੀ ਸਰਕਾਰ ਨੇ ਤਿੰਨ ਯੂਨੀਵਰਸਿਟੀਆਂ ਨਵੀਆਂ ਖੋਲ੍ਹ ਕੇ ਸਿੱਖਿਆ ਸੰਸਥਾਵਾਂ ਨੂੰ ਫਾਇਦਾ ਪਹੁੰਚਾਉਣ ਦੀ ਥਾਂ ’ਤੇ ਮੌਜੂਦਾ ਸਰਕਾਰੀ ਯੂਨੀਵਰਸਿਟੀਆਂ ਨੂੰ ਨੁਕਸਾਨ ਹੀ ਪਹੁੰਚਾਇਆ ਹੈ। ਨਵੀਂ ਸੰਸਥਾ ਸਥਾਪਤ ਕਰਨ ਲਈ ਠੋਸ ਆਧਾਰ ਅਤੇ ਲੋੜੀਂਦੇ ਵਿੱਤੀ ਸਾਧਨਾਂ ਦਾ ਹੋਣਾ ਜ਼ਰੂਰੀ ਹੈ। ਸਥਾਪਤ ਸੰਸਥਾਵਾਂ ਤਾਂ ਗੰਭੀਰ ਵਿੱਤੀ ਸੰਕਟ ਦੇ ਦੌਰ ਵਿੱਚੋਂ ਗੁਜ਼ਰ ਰਹੀਆਂ ਹਨ ਪਰ ਨਵੀਆਂ ਸੰਸਥਾਵਾਂ ਖੋਲ੍ਹਣ ਦੇ ਐਲਾਨ ਕੀਤੇ ਜਾ ਰਹੇ ਹਨ।

ਤਕਨੀਕੀ ਸਿੱਖਿਆ ਅਤੇ ਡਾਕਟਰੀ ਸਿੱਖਿਆ ਉਪਰ ਪਿਛਲੇ ਸਾਲ ਦੇ ਮੁਕਾਬਲੇ ਕ੍ਰਮਵਾਰ 48 ਪ੍ਰਤੀਸ਼ਤ ਅਤੇ 57 ਪ੍ਰਤੀਸ਼ਤ ਖਰਚਾ ਵਧਾਉਣ ਦੀ ਤਜਵੀਜ਼ ਹੈ। ਤਕਨੀਕੀ ਅਤੇ ਡਾਕਟਰੀ ਸਿੱਖਿਆ ਵੱਲ ਧਿਆਨ ਦੇਣਾ ਵਧੀਆ ਕਦਮ ਹੈ ਕਿਉਂਕਿ ਰੁਜ਼ਗਾਰ ਲਈ ਸਿੱਖਿਆ, ਹੁਨਰ (ਤਾਜ) ਅਤੇ ਸਰੀਰਕ ਤੰਦਰੁਸਤੀ ਬਹੁਤ ਜ਼ਰੂਰੀ ਹਨ। ਚੰਗਾ ਹੋਵੇਗਾ ਜੇਕਰ ਸਰਕਾਰ ਤਕਨੀਕੀ ਸਿੱਖਿਆ ਅਧੀਨ ਮੌਜੂਦਾ ਉਦਯੋਗਿਕ ਸਖਿਲਾਈ ਸੰਸਥਾਵਾਂ ਅਤੇ ਬਹੁ-ਮੰਤਵੀ ਤਕਨੀਕੀ ਸੰਸਥਾਵਾਂ ਨੂੰ ਸਮੇਂ ਅਤੇ ਉਦਯੋਗਿਕ ਖੇਤਰਾ ਦੀ ਲੋੜ ਮੁਤਾਬਿਕ ਤਿਆਰ ਕਰੇ। ਇੱਕ ਵਿਧਾਇਕ ਇੱਕ ਪੈਨਸ਼ਨ ਦਾ ਬਿਲ ਪਾਸ ਕਰਨਾ ਸ਼ਲਾਘਾਯੋਗ ਫੈਸਲਾ ਹੈ। ਇਸ ਤੋਂ ਇਲਾਵਾ 26454 ਨਵੇਂ ਕਰਮਚਾਰੀਆਂ ਦੀ ਭਰਤੀ ਕਰਨ ਅਤੇ 36000 ਠੇਕਾ ਮੁਲਾਜਮਾਂ ਨੂੰ ਰੈਗੂਲਰ ਕਰਨ ਦੀ ਤਜਵੀਜ਼ ਵੀ ਬਹੁਤ ਵਧੀਆ ਹੈ। ਉਮੀਦ ਹੈ ਸਰਕਾਰ ਬਾਕੀ ਰਹਿੰਦੀਆਂ ਖਾਲੀ ਅਸਾਮੀਆਂ ਵੀ ਜਲਦੀ ਭਰੇਗੀ।

ਮਿੱਡ ਦੇ ਮੀਲ ਉਪਰ ਪਿਛਲੇ ਸਾਲ ਦੇ ਮੁਕਾਬਲੇ 35 ਪ੍ਰਤੀਸ਼ਤ ਵੱਧ ਬਜਟ ਰੱਖਣ ਅਤੇ ਮਨਰੇਗਾ ਉਪਰ 473 ਕਰੋੜ ਰੁਪਏ ਰੱਖਣ ਦੀ ਵੀ ਤਜਵੀਜ਼ ਬਹੁਤ ਚੰਗੀ ਹੈ। ਲੁਧਿਆਣਾ ਵਿਖੇ 950 ਏਕੜ ਵਿੱਚ ਟੈਕਸਟਾਈਲ ਪਾਰਕ (ਇਸ ਦੇ ਸਥਾਨ ਬਾਰੇ ਵਾਤਾਵਰਨ ਪੱਖੋਂ ਕਈ ਸੁਆਲ ਉਠਾਏ ਜਾ ਰਹੇ ਹਨ) ਅਤੇ ਰਾਜਪੁਰਾ ਨੇੜੇ 1100 ਏਕੜ ਵਿੱਚ ਮੈਨੂਫੈਕਚਰਿੰਗ ਪਾਰਕ ਬਨਾਉਣ ਦੀ ਤਜਵੀਜ਼ ਨਾਲ ਰੁਜ਼ਗਾਰ ਦੇ ਮੌਕੇ ਵਧਣਗੇ। ਸਮਾਜਿਕ ਸੁਰੱਖਿਆ ਸਕੀਮਾਂ ਵਾਸਤੇ ਪੈਸਾ ਵਧਾਉਣ ਦੀ ਵੀ ਤਜਵੀਜ਼ ਹੈ। ਇਸ ਤੋਂ ਇਲਾਵਾ ਕੁਝ ਹੋਰ ਪਹਿਲਕਦਮੀਆਂ ਵੀ ਬਜਟ ਵਿੱਚ ਦਰਸਾਈਆਂ ਗਈਆਂ ਹਨ। ਸਮਾਜਿਕ ਸੁਰੱਖਿਆ ਸਕੀਮਾਂ ਰਾਹੀਂ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਸਹੂਲਤਾਂ ਸਬੰਧੀ ਸਮੀਖਿਆ ਕਰਨ ਦੀ ਲੋੜ ਹੈ ਤਾਂ ਕਿ ਗੈਰ-ਵਾਜਿਬ ਅਤੇ ਅਣ-ਅਧਿਕਾਰਤ ਵਿਅਕਤੀਆਂ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ। ਮੀਡੀਆ ਵਿੱਚ ਆਮ ਹੀ ਖਬਰਾਂ ਛਪਦੀਆਂ ਹਨ ਕਿ ਬਹੁਤ ਸਾਰੇ ਅਜਿਹੇ ਵਿਅਕਤੀਆਂ (ਜਿਹੜੇ ਇਨ੍ਹਾਂ ਸਕੀਮਾਂ ਦੇ ਘੇਰੇ ਵਿੱਚ ਨਹੀਂ ਆਉਂਦੇ) ਅਜਿਹੀਆਂ ਸਕੀਮਾਂ ਦਾ ਨਜਾਇਜ਼ ਲਾਭ ਉਠਾ ਰਹੇ ਹਨ।

ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਦੇ ਭਾਸ਼ਨ ਨੂੰ ਸੁਨਣ ਤੋਂ ਬਾਅਦ (ਪਹਿਲੀ ਨਜ਼ਰੇ) ਇੰਜ ਲੱਗ ਰਿਹਾ ਸੀ ਜਿਵੇਂ ਸਚਮੁੱਚ ਹੀ ਬਜਟ ਤਜਵੀਜ਼ਾਂ ਚਮਤਕਾਰੀ ਹਨ। ਪਰ ਅਜਿਹਾ ਸੋਚਣਾ ਅਤੇ ਸਮਝਣਾ ਤਸਵੀਰ ਦਾ ਇੱਕ ਪਾਸਾ ਦੇਖਣਾ ਹੀ ਹੋਵੇਗਾ। ਤਸਵੀਰ ਦਾ ਦੂਜਾ ਪਾਸਾ ਵੇਖਣ ਲਈ ਇਸ ਸਾਲ ਦੀਆਂ ਬਜਟ ਤਜਵੀਜ਼ਾਂ ਨੂੰ ਪਿਛਲੇ ਸਾਲਾਂ ਦੇ ਚੌਖਟੇ ਵਿੱਚ ਰੱਖਕੇ ਵੇਖਣ ਦੀ ਲੋੜ ਹੈ। ਸਿੱਖਿਆ ਅਤੇ ਸਿਹਤ ਵਾਸਤੇ ਰੱਖੇ ਬਜਟ ਦੀ ਤੁਲਨਾ ਕਰਨ ਤੇ ਪਤਾ ਚੱਲਿਆ ਕਿ ਪ੍ਰਤੀਸ਼ਤ ਵਾਧਾ ਓਨਾ ਨਹੀਂ ਜਿਨ੍ਹਾਂ ਦੱਸਿਆ ਗਿਆ ਹੈ। ਨਾਲ ਹੀ ਸਮੁੱਚੇ ਬਜਟ ਦੀ ਸਰਕਾਰ ਦੀ ਆਰਥਿਕ ਅਤੇ ਵਿੱਤੀ ਸਥਿਤੀ ਨੂੰ ਧਿਆਨ ਵਿੱਚ ਰੱਖਕੇ ਮੁਲਾਂਕਣ ਕਰਨ ਦੀ ਲੋੜ ਹੈ। ਇਸ ਬਜਟ ਬਾਰੇ ਸੰਤੁਲਤ ਅਤੇ ਅਲੋਚਨਾਤਮਿਕ ਮੁਲਾਂਕਣ ਕਰਨ ਦਾ ਇਹੀ ਤਰੀਕਾ ਹੈ।

ਬਜਟ ਭਾਸ਼ਨ ਦੌਰਾਨ ਇੱਕ ਹੋਰ ਗੱਲ ਧਿਆਨ ਵਿੱਚ ਆਈ ਕਿ ਮਾਨਯੋਗ ਵਿੱਤ ਮੰਤਰੀ ਨੇ ਆਪਣੀ ਸੁਵਿਧਾ ਅਨੁਸਾਰ ਬਹੁਤੀਆਂ ਮੱਦਾਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਪ੍ਰਤੀਸ਼ਤ ਵਾਧੇ ਦਾ ਜ਼ਿਕਰ ਕੀਤਾ (ਪਰ ਪਿਛਲੇ ਸਾਲ ਦੌਰਾਨ ਉਨ੍ਹਾਂ ਮੱਦਾਂ ਉਪਰ ਕੀਤੇ ਖਰਚੇ ਦੀ ਰਾਸ਼ੀ ਨਹੀਂ ਦੱਸੀ) ਪਰ ਕੁਝ ਮੱਦਾਂ ਜਿਵੇਂ ਖੇਤੀ ਸੈਕਟਰ ਅਤੇ ਮਨਰੇਗਾ ਆਦਿ ਉਪਰ ਪ੍ਰਤੀਸ਼ਤ ਵਾਧੇ ਦੀ ਥਾਂ ਕੇਵਲ ਖਰਚ ਕੀਤੀ ਜਾਣ ਵਾਲੀ ਰਾਸ਼ੀ ਦਾ ਹੀ ਜ਼ਿਕਰ ਕੀਤਾ। ਉਦਾਹਰਨ ਦੇ ਤੌਰ ਤੇ ਖੇਤੀ ਤੇ ਸਹਾਇਕ ਗਤੀਵਿਧੀਆਂ ਲਈ ਬਜਟ ਵਿੱਚ 11560 ਕਰੋੜ ਰੁਪਏ ਦੀ ਰਾਸ਼ੀ ਦਾ ਜ਼ਿਕਰ ਕੀਤਾ, ਪਰ ਪ੍ਰਤੀਸ਼ਤ ਵਾਧਾ ਨਹੀਂ ਦੱਸਿਆ। ਜੇਕਰ ਪਿਛਲੇ ਸਾਲ ਨਾਲ ਮੁਕਾਬਲਾ ਕੀਤਾ ਜਾਵੇ ਤਾਂ ਇਸ ਖੇਤਰ ਵਾਸਤੇ ਸੋਧੇ ਅਨੁਮਾਨ ਅਨੁਸਾਰ 10713.48 ਕਰੋੜ ਰੁਪਏ ਦੀ ਰਾਸ਼ੀ ਸੀ। ਇਸ ਤਰ੍ਹਾਂ ਇਸ ਸਾਲ ਦੀ ਤਜਵੀਜ਼ਤ ਰਾਸ਼ੀ ਪਿਛਲੇ ਸਾਲ ਦੀ ਤਜਵੀਜ਼ਤ ਰਾਸ਼ੀ ਨਾਲੋਂ 483 ਕਰੋੜ




ਰੁਪਏ (4.51 ਪ੍ਰਤੀਸ਼ਤ) ਵੱਧ ਬਣਦੀ ਹੈ। ਇਹ ਰਾਸ਼ੀ ਝੋਨੇ ਦੀ ਸਿੱਧੀ ਬਿਜਾਈ ਲਈ ਰੱਖੇ 450 ਕਰੋੜ ਰੁਪਏ ਅਤੇ ਪਰਾਲੀ ਸਾੜਨ ਤੋਂ ਰੋਕਣ ਲਈ ਰੱਖੇ 200 ਕਰੋੜ ਰੁਪਏ ਤੋਂ ਬਿਨਾ ਹੈ। ਬਹੁਤ ਠੀਕ ਕਦਮ ਹੈ ਪਰ ਖੇਤੀ ਖੇਤਰ ਲਈ ਰੱਖੀ ਰਾਸ਼ੀ ਇਸ ਖੇਤਰ ਦੇ ਸਨਮੁੱਖ ਚੁਣੌਤੀਆਂ ਅਤੇ ਫਸਲੀ ਵਿਭਿੰਨਤਾ ਲਈ ਕਾਫੀ ਨਹੀਂ ਹੈ। ਪਰ ਵਿੱਤੀ ਸੰਕਟ ਦੇ ਚਲਦਿਆਂ ਇਸ ਤੋਂ ਵੱਧ ਵਾਧਾ ਸ਼ਾਇਦ ਸੰਭਵ ਹੀ ਨਹੀਂ ਸੀ।

ਵਿੱਤੀ ਸਾਲ 2022-23 ਦਾ ਸਮੁੱਚਾ ਬਜਟ 155860 ਕਰੋੜ ਰੁਪਏ ਦਾ ਹੈ। ਇਸ ਦੇ ਮੁਕਾਬਲੇ ਵਿੱਤੀ ਸਾਲ 2021-22 ਦੌਰਾਨ ਕੁਲ ਬਜਟ 168015 ਕਰੋੜ ਰੁਪਏ ਦਾ ਸੀ। ਪਰ ਸੋਧੇ ਅਨੁਮਾਨ ਅਨੁਸਾਰ ਇਹ ਰਾਸ਼ੀ 136476 ਕਰੋੜ ਰੁਪਏ ਦੀ ਸੀ। ਸਪਸ਼ਟ ਹੈ ਕਿ ਇਸ ਸਾਲ ਦੀ ਬਜਟ ਰਾਸ਼ੀ ਪਿਛਲੇ ਸਾਲ ਦੀ ਬਜਟ ਰਾਸ਼ੀ ਤੋਂ 12155 ਕਰੋੜ ਰੁਪਏ (7.23 ਪ੍ਰਤੀਸ਼ਤ) ਘੱਟ ਹੈ। ਪਰ ਸਾਲ 2021-22 ਦੇ ਸੋਧੇ ਹੋਏ ਅਨੁਮਾਨ ਤੋਂ 19385 ਕਰੋੜ ਰੁਪਏ (14.2 ਪ੍ਰਤੀਸ਼ਤ) ਜ਼ਿਆਦਾ ਹੈ। ਇਥੇ ਸੁਆਲ ਪੈਦਾ ਹੁੰਦਾ ਹੈ ਕਿ ਜੇ ਪਿਛਲੇ ਸਾਲ 168015 ਕਰੋੜ ਰੁਪਏ ਦੀ ਥਾਂ 136476 ਕਰੋੜ ਰੁਪਏ ਖਰਚ ਲਈ ਉਪਲਬਧ ਹੋਏ ਤਾਂ ਕੀ ਗਰੰਟੀ ਹੈ ਕਿ ਚਲੰਤ ਵਿੱਤੀ ਸਾਲ ਦੌਰਾਨ 155860 ਕਰੋੜ ਖਰਚੇ ਲਈ ਉਪਲਬਧ ਹੋਣਗੇ? ਪਿਛਲੇ ਸਾਲਾਂ ਦਾ ਤਜਰਬਾ ਦੱਸਦਾ ਹੈ ਕਿ ਬਜਟ ਤਜਵੀਜ਼ਾਂ ਵਿੱਚ ਰੱਖੀ ਵਿੱਤੀ ਰਾਸ਼ੀ ਅਕਸਰ ਹੀ ਅਸਲ (ਲੇਖਾ) ਜਾਂ ਸੋਧੀ ਰਾਸ਼ੀ ਤੋਂ ਘੱਟ ਹੁੰਦੀ ਹੈ। ਮਾਲੀ ਖਰਚੇ ਜੋ 107932 ਕਰੋੜ ਰੁਪਏ ਹਨ ਵਿੱਚੋਂ 20122 ਕਰੋੜ ਰੁਪਏ (18.64 ਪ੍ਰਤੀਸ਼ਤ) ਕਰਜੇ ਉਪਰ ਵਿਆਜ ਦੀ ਅਦਾਇਗੀ ਹੋਵੇਗੀ। ਪੂੰਜੀਗਤ ਖਰਚਿਆਂ ਦਾ ਜ਼ਿਕਰ ਕੀਤਾ ਜਾਵੇ ਤਾਂ ਸਾਲ 2021-22 ਦੀ 14134 ਕਰੋੜ ਰੁਪਏ ਦੀ ਰਾਸ਼ੀ (ਸੋਧੇ ਹੋਏ ਅਨੁਮਾਨ ਅਨੁਸਾਰ 10079 ਕਰੋੜ ਰੁਪਏ) ਦੇ ਮੁਕਾਬਲੇ ਸਾਲ 2022-23 ਦੀ ਬਜਟ ਰਾਸ਼ੀ ਪਿਛਲੇ ਸਾਲ ਦੇ ਮੁਕਾਬਲੇ 3153 ਕਰੋੜ ਰੁਪਏ (22.31 ਪ੍ਰਤੀਸ਼ਤ) ਘੱਟ ਹੈ ਜਦਕਿ ਅਸਲ ਰਾਸ਼ੀ ਨਾਲੋਂ 872 ਕਰੋੜ ਰੁਪਏ (8.65 ਪ੍ਰਤੀਸ਼ਤ) ਵੱਧ ਹੈ। ਇਸ ਗੱਲ ਦੀ ਕੀ ਗਰੰਟੀ ਹੈ ਕਿ ਵਿੱਤੀ ਸਾਲ 2022-23 ਦੌਰਾਨ ਵਾਕਿਆ ਹੀ 10980 ਕਰੋੜ ਰੁਪਏ ਦੀ ਰਾਸ਼ੀ ਪੂੰਜੀਗਤ ਖਰਚਿਆਂ ਵਾਸਤੇ ਉਪਲਬਧ ਹੋਵੇਗੀ?

## ਦਹੇਜ ਵਿੱਚ ਮਿਲਿਆ ਜਨਤਕ ਰਿਣ

ਪਰ ਜਨਤਕ ਰਿਣ ਦਾ ਨਿੱਤ ਵੱਧ ਰਿਹਾ ਭਾਰ ਅਤੇ ਉਸਦੀ ਅਦਾਇਗੀ (ਕੁਲ ਰਿਣ ਉਪਰ ਵਿਆਜ ਅਤੇ ਮੂਲ ਵਾਪਸੀ ਦੀ ਕਿਸ਼ਤ ਦੀਆਂ ਅਦਾਇਗੀਆਂ) ਸਰਕਾਰ ਅਤੇ ਪੰਜਾਬ ਦੇ ਲੋਕਾਂ ਸਾਹਮਣੇ ਬਹੁਤ ਵੱਡੀ ਚੁਣੌਤੀ ਹੈ। ਵਿੱਤੀ ਸਾਲ 2021-22 ਦੇ ਅੰਤ ਤੱਕ ਸੋਧੇ ਅਨੁਮਾਨਾਂ ਮੁਤਾਬਿਕ ਪੰਜਾਬ ਸਰਕਾਰ ਸਿਰ ਬਕਾਇਆ ਰਿਣ (ਬੋਰਡਾਂ ਅਤੇ ਕਾਰਪੋਰੇਸ਼ਨਾਂ ਸਿਰ 55000 ਕਰੋੜ ਰੁਪਏ ਦੇ ਕਰਜ਼ੇ ਤੋਂ ਇਲਾਵਾ) 2,83,757 ਕਰੋੜ ਰੁਪਏ ਸੀ (ਕੁੱਲ ਕਰਜਾ ਸਮੁੱਚੀ ਰਾਜ ਘਰੇਲੂ ਆਮਦਨ ਦਾ 45 ਪ੍ਰਤੀਸ਼ਤ ਹੈ)। ਰਿਜਰਵ ਬੈਂਕ ਆਫ਼ ਇੰਡੀਆ ਦੀ ਤਾਜਾ ਰਿਪੋਰਟ ਮੁਤਾਬਿਕ ਪੰਜਾਬ ਵਿੱਚ ਇਹ ਅਨੁਪਾਤ 10 ਸਭ ਤੋਂ ਜ਼ਿਆਦਾ ਰਾਜਾਂ ਵਿੱਚੋਂ ਸਭ ਤੋਂ ਜ਼ਿਆਦਾ ਹੈ। ਸਾਲ 2018-19 ਵਿੱਚ ਪੰਜਾਬ ਵਿੱਚ ਪ੍ਰਤੀ ਜੀਅ ਸਰਕਾਰੀ ਕਰਜਾ ਸਾਰੇ 17 ਜਨਰਲ ਕੈਟੇਗਰੀ ਰਾਜਾਂ ਵਿੱਚੋਂ ਵੱਧ ਸੀ। ਕਰਜਾ-ਘਰੇਲੂ ਉਤਪਾਦਨ ਦਾ ਅਨੁਪਾਤ ਵੀ ਸਾਰੇ ਰਾਜਾਂ ਤੋਂ ਵੱਧ ਸੀ। ਇਸ ਉਪਰ ਕਰਜਾ ਅਦਾਇਗੀਆਂ ਦੀ ਕੁਲ ਰਾਸ਼ੀ (ਮੂਲ ਦੀ ਵਾਪਸੀ - 17359 ਕਰੋੜ ਰੁਪਏ ਅਤੇ ਵਿਆਜ ਦੀ ਰਾਸ਼ੀ 19153 ਕਰੋੜ ਰੁਪਏ) 36512 ਕਰੋੜ ਰੁਪਏ ਸੀ। ਇਹ ਠੀਕ ਹੈ ਕਿ ਉਪਰੋਕਤ ਰਿਣ ਆਮ ਆਦਮੀ ਪਾਰਟੀ ਨੂੰ ਦਹੇਜ ਵਿੱਚ ਮਿਲਿਆ ਹੈ, ਮਤਲਬ ਇਹ ਕਰਜਾ ਮੌਜੂਦਾ ਸਰਕਾਰ ਦੀ ਦੇਣ ਨਹੀਂ ਹੈ। ਪਰ 2022-23 ਦੇ ਬਜਟ ਵਿੱਚ ਬਕਾਇਆ ਕਰਜੇ ਦੀ ਰਾਸ਼ੀ 305361 ਕਰੋੜ (ਜੋ ਪਿਛਲੇ ਸਾਲ ਨਾਲੋਂ 21605 ਕਰੋੜ ਰੁਪਏ ਵੱਧ ਹੈ) ਵਿਖਾਈ ਗਈ ਹੈ। ਵਰਣਨਯੋਗ ਹੈ ਕਿ ਸਾਲ 2022-23 ਦੇ ਬਜਟ ਦੀਆਂ ਪੂੰਜੀਗਤ ਪ੍ਰਾਪਤੀਆਂ ਵਿੱਚੋਂ 35051 ਕਰੋੜ ਰੁਪਏ ਦਾ ਕਰਜਾ ਹੋਰ ਲੈਣ ਦੀ ਤਜਵੀਜ਼ ਹੈ। ਸਪਸ਼ਟ ਹੈ ਕਿ ਇਸ ਕਰਜੇ ਦੀ ਜ਼ਿੰਮੇਵਾਰੀ ਤਾਂ 'ਆਪ' ਸਰਕਾਰ ਸਿਰ ਹੋਵੇਗੀ। ਇਸ ਤੋਂ ਇਲਾਵਾ 20000 ਕਰੋੜ ਰੁਪਏ ਦੀ ਰਾਸ਼ੀ ਉਪਾਅ ਅਤੇ ਸਾਧਨ ਪੇਸ਼ਗੀਆਂ ਮੱਦ ਵਿੱਚ ਅੰਕਿਤ ਹੈ, ਜੋ ਕਰਜੇ ਦਾ ਹੀ ਰੂਪ ਹੁੰਦਾ ਹੈ। ਪਰ ਹੋ ਸਕਦਾ ਹੈ ਕਿ ਜੇਕਰ ਵਿੱਤੀ ਸਾਧਨਾਂ ਦੀ ਵਸੂਲੀ ਠੀਕ ਤਰ੍ਹਾਂ ਕੀਤੀ ਗਈ ਤਾਂ ਇਸ ਦੀ ਲੋੜ ਨਾ ਪਵੇ।

ਉਪਰੋਕਤ ਬਿਰਤਾਂਤ ਅਤੇ ਅੰਕੜਿਆਂ ਤੋਂ ਸਪਸ਼ਟ ਹੈ ਕਿ ਪੰਜਾਬ ਸਰਕਾਰ ਦੀ ਵਿੱਤੀ ਹਾਲਤ ਬਹੁਤ ਹੀ ਨਾਜ਼ੁਕ ਸਥਿਤੀ ਵਿੱਚ ਹੈ ਅਤੇ ਮੌਜੂਦਾ ਹਾਲਤਾਂ ਵਿੱਚ ਠੀਕ ਹੋਣ ਦੀ ਕੋਈ ਆਸ ਦੀ ਕਿਰਨ ਵੀ ਨਜ਼ਰ ਨਹੀਂ ਆ ਰਹੀ। ਸਾਲ 2022-23 ਦੇ ਬਜਟ ਵਿੱਚ ਕਰਜੇ ਦੇ ਭਾਰ ਨੂੰ ਘੱਟ ਕਰਨ ਦਾ ਕੋਈ ਰੋਡ ਮੈਪ ਨਹੀਂ ਲੱਭਦਾ। ਲਗਦਾ ਇੰਝ ਹੈ ਕਿ ਸਰਕਾਰ ਕੋਲ ਕੋਈ ਜਾਦੂ ਦੀ ਛੜੀ ਹੈ ਜਿਸ ਕਰਕੇ ਸਰਕਾਰ ਇੰਨੇ ਵੱਡੇ ਕਰਜ਼ੇ ਦੇ ਸਨਮੁੱਖ ਹੋਰ ਮੁਫ਼ਤ ਸਹੂਲਤਾਂ ਅਤੇ ਸਬਸਿਡੀਆ ਦੇ ਰਹੀ ਹੈ। ਵਿੱਤੀ ਸਾਲ 2022-23 ਦੌਰਾਨ ਬਿਜਲੀ ਸਬਸਿਡੀ (ਮੁਫ਼ਤ ਬਿਜਲੀ) 15846 ਕਰੋੜ ਹੋਵੇਗੀ, ਇਸ ਵਿੱਚ ਪਿਛਲੇ ਸਾਲ ਦਾ ਬਕਾਇਆ (7117 ਕਰੋੜ ਰੁਪਏ) ਜੋੜਨ ਨਾਲ ਇਹ ਰਾਸ਼ੀ 22963 ਕਰੋੜ ਕੁੱਲ ਮਾਲੀਆ ਆਮਦਨ (95378 ਕਰੋੜ ਰੁਪਏ) ਦਾ 24 ਪ੍ਰਤੀਸ਼ਤ ਹੋਵੇਗੀ। ਇਸ ਵਿੱਚ ਔਰਤਾਂ ਨੂੰ ਦਿੱਤੀ ਜਾਣੀ ਵਾਲੀ 1000 ਰੁਪਏ ਪ੍ਰਤੀ ਮਹੀਨਾ ਦੀ ਅਦਾਇਗੀ (ਜੇਕਰ ਅਕਤੂਬਰ 2022 ਤੋਂ ਵੀ ਲਾਗੂ ਕੀਤੀ ਗਈ) ਤਾਂ 6000 ਕਰੋੜ ਰੁਪਏ (ਪੂਰੇ ਸਾਲ ਵਿੱਚ 12000 ਕਰੋੜ ਰੁਪਏ) ਦੀ ਹੋਰ ਰਾਸ਼ੀ ਜੋੜਨ ਨਾਲ 28962 ਕਰੋੜ ਰੁਪਏ (ਕੁੱਲ ਮਾਲੀ ਆਮਦਨ ਦਾ 30.37 ਪ੍ਰਤੀਸ਼ਤ) ਹੋਵੇਗੀ।

ਜਿਕਰਯੋਗ ਹੈ ਪਿਛਲੀ ਸਰਕਾਰ ਵਲੋਂ ਸਰਕਾਰੀ ਬੱਸਾਂ ਵਿੱਚ ਸਾਰੀਆਂ ਔਰਤਾਂ ਨੂੰ ਮੁਫ਼ਤ ਸਹੂਲਤਾਂ ਨੇ ਪਹਿਲਾਂ ਹੀ ਸਰਕਾਰੀ ਅਦਾਰੇ ਦੀ ਵਿੱਤੀ ਹਾਲਤ ਬਦਤਰ ਬਣਾ ਦਿੱਤੀ ਹੈ। ਇਸ ਤੋਂ ਇਲਾਵਾ ਤਨਖਾਹਾਂ, ਪੈਨਸ਼ਨਾਂ ਅਤੇ ਸੇਵਾ ਨਵਿਰਤੀ ਲਾਭ (ਬੱਝਵਾਂ ਖਰਚਾ) ਦੀ ਰਾਸ਼ੀ 46317 ਕਰੋੜ ਰੁਪਏ (ਕੁੱਲ ਮਾਲੀ ਆਮਦਨ ਦਾ 48.56 ਪ੍ਰਤੀਸ਼ਤ) ਹੋਵੇਗੀ। ਕਰਜੇ ਦੀ ਵਾਪਸੀ ਅਦਾਇਗੀ (ਮੂਲ ਦੀ ਕਿਸ਼ਤ 15946.37 + 20122.30) 36069 ਕਰੋੜ ਰੁਪਏ (ਕੁੱਲ ਮਾਲੀ ਆਮਦਨ ਦਾ 37.82 ਪ੍ਰਤੀਸ਼ਤ) ਹੋਵੇਗੀ। ਉਪਰੋਕਤ ਸਾਰੇ ਖਰਚਿਆਂ ਦਾ ਜੋੜ (ਮੁਫ਼ਤ ਬੱਸ ਸਫ਼ਰ ਤੋਂ ਬਿਨਾ) 1,11,348 ਕਰੋੜ ਰੁਪਏ (ਕੁੱਲ ਮਾਲੀ ਆਮਦਨ ਦਾ 116.74 ਪ੍ਰਤੀਸ਼ਤ) ਹੋਵੇਗੀ। ਸਪਸ਼ਟ ਹੈ ਕਿ ਸਰਕਾਰ ਨੂੰ ਘੱਟੋ ਘੱਟ 15970 ਕਰੋੜ ਰੁਪਏ (ਉਹ ਵੀ ਤਾਂ ਜੇ ਤਜਵੀਜ਼ਤ 95378 ਕਰੋੜ ਰੁਪਏ ਦੀ ਮਾਲੀ ਆਮਦਨ ਇਕੱਠੀ ਹੋਈ ਤਾਂ, ਜਿਸਦੀ ਉਮੀਦ ਘੱਟ ਹੈ) ਦਾ ਮਾਲੀ ਘਾਟਾ ਹੋਵੇਗਾ ਜੋ 16.74 ਪ੍ਰਤੀਸ਼ਤ ਹੋਵੇਗਾ। ਦੂਜੇ ਸ਼ਬਦਾਂ ਵਿੱਚ ਸਰਕਾਰ ਨੂੰ ਵਿੱਤੀ ਸਾਲ ਦੇ ਬਾਕੀ ਰਹਿੰਦੇ ਸਮੇਂ ਦੌਰਾਨ ਘੱਟੋ ਘੱਟ 15970 ਕਰੋੜ ਦਾ ਹੋਰ ਕਰਜਾ ਲੈਣਾ ਪਵੇਗਾ।

ਕਾਲਜਾਂ ਅਤੇ ਯੂਨੀਵਰਸਿਟੀ ਅਧਿਆਪਕਾਂ ਦੇ ਨਵੇਂ ਤਨਖਾਹ ਸਕੇਲ (ਜੋ ਪਹਿਲੀ ਜਨਵਰੀ 2016 ਤੋਂ ਲਾਗੂ ਹੋਣੇ ਹਨ ਅਤੇ ਜਿਸ ਵਿੱਚ ਪਹਿਲੇ ਪੰਜ ਸਾਲਾਂ ਦੌਰਾਨ 50 ਪ੍ਰਤੀਸ਼ਤ ਦਾ ਬੋਝ ਕੇਂਦਰ ਸਰਕਾਰ ਨੇ ਚੁੱਕਣਾ ਹੈ (ਬਹੁਤ ਸਾਰੇ ਰਾਜਾਂ ਅਤੇ ਕੇਂਦਰੀ ਯੂਨੀਵਰਸਿਟੀਆਂ ਵਿੱਚ ਨਵੇਂ ਤਨਖਾਹ ਸਕੇਲ ਪਹਿਲਾਂ ਹੀ ਦਿੱਤੇ ਜਾ ਚੁੱਕੇ ਹਨ) ਵੀ ਅਜੇ ਲਾਗੂ ਕਰਨੇ ਬਾਕੀ ਹਨ। ਛੇਵੇਂ ਤਨਖਾਹ ਕਮਿਸ਼ਨ ਦੇ ਬਹੁਤ ਸਾਰੇ ਬਕਾਇਆਂ ਦੀ ਅਦਾਇਗੀ ਵੀ ਅਜੇ ਬਾਕੀ ਹੈ।

ਪਹਿਲੀ ਜੁਲਾਈ 2022 ਤੋਂ ਜੀ.ਐਸ.ਟੀ. ਦੇ ਮੁਆਵਜੇ ਦੇ ਬੰਦ ਹੋਣ ਨਾਲ ਇਹ ਸੰਕਟ ਹੋਰ ਗੰਭੀਰ ਹੋਵੇਗਾ। ਹੈਰਾਨੀ ਦੀ ਗੱਲ ਹੈ ਕਿ ਪਹਿਲੀ ਸਰਕਾਰ ਨੇ ਇਸ ਗੱਲ ਨੂੰ ਗੰਭੀਰਤਾ ਨਾਲ ਨਹੀਂ ਲਿਆ ਅਤੇ ਨਾ ਹੀ ਆਉਣ ਵਾਲੇ ਵਿੱਤੀ ਖੱਪੇ ਨੂੰ ਭਰਨ ਲਈ ਕੋਈ ਰੋਡ ਮੈਪ ਤਿਆਰ ਕੀਤਾ। ਜ਼ਿਕਰਯੋਗ ਹੈ ਕਿ ਜੀ.ਐਸ.ਟੀ. ਮੁਆਵਜੇ ਦੀ ਅਦਾਇਗੀ (ਜੋ ਸਾਲ 2021-22 ਵਿੱਚ 16575 ਕਰੋੜ ਰੁਪਏ ਸੀ) ਬੰਦ ਹੋਣ ਤੇ ਸਰਕਾਰੀ ਖਜ਼ਾਨੇ ਨੂੰ ਬਹੁਤ ਵੱਡਾ ਵਿੱਤੀ ਖੱਪਾ ਭਰਨਾ ਪਵੇਗਾ। ਕੋਵਿਡ-19 ਦੇ ਮੱਧੇ ਨਜ਼ਰ ਕੇਂਦਰ ਸਰਕਾਰ ਨੂੰ ਜੀ.ਐਸ.ਟੀ. ਮੁਆਵਜਾ ਦੇਣ ਦੇ ਸਮੇਂ ਵਿੱਚ ਘੱਟੋ ਘੱਟ ਦੋ ਸਾਲ ਦਾ ਵਾਧਾ ਕਰਨਾ ਬਣਦਾ ਹੈ।

## ਘੱਟ ਮਾਲੀਆ ਇਕੱਤਰ ਹੋਣ ਦੇ ਮੂਲ ਕਾਰਨ

ਰਾਜ ਦੇ ਆਪਣੇ ਗੈਰ ਕਰਾਂ ਤੋਂ ਪ੍ਰਾਪਤ ਹੋਣ ਵਾਲੀ ਰਾਸ਼ੀ ਦਾ ਕੁਲ ਮਾਲੀਏ ਵਿੱਚ ਹਿੱਸੇ ਦਾ ਲਗਾਤਾਰ ਘੱਟਣਾ ਵੱਡਾ ਕਾਰਨ ਹੈ। ਮੌਜੂਦਾ ਸਰਕਾਰ ਨੇ ਹਾਲ ਹੀ ਵਿੱਚ ਜਾਰੀ ਕੀਤੇ ਵਾਈਟ ਪੇਪਰ ਵਿੱਚ ਅਜਿਹੀ ਚਿੰਤਾ ਦਾ ਇਜ਼ਹਾਰ ਵੀ ਕੀਤਾ ਹੈ। ਸਾਲ 2008-09 ਵਿੱਚ ਰਾਜ ਦੇ ਆਪਣੇ ਗੈਰ-ਕਰਾਂ ਤੋਂ ਆਮਦਨ ਕੁਲ ਮਾਲੀਏ ਦਾ 28 ਪ੍ਰਤੀਸ਼ਤ ਸੀ ਜਦ ਕਿ 2011-12 ਤੋਂ ਲੈ ਕੇ 2015-16 ਤੱਕ 5 ਪ੍ਰਤੀਸ਼ਤ ਤੋਂ ਲੈ ਕੇ 9 ਪ੍ਰਤੀਸ਼ਤ ਦੇ ਵਿਚਕਾਰ ਰਹੀ। 2016-17 ਵਿੱਚ 12 ਪ੍ਰਤੀਸ਼ਤ ਸੀ ਜਦ ਕਿ 2018-19 ਅਤੇ 2019-20 ਵਿੱਚ ਕ੍ਰਮਵਾਰ 12 ਪ੍ਰਤੀਸ਼ਤ ਅਤੇ 11 ਪ੍ਰਤੀਸ਼ਤ ਸੀ। 2020-21 ਅਤੇ 2021-22 (ਕੋਵਿਡ ਪ੍ਰਭਾਵਿਤ ਸਾਲਾਂ) ਦੌਰਾਨ 6 ਪ੍ਰਤੀਸ਼ਤ ਰਹੀ। ਰਾਜ ਦੀ ਆਪਣੀ ਗੈਰ-ਕਰ ਆਮਦਨ ਵਿੱਚ ਰਾਜ ਦੇ ਸਮੁੱਚੇ ਮਾਲੀਏ ਵਿੱਚ ਹਿੱਸੇ ਦਾ ਲਗਾਤਾਰ ਘਟਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ। ਵਿੱਤ ਮੰਤਰੀ ਨੇ ਆਪਣੇ ਬਜਟ ਭਾਸ਼ਣ ਵਿੱਚ ਵੀ ਅਜਿਹੀ ਚਿੰਤਾ ਜ਼ਾਹਰ ਕੀਤੀ ਸੀ ਅਤੇ ਇਸ ਤੋਂ ਆਮਦਨ ਵਧਾਉਣ ਦੀ ਪਰਬਲ ਇੱਛਾ ਦਾ ਪ੍ਰਗਟਾਵਾ ਵੀ ਕੀਤਾ ਸੀ।

ਰਾਜ ਦੇ ਆਪਣੇ ਟੈਕਸਾਂ ਤੋਂ ਹੋਣ ਵਾਲੀ ਆਮਦਨ 2010-11 ਦਾ ਹਿੱਸਾ ਵੀ ਕੁਲ ਮਾਲੀਏ ਵਿੱਚ 2010-11 ਤੋਂ ਘੱਟਦਾ ਜਾ ਰਿਹਾ ਹੈ। ਸਾਲ 2010-11 ਵਿੱਚ ਇਹ ਹਿੱਸਾ 80.26 ਪ੍ਰਤੀਸ਼ਤ ਸੀ ਜੋ ਉਸ ਤੋਂ ਬਾਅਦ ਲਗਾਤਾਰ ਘੱਟਦਾ ਹੀ ਗਿਆ (ਵਾਈਟ ਪੇਪਰ ਅਨੁਸਾਰ)। ਜੀ.ਐਸ.ਟੀ. ਲਾਗੂ ਹੋਣ ਤੋਂ ਪਹਿਲਾ ਵਾਲੇ ਸਾਲ (2016-17) ਵਿੱਚ ਇਹ ਹਿੱਸਾ 70 ਪ੍ਰਤੀਸ਼ਤ ਸੀ। ਪਰ 2017-18 (ਜੀ.ਐਸ.ਟੀ. ਵਾਲਾ ਸਾਲ) ਵਿੱਚ ਇਹ ਹਿੱਸਾ 65.5 ਪ੍ਰਤੀਸ਼ਤ ਹੋ ਗਿਆ। ਘੱਟਦਾ ਘੱਟਦਾ 2020-21 ਵਿੱਚ 53.89 ਪ੍ਰਤੀਸ਼ਤ ਰਹਿ ਗਿਆ। ਦੂਜੇ ਪਾਸੇ ਕੇਂਦਰੀ ਟੈਕਸਾਂ ਅਤੇ ਗਰਾਟਾਂ ਦਾ ਰਾਜ ਦੇ ਕੁਲ ਮਾਲੀਏ ਵਿੱਚ ਹਿੱਸਾ 2010-11 ਵਿੱਚ 19.74 ਪ੍ਰਤੀਸ਼ਤ ਤੋਂ ਵੱਧਕੇ 2020-21 ਵਿੱਚ 50.46 ਪ੍ਰਤੀਸ਼ਤ ਹੋ ਗਿਆ। ਵਰਨਣਯੋਗ ਹੈ ਕਿ ਰਾਜ ਦੇ ਆਪਣੇ ਕਰਾਂ ਦਾ ਰਾਜ ਦੇ ਸਮੁੱਚੇ ਘਰੇਲੂ ਉਤਪਾਨ ਵਿੱਚ ਅਨੁਪਾਤ 2012-13 ਵਿੱਚ 7.59 ਪ੍ਰਤੀਸ਼ਤ ਸੀ ਜੋ ਉਸ ਤੋਂ ਬਾਅਦ ਲਗਾਤਾਰ ਘੱਟਦਾ ਗਿਆ ਅਤੇ 2019-20 ਵਿੱਚ 5.22 ਪ੍ਰਤੀਸ਼ਤ ਰਹਿ ਗਿਆ। ਜੇਕਰ ਇਹ ਅਨੁਪਾਤ 2012-13 ਵਾਲਾ ਰਹਿੰਦਾ ਤਾਂ ਸਾਲ 2019-20 ਦੌਰਾਨ 16000 ਕਰੋੜ ਰੁਪਏ ਹੋਰ ਸਰਕਾਰੀ ਖਜ਼ਾਨੇ ਵਿੱਚ ਆਉਣੇ ਚਾਹੀਦੇ ਸਨ। ਸਾਲ 2018-19 ਵਿੱਚ ਆਪਣੇ ਟੈਕਸਾਂ ਤੋਂ ਪ੍ਰਾਪਤ ਹੋਣ ਵਾਲੀ ਪ੍ਰਤੀ ਜੀਅ ਆਮਦਨ ਦੇ ਹਿਸਾਬ ਨਾਂਲ ਪੰਜਾਬ ਦਾ 17 ਜਨਰਲ ਕੈਟੇਗਰੀ ਵਾਲੇ ਰਾਜਾਂ ਵਿੱਚ 6ਵਾਂ ਸਥਾਨ ਅਤੇ ਅਜਿਹੀ ਆਮਦਨ ਦਾ ਰਾਜ ਦੇ ਸਮੁੱਚੇ ਘਰੇਲੂ ਉਤਪਾਦਨ ਨਾਲ ਅਨੁਪਾਤ ਵਜੋਂ 12ਵਾਂ ਸਥਾਨ ਸੀ। ਇਹ ਇਸ ਗੱਲ ਦਾ ਸੰਕੇਤ ਹੈ ਕਿ ਪਿਛਲੀਆਂ ਸਰਕਾਰਾਂ ਨੇ ਬਣਦੇ ਵਿੱਤੀ ਸਾਧਨ ਸਰਕਾਰੀ ਖਜ਼ਾਨੇ ਵਿੱਚ ਘੱਟ ਲਿਆਂਦੇ ਗਏ ਹਨ। ਵਿੱਤ ਮੰਤਰੀ ਨੇ ਆਪਣੇ ਬਜਟ ਭਾਸ਼ਨ ਵਿੱਚ ਜ਼ਿਕਰ ਕਰਦਿਆਂ ਇਹ ਗੱਲ ਸ਼ਾਇਦ ਭ੍ਰਿਸ਼ਟਾਚਾਰ ਅਤੇ ਵਿੱਤੀ ਘਪਲਿਆਂ ਵੱਲ ਹੀ ਇਸ਼ਾਰਾ ਕੀਤਾ ਹੋਵੇ। ਮੇਰੇ ਆਪਣੇ ਅਨੁਮਾਨਾਂ ਅਨੁਸਾਰ ਬਿਨਾ ਕੋਈ ਨਵਾਂ ਟੈਕਸ ਲਗਾਉਣ ਤੋਂ 28500 ਕਰੋੜ ਰੁਪਏ ਹਰ ਸਾਲ ਹੋਰ ਸਰਕਾਰੀ ਖਜ਼ਾਨੇ ਵਿੱਚ ਆ ਸਕਦੇ ਹਨ (ਪੰਜਾਬ ਦੇ 6ਵੇਂ ਵਿੱਤ ਕਮਿਸ਼ਨ ਦੀ

(ਬਾਕੀ ਅਗਲੇ ਸਫੇ ’ਤੇ)

# ਜੇ ਪੰਜਾਬ ਦਾ ਵਾਤਾਵਰਨ ਸੰਭਾਲਣਾ ਹੈ ਤਾਂ ਹਰ ਪਿੰਡ ਇੱਕ ਸੰਤ ਸੀਚੇਵਾਲ ਪੈਦਾ ਕਰੇ

ਖੇਡ ਮੈਦਾਨ ਬੋਲਦਾ ਹੈ
ਜਗਰੂਪ ਸਿੰਘ ਜਰਖੜ
98143-00722



ਦੁਨੀਆਂ ਦਾ ਇਹ ਧੰਦਾ ਬਣ ਗਿਆ ਹੈ, ਕਿਵੇਂ ਨਾ ਕਿਵੇਂ ਕਿਸੇ ਦੀ ਆਲੋਚਨਾ ਕਰਨਾ, ਜਾਂ ਫਿਰ ਆਪਣੀ ਤਾਰੀਫ਼ ਦੇ ਪੁਲ ਬੰਨ੍ਹਣੇ ਜਾਂ ਫਿਰ ਆਪਣੀ ਤਾਰੀਫ ਸੁਣਨਾ, ਬਹੁਤਿਆਂ ਨੇ ਤਾਂ ਆਪਣੀ ਹੀ ਹਉਮੈ ਨੂੰ ਪੱਠੇ ਪਾਉਣਾ ਹੁੰਦਾ ਹੈ। ਜ਼ਿੰਦਗੀ ਜਿਉਣ ਅਤੇ ਅੱਗੇ ਵਧਣ ਦਾ ਮਤਲਬ ਭੁੱਲ ਗਏ ਹਨ ਲੋਕ , ਬਹੁਤ ਘੱਟ ਲੋਕ ਹੁੰਦੇ ਹਨ ਜੋ ਆਲੋਚਨਾ, ਤਰੀਫਾ, ਆਪਣੀ ਹਉਮੈ ਤੋਂ ਪਰੇ ਹਟ ਕੇ ਸਿਰਫ਼ ਆਪਣੀ ਮੰਜ਼ਿਲ ਵੱਲ ਲੱਗੇ ਹੁੰਦੇ ਹਨ, ਮੰਜ਼ਿਲਾਂ ਸਰ ਕਰਨ ਵਾਲਿਆਂ ਵਿਚੋਂ ਇਕ ਹਨ, ਸੰਤ ਬਲਬੀਰ ਸਿੰਘ ਸੀਚੇਵਾਲ ਜੋ ਵਾਕਿਆ ਹੀ ਵਾਤਾਵਰਨ ਦੀ ਦੁਨੀਆਂ ਦੇ ਇੱਕ ਰਹਿਨੁਮਾ ਅਤੇ ਅਸਲ ਸੰਤ ਹਨ।





ਸੰਤ ਬਲਬੀਰ ਸਿੰਘ ਸੀਚੇਵਾਲ ਸਾਹਿਬ ਨਾਲ ਮੇਰਾ ਪਿਛਲੇ ਇੱਕ ਦਹਾਕੇ ਤੋਂ ਵਾਹ ਵਾਸਤਾ ਹੈ। ਅਸੀਂ ਉਨ੍ਹਾਂ ਨੂੰ ਉਨ੍ਹਾਂ ਦੇ ਵਾਤਾਵਰਨ ਪ੍ਰਤੀ ਨਿਭਾਈਆਂ ਸੇਵਾਵਾਂ ਬਦਲੇ ਕਈ ਮੌਕਿਆਂ ਤੇ ਲੁਧਿਆਣਾ ਵਿਖੇ ਅਤੇ ਜਰਖੜ ਖੇਡਾਂ ਦੇ ਫਾਈਨਲ ਸਮਾਰੋਹਾਂ ਤੇ ਸਨਮਾਨਿਤ ਕਰਨ ਦਾ ਮਾਣ ਖੱਟਿਆ ਹੈ। ਪਰ ਦਿਲ ਦੀਆਂ ਗਹਿਰਾਈਆਂ ਚੋਂ ਸਾਂਝ ਡੂੰਘੀ ਉਸ ਵੇਲੇ ਹੋਈ ਜਦੋਂ ਬੀਤੇ ਦਿਨੀਂ ਮੇਰੇ ਪਰਮ ਮਿੱਤਰ ਅਜੈਬ ਸਿੰਘ ਗਰਚਾ ਇੰਗਲੈਂਡ ਵਾਲੇ , ਪ੍ਰਿੰਸੀਪਲ ਪ੍ਰੇਮ ਕੁਮਾਰ ਫਿਲੌਰ , ਪੱਤਰਕਾਰ ਸਤਿੰਦਰ ਸ਼ਰਮਾ ਫਿਲੌਰ, ਹਰਜੀਤ ਸਿੰਘ ਵਿਰਕ, ਮਨਜਿੰਦਰ ਇਯਾਲੀ ,ਸਾਬੀ ਜਰਖੜ ਹੋਰਾਂ ਨਾਲ ਸੰਤਾਂ ਨੂੰ ਮਿਲਣ ਦਾ ਸਬੱਬ ਮਿਲਿਆ , ਵੈਸੇ ਅਸੀਂ ਤਾਂ ਉਨ੍ਹਾਂ ਨੂੰ ਰਾਜ ਸਭਾ ਦੇ ਮੈਂਬਰ ਬਣਨ ਤੇ ਵਧਾਈ ਦੇਣ ਗਏ ਸੀ। ਸੰਤ ਬਲਬੀਰ ਸਿੰਘ ਜੀ ਸੀਚੇਵਾਲ ਹੋਰਾਂ ਨਾਲ ਵਾਤਾਵਰਨ ਬਾਰੇ ,ਖੇਡਾਂ ਬਾਰੇ ਸਮਾਜ ਬਾਰੇ, ਅਤੇ ਅਧਿਆਤਮਕਤਾ ਬਾਰੇ ਪੰਜਾਬ ਦੀ ਤਰੱਕੀ ਬਾਰੇ ਬੜੀਆਂ ਡੂੰਘੀਆਂ ਵਿਚਾਰਾਂ ਹੋਈਆਂ । ਉਨ੍ਹਾਂ ਨੇ ਸਾਨੂੰ ਕਿਸ਼ਤੀ ਰਾਹੀਂ ਕਾਲੀ ਵੇਈਂ ਦਾ ਗੇੜਾ ਵੀ ਲਵਾਇਆ ,ਹੋਰ ਹਜ਼ਾਰਾਂ ਦੀ ਤਦਾਦ ਵਿੱਚ ਲਾਏ ਦਰੱਖਤ, ਬੂਟੇ ਅਤੇ ਹੋਰ ਹਰਿਆਵਲ ਦੇ ਦਸਤੇ ਦਿਖਾਏ , ਪਾਣੀ ਦੀ ਸੰਭਾਲ ,ਇਸ ਤੋਂ ਇਲਾਵਾ ਬਣਾਈਆਂ ਠੰਢਕ ਵਾਲੀਆਂ ਝੌਂਪੜੀਆਂ , ਪਾਣੀ, ਹਵਾ , ਧਰਤੀ ਨੂੰ ਬਚਾਉਣ ਦੇ ਤਰੀਕੇ, ਜ਼ਿੰਦਗੀ ਜਿਉਣ ਦੇ ਅਸਲ ਅਰਥ, ਮੰਜ਼ਿਲ ਦੀ ਪ੍ਰਾਪਤੀ ਵਧਦੇ ਕਦਮਾਂ ਦੀ ਪ੍ਰੰਪਰਾ, ਇਨਸਾਨ ਤੇ ਵਾਪਰਦਾ ਕੁਦਰਤ ਦਾ ਵਰਤਾਰਾ, ਸਾਧਾਰਨ ਜ਼ਿੰਦਗੀ ਜਿਊਣ ਦੀ ਅਹਿਮੀਅਤ ਅਤੇ ਹੋਰ ਬੜਾ ਕੁਝ ਆਪਸੀ ਵਾਰਤਾ ਰਾਹੀਂ ਸਿੱਖਣ ਦਾ ਮੌਕਾ ਮਿਲਿਆ। ਸੰਤਾਂ ਦਾ ਮੇਰੇ ਮਨ ਤੇ ਇਹ ਪ੍ਰਭਾਵ ਪਿਆ ਕਿ ਬੰਦੇ ਦਾ ਕੰਮ ਬੰਦਗੀ ਕਰਨਾ ,ਸੇਵਾ ਕਰਨਾ ,ਫਲ ਦੇਣਾ ਹੈ ਪਰਮਾਤਮਾ ਦਾ ਕੰਮ, ਕਿਉਂਕਿ ਕਿਸੇ ਵੀ ਇਨਸਾਨ ਦੇ ਸਿਰਫ ਕੱਪੜੇ ਹੀ ਨਹੀਂ, ਸਗੋਂ ਇਨਸਾਨ ਦੀ ਸੋਚ ਬ੍ਰਾਂਡਿਡ ਹੋਣੀ ਚਾਹੀਦੀ ਹੈ। ਜੇਕਰ ਕਿਸੇ ਨੇ ਕਿਸੇ ਇਨਸਾਨ ਦੇ ਬਰਾਂਡਡ ਸੋਚ ਦੇਖਣੀ ਹੋਵੇ ਤਾਂ ਕਾਲੀ ਵੇਈਂ ਦਾ ਗੇੜਾ ਜ਼ਰੂਰ ਲੈ ਆਵੇ , ਆਪੇ ਪਤਾ ਲੱਗ ਜਾਵੇਗਾ ਕਿ ਸੰਤ ਦੀ ਉਪਾਧੀ ਇਸ ਦੁਨੀਆਂ ਵਿੱਚ ਕਿਵੇਂ ਮਿਲਦੀ ਹੈ !

ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਉਨ੍ਹਾਂ ਦੀ ਸੰਗਤ ਨਾਲ ਅਸੀਂ ਆਪਣੇ ਮਾਣ ਸਤਿਕਾਰ ਦੀਆਂ ਤਸਵੀਰਾਂ ਵੀ ਕਰਵਾਈਆਂ। ਵਾਕਿਆ ਹੀ ਮੈਨੂੰ ਤਾਂ ਇੰਝ ਲੱਗਿਆ ਕਿ ਜਿਸ ਤਰ੍ਹਾਂ ਮੈਂ ਹਾਲੈਂਡ ਮੁਲਕ ਦਾ ਦਬਾਰਾ ਗੇੜਾ ਲਾ ਆਇਆਂ ਹੋਵਾਂ ਕਿਉਂਕਿ ਹਾਲੈਂਡ, ਜਰਮਨੀ ਵਰਗੇ ਮੁਲਕਾਂ ਵਿੱਚ ਨਦੀਆਂ ਅਤੇ ਦਰੱਖਤਾਂ ਦੀ ਬਹੁਤ ਭਰਮਾਰ ਹੈ। ਉੱਥੇ ਜ਼ਿੰਦਗੀ ਜਿਊਂਣ ਦਾ ਸਕੂਨ ਹੀ ਵੱਖਰਾ ਹੈ , ਸੰਤ ਸੀਚੇਵਾਲ ਜੀ ਹੋਰਾਂ ਨੇ ਜਿਊਂਦਾ ਜਾਗਦਾ ਹਾਲੈਂਡ ਸੁਲਤਾਨਪੁਰ ਲੋਧੀ ਵਿਖੇ ਬਣ-ਇਆ ਹੋਇਆ ਹੈ । ਮੈਂ ਉਨ੍ਹਾਂ ਤਸਵੀਰਾਂ ਨੂੰ ਆ ਕੇ ਸੋਸ਼ਲ ਮੀਡੀਆ ਉੱਤੇ ਪਾਇਆ, ਬੜੇ ਲੋਕਾਂ ਨੇ ਬੜੇ ਵਧੀਆ ਕੁਮੈਂਟਸ ਵੀ ਭੇਜੇ, ਕੁੱਝ ਕੁ ਨੇ ਮਾੜੇ ਵੀ ਭੇਜੇ ,ਕੁੱਝ ਕੁ ਨੇ ਲਿਖਿਆ ਕਿ ਸੰਤ ਸੀਚੇਵਾਲ ਤਾਂ ਆਰ ਐਸ ਐਸ ਦੇ ਬੰਦੇ ਹਨ, ਉਹ ਬੀ-ਜੇਪੀ ਦੀ ਕਠਪੁਤਲੀ ਹਨ, ਉਹ ਆਪ ਦੇ ਰਾਜਸੀ ਨੇਤਾ ਬਣ ਗਏ ਹਨ ਉਹ ਸੰਤ ਨਹੀਂ ਹਨ , ਪਤਾ ਨਹੀਂ ਕੀ ਕੀ? ਮੈਂ ਉਨ੍ਹਾਂ ਲੋਕਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਆਰ ਐਸ ਐਸ ਦੀ ਗੱਲ ਤਾਂ ਛੱਡੋ ਉਹ ਚਾਹੇ ਪੰਜਾਬ ਦੇ ਦੁਸ਼ਮਣ ਵੀ ਬਣ ਗਏ ਹੋਣ ,ਉਨ੍ਹਾਂ ਵਰਗੀ ਤਪੱਸਿਆ ,ਉਨ੍ਹਾਂ ਵਰਗੀ ਘਾਲਣਾ, ਉਨ੍ਹਾਂ ਵਰਗੀ ਜੱਦੋ ਜਹਿਦ, ਉਨ੍ਹਾਂ ਵਰਗੀ ਵਾਤਾਵਰਨ ਨੂੰ ਵਧੀਆ ਬਣਾਉਣ ਲਈ ਕੀਤੀ ਭਗਤੀ ,ਕੋਈ ਮਾਈ ਦਾ ਲਾਲ ਕਰਕੇ ਤਾਂ ਵਿਖਾਏ, ਫਿਰ ਪਤਾ ਲੱਗਜੂ ਤੇ ਸੇਵਾ ਕਰਨੀ ਕਿੰਨੀ ਕੁ ਸੌਖੀ ਹੈ। ਬਿਨਾਂ ਮਤਲਬ ਕਿਸੇ ਦੀ ਆਲੋਚਨਾ ਕਰਨੀ, ਐਵੇਂ ਝੂਠੀਆ ਅਫ਼ਵਾਹਾ ਫਲਾਉਣੀਆਂ ਸੌਖਾ ਕੰਮ ਹੁੰਦਾ ਹੈ। ਉਹ ਦੁਨੀਆਂ ਦੇ ਲੋਕੋ, ਆਪਣੇ ਕਹੇ ਤੇ ਤਾਂ ਪਿੰਡ ਦਾ ਸਰਪੰਚ ਨੀ ਗੱਲ ਮੰਨਦਾ, ਸੰਤਾਂ ਦੇ ਕੀਤੇ ਵਾਤਾਵਰਨ ਅਤੇ ਸਮਾਜ ਸੁਧਾਰਕ ਕੰਮਾਂ ਨੂੰ ਮੁਲਕ ਦਾ ਰਾਸ਼ਟਰਪਤੀ ਏ ਪੀ ਜੇ ਅਬਦੁਲ ਕਲਾਮ ਇੱਕ ਨਹੀਂ 2 ਵਾਰ ਵੇਖਣ ਆਇਆਂ ਹੈ। ਸੰਤ ਸੀਚੇਵਾਲ ਜੀ ਦਾ ਨਾਮ ਦੁਨੀਆਂ ਦੇ ਪਹਿਲੇ 30 ਵਾਤਾਵਰਣ ਪ੍ਰੇਮੀਆਂ ਵਿੱਚ ਸ਼ਾਮਲ ਹੈ। ਪੂਰੀ ਦੁਨੀਆਂ ਦੇ ਵਿੱਚ ਓਹ ਪੰਜਾਬ ਦੀ ਪਹਿਚਾਣ ਨੂੰ ਉੱਚਾ ਕਰ ਰਹੇ ਹਨ। ਮੇਰਾ ਹਮੇਸ਼ਾ ਲਈ ਸਲੂਟ ਹੈ, ਸੰਤ ਬਲਬੀਰ ਸਿੰਘ ਜੀ ਸੀਚੇਵਾਲ ਹੋਰਾਂ ਨੂੰ, ਜਿਹੜੇ ਸਾਡੇ ਗੁਰੂਆਂ , ਪੀਰਾਂ ਇੱਥੇ ਪੁਰਖਿਆਂ ਦੀ ਦਿੱਤੀ ਹੋਈ ਵਿਰਾਸਤ ਨੂੰ ਸੰਭਾਲ ਰਹੇ ਹਨ ਅਤੇ ਪੰਜਾਬੀਆਂ ਨੂੰ ਵਾਤਾਵਰਨ ਸੰਭਾਲਣ ਲਈ ਪ੍ਰੇਰਤ ਕਰ ਰਹੇ ਹਨ। ਆਮ ਆਦਮੀ ਪਾਰਟੀ ਨੇ ਜੋ ਉਨ੍ਹਾਂ ਨੂੰ ਰਾਜ ਸਭਾ ਮੈਂਬਰ ਬਣਾ ਕੇ ਸੰਸਦ ਵਿੱਚ ਭੇਜਿਆ ਹੈ ਉਸ ਬਦਲੇ ਆਪ ਵਾਲੇ ਵਧਾਈ ਦੇ ਪਾਤਰ ਹਨ। ਮੇਰੀ ਤਾਂ ਅੱਗੇ ਬੇਨਤੀ ਇਹ ਹੈ ਭਾਰਤ ਸਰਕਾਰ ਨੂੰ ਚਾਹੀਦਾ ਹੈ, ਕਿ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਹੋਰਾਂ ਨੂੰ ਮੁਲਕ ਦਾ ਸਭ ਤੋਂ ਵੱਡਾ ਐਵਾਰਡ " ਭਾਰਤ ਰਤਨ "ਦੇ ਕੇ ਸਨਮਾਨਿਆ ਜਾਵੇ ਅਤੇ ਸੰਤ ਸੀਚੇਵਾਲ ਦੇ ਮਾਡਲ ਨੂੰ ਭਾਰਤ ਦੇ ਹਰ ਪਿੰਡ ਵਿੱਚ ਲਾਗੂ ਕੀਤਾ ਜਾਵੇ । ਜੇਕਰ ਪੰਜਾਬ ਦਾ ਪਾਣੀ, ਹਵਾ ਅਤੇ ਧਰਤੀ ਨੂੰ ਬਚਾਉਣਾ ਹੈ ਅਤੇ ਪੰਜਾਬ ਦਾ ਵਾਤਾਵਰਨ ਸੰਭਾਲਣਾ ਹੈ ਤਾਂ ਪੰਜਾਬ ਦੇ ਹਰ ਨਾਗਰਿਕ ਨੂੰ ਸੰਤ ਬਲਬੀਰ ਸਿੰਘ ਸੀਚੇਵਾਲ ਵਾਲੀ ਭੂਮਿਕਾ ਆਪੋ ਆਪਣੇ ਪਿੰਡ ਦੇ ਵਿੱਚ ਨਿਭਾਉਣੀ ਪਵੇਗੀ। ਫੇਰ ਹੀ ਪੰਜਾਬ ਬਚ ਸਕਦਾ ਹੈ ਅਤੇ ਲੋਕਾਂ ਦੇ ਰਹਿਣ ਯੋਗ ਪੰਜਾਬ ਬਣ ਸਕਦਾ ਹੈ। ਮੇਰੇ ਵਤਨ ਪੰਜਾਬ ਦਾ ਰੱਬ ਰਾਖਾ!

# ਪੰਜਾਬ ਬਜਟ 2002-23 : ਇੱਕ ਅਲੋਚਨਾਤਮਿਕ ਮੁਲਾਂਕਣ

(ਸਫਾ 18 ਦੀ ਬਾਕੀ)

ਰਿਪੋਰਟ)। ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਛੇਵੇਂ ਵਿੱਤ ਕਮਿਸ਼ਨ ਦੀ ਰਿਪੋਰਟ (ਜੋ ਮਾਰਚ 2022 ਨੂੰ ਸਰਕਾਰ ਨੂੰ ਸੌਂਪ ਦਿੱਤੀ ਗਈ ਸੀ ਅਤੇ ਜਿਸ ਅਨੁਸਾਰ ਪੰਚਾਇਤਾਂ, ਮਿਊਂਸੀਪਲ ਕਮੇਟੀਆਂ ਅਤੇ ਕਾਰਪੋਰੇਸ਼ਨਾਂ ਨੂੰ ਪੰਜਾਬ ਸਰਕਾਰ ਵਲੋਂ ਸਾਲ 2021-22 ਤੋਂ 2025-26 ਲਈ ਵਿੱਤੀ ਫੰਡ ਦੇਣੇ ਹੁੰਦੇ ਹਨ) ਸਦਨ ਵਿੱਚ ਬਹਿਸ ਲਈ ਪੇਸ਼ ਹੀ ਨਹੀਂ ਕੀਤੀ ਗਈ।

**ਸਰਕਾਰ ਸਾਹਮਣੇ ਚੁਣੌਤੀਆਂ**

ਸਰਕਾਰ ਸਾਹਮਣੇ ਇਸ ਵੇਲੇ ਸਭ ਤੋਂ ਵੱਡੀ ਚੁਣੌਤੀ ਹੈ: ਸਰਕਾਰੀ ਖਜ਼ਾਨੇ (ਸੰਚਿਤ ਫੰਡ ਜਾਂ consolidated fund) ਵਿੱਚ ਹੋਰ ਵਿੱਤੀ ਰਾਸ਼ੀ ਕਿਵੇਂ ਲਿਆਂਦੀ ਜਾਵੇ? ਇਸੇ ਚੁਣੌਤੀ ਦਾ ਦੂਜਾ ਪੱਖ ਹੈ ਵਿੱਤੀ ਸਾਧਨਾਂ ਦਾ ਸਦਉਪਯੋਗ ਕਿਵੇਂ ਕੀਤਾ ਜਾਵੇ ਅਤੇ ਕਰਜ਼ੇ ਦਾ ਭਾਰ ਕਿਵੇਂ ਘਟਾਇਆ ਜਾਵੇ? ਬਾਕੀ ਸਾਰੀਆਂ ਚੁਣੌਤੀਆਂ ਇਸ ਨਾਲ ਹੀ ਜੁੜੀਆਂ ਹੋਈਆਂ ਹਨ। ਖਜ਼ਾਨੇ ਵਿੱਚ ਹੋਰ ਵਿੱਤੀ ਰਾਸ਼ੀ ਲਿਆਉਣ ਲਈ ਇਹ ਵੇਖਣਾ ਪਵੇਗਾ ਕਿ ਸੰਭਾਵਨਾ ਕਿਥੇ ਕਿਥੇ ਹੈ। ਦੂਜੀ ਵੱਡੀ ਚੁਣੌਤੀ ਹੈ: ਤਰਕਹੀਣ ਮੁਕਾਬਲਤਨ ਸਿਆਸੀ ਸੋਸ਼ੇਬਾਜੀ (illogical competitive political populism) ਤੋਂ ਕਿਵੇਂ ਛੁਟਕਾਰਾ ਪਾਇਆ ਜਾਵੇ? ਤੀਜੀ ਵੱਡੀ ਚੁਣੌਤੀ ਹੈ: ਰਾਜ ਵਿੱਚ ਵਿੱਤੀ ਬਦ-ਇੰਤਜ਼ਾਮੀ ਨੂੰ ਕਿਵੇਂ ਠੀਕ ਕੀਤਾ ਜਾਵੇ? ਚੌਥੀ ਵੱਡੀ ਚੁਣੌਤੀ ਹੈ: ਰਾਜ ਦੇ ਵਿਕਾਸ ਦਰ ਅਤੇ ਪ੍ਰਤੀ ਜੀਅ ਆਮਦਨ ਨੂੰ ਕਿਵੇਂ ਵਧਾਇਆ ਜਾਵੇ? ਪੰਜਵੀਂ ਚੁਣੌਤੀ (ਜੋ ਬਹੁਤ ਵਿਰਾਟ ਰੂਪ ਵਿੱਚ ਹੈ) ਬੇ-ਰੁਜ਼ਗਾਰੀ ਦੀ ਸਮੱਸਿਆ ਹੱਲ ਕਰਨ ਲਈ ਕੀ ਕਤਾ ਜਾਵੇ? ਕਰਜ਼ੇ ਦਾ ਭਾਰ ਘਟਾਉਣਾ, ਫਸਲੀ ਵਿਭਿੰਨਤਾ, ਮਨੁੱਖੀ ਅਤੇ ਕੁਦਰਤੀ ਸਰੋਤਾਂ ਦਾ ਟਿਕਾਊ ਵਿਕਾਸ ਅਤੇ ਸੁਹਿਰਦ ਵਰਤੋਂ ਕਰਨਾ ਹੋਰ ਵੱਡੀਆਂ ਚੁਣੌਤੀਆਂ ਹਨ। ਨਸ਼ਿਆਂ ਦੇ ਪ੍ਰਕੋਪ ਅਤੇ ਨੌਜੁਆਨਾਂ ਦੇ ਮਜ਼ਬੂਰਨ ਪ੍ਰਵਾਸ ਨੂੰ ਰੋਕਣਾ ਵੀ ਵੱਡੀਆਂ ਚੁਣੌਤੀਆਂ ਹਨ। ਇਥੇ ਇਹ ਸਮਝਣ ਦੀ ਵੀ ਲੋੜ ਹੈ ਕਿ ਪੰਜਾਬ ਦੀ ਸਭ ਤੋਂ ਵੱਡੀ ਤਾਕਤ ਮਨੁੱਖੀ ਪੂੰਜੀ, ਉਪਜਾਊ ਜ਼ਮੀਨ ਅਤੇ ਦਰਿਆਈ ਅਤੇ ਧਰਤੀ ਹੇਠਲਾ ਪਾਣੀ ਹਨ। ਇਹਨਾਂ ਸਾਰਿਆਂ ਦੀ ਸਥਿਤੀ ਨਿਘਰ ਰਹੀ ਹੈ। ਸੋ ਇਹ ਵੀ ਬਹੁਤ ਵੱਡੀ ਚੁਣੌਤੀ ਹੈ ਕਿ ਇਨ੍ਹਾਂ ਸਾਰਿਆਂ ਨੂੰ ਵੱਧ ਤੋਂ ਵੱਧ ਸਮਰੱਥ ਬਣਾ ਕੇ ਇਨ੍ਹਾਂ ਰਾਹੀਂ ਸੂਬੇ ਦੇ ਵਿਕਾਸ ਵਿੱਚ ਕਿਵੇਂ ਵੱਧ ਤੋਂ ਵੱਧ ਯੋਗਦਾਨ ਪਾਇਆ ਜਾ ਸਕੇ? ਸਮਾਜਿਕ ਅਤੇ ਸੱਭਿਆਚਾਰਕ ਫਰੰਟ ਤੇ ਵੀ ਬਹੁਤ ਵੱਡੀਆਂ ਚੁਣੌਤੀਆਂ ਹਨ। ਉਪਰੋਕਤ ਚੁਣੌਤੀਆਂ ਦੇ ਸਨਮੁੱਖ ਬਹੁਤ ਵੱਡੇ ਪੱਧਰ ਤੇ ਪਾਰਦਰਸ਼ੀ ਢੰਗ ਨਾਲ ਵਚਨਬੱਧ ਅਤੇ ਨਿਰੰਤਰ ਯਤਨ ਕਰਨੇ ਹੋਣਗੇ। ਸਿਆਸਤ ਅਤੇ ਆਰਥਿਕ ਤਰਕ ਦਾ ਸੁਮੇਲ ਬਣਾਉਣਾ ਹੋਵੇਗਾ। ਉਪਰੋਕਤ ਸਾਰੀਆਂ ਚੁਣੌਤੀਆਂ ਤੋਂ ਵੀ ਸਭ ਤੋਂ ਵੱਡੀ ਚੁਣੌਤੀ ਹੈ: ਕੀ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਪਾਰਟੀਆਂ ਆਪਣੇ ਸੌੜੇ ਸਿਆਸੀ ਹਿੱਤਾਂ ਤੋਂ ਉਪਰ ਉਠ ਕੇ ਪੰਜਾਬ ਦੀ ਮੁੜ ਸੁਰਜੀਤੀ ਲਈ ਸਮੂਹਿਕ ਰੂਪ ਵਿੱਚ ਸੁਹਿਰਦ ਯਤਨ ਕਰਨ ਲਈ ਤਿਆਰ ਹਨ? ਜੇ ਹਾਂ ਤਾਂ ਫਿਰ ਕੋਈ ਚੁਣੌਤੀ ਵੀ ਸਰ ਕਰਨੀ ਅਸੰਭਵ ਨਹੀਂ।

**ਕੀ ਕੀਤਾ ਜਾਵੇ?**

ਇਸ ਸੁਆਲ ਦਾ ਜੁਆਬ ਢੂਡਣ ਤੋਂ ਪਹਿਲਾਂ ਪੰਜਾਬ ਸਰਕਾਰ, ਸਾਰੀਆਂ ਸਿਆਸੀ ਪਾਰਟੀਆਂ, ਅਫਸਰਸ਼ਾਹੀ ਅਤੇ ਸਮੁੱਚੇ ਪੰਜਾਬੀਆਂ ਨੂੰ ਇਹ ਮੰਨਣਾ ਹੋਵੇਗਾ ਕਿ ਹਾਂ ਪੰਜਾਬ ਇਸ ਵੇਲੇ ਚੁਰਾਹੇ ਤੇ ਖੜਾ ਹੈ ਅਤੇ ਵਿੱਤੀ ਅਤੇ ਹੋਰ ਕਈ ਕਿਸਮ ਦੇ ਸੰਕਟਾਂ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਦੂਜੀ ਸ਼ਰਤ (ਉਚਿਤ ਸ਼ਰਤ) ਹੈ, ਹਾਂ ਪੱਖੀ ਸੋਚ ਨਾਲ ਚੁਣੌਤੀਆਂ ਦੀ ਨਿਸ਼ਾਨਦੇਹੀ ਕਰਨੀ, ਮੰਨਣਾ ਅਤੇ ਉਨ੍ਹਾਂ ਦੇ ਹੱਲ ਲਈ ਦ੍ਰਿੜ ਇਰਾਦੇ ਨਾਲ ਯਤਨ ਕਰਨੇ। ਇਸ ਲਈ ਸਭ ਤੋਂ ਪਹਿਲੀ ਅਤੇ ਲਾਜ਼ਮੀ ਸ਼ਰਤ ਸਿਆਸੀ ਇੱਛਾ ਸ਼ਕਤੀ ਦਾ ਹੋਣਾ ਅਤੇ ਦੂਜੀ ਸ਼ਰਤ ਹੈ ਦੇ ਲੋਕਾਂ ਦੁਆਰਾ ਸਰਕਾਰ ਦੀਆਂ ਵਿਕਾਸ ਅਤੇ ਲੋਕ-ਪੱਖੀ ਨੀਤੀਆਂ ਦਾ ਸਾਥ ਦੇਣਾ। ਜੇ ਅਜਿਹਾ ਹੋ ਸਕੇ ਤਾਂ ਹੀ ਉਪਰੋਕਤ ਚੁਣੌਤੀਆਂ ਦਾ ਸੰਭਾਵਿਤ ਹੱਲ ਲੱਭਿਆ ਜਾ ਸਕਦਾ ਹੈ। ਜਿਥੋਂ ਤੱਕ ਸਰਕਾਰੀ ਖਜ਼ਾਨੇ ਵਿੱਚ ਹੋਰ ਵਿੱਤ ਲਿਆਉਣ ਦੀ ਚੁਣੌਤੀ ਹੈ, ਉਸ ਲਈ ਸੰਭਾਵਨਾਵਾਂ ਪਈਆਂ ਹਨ। ਬਜਟ ਅਤੇ ਵਾਈਟ ਪੇਪਰ ਵਿੱਚ ਇਸ ਬਾਰੇ ਕੁਝ ਸੰਕੇਤ (ਆਬਕਾਰੀ ਅਤੇ ਜੀ.ਐਸ.ਟੀ. ਵਿੱਚ ਵਾਧਾ ਅਤੇ ਪਬਲਿਕ ਸੈਕਟਰ ਦੇ ਅਪਨਿਵੇਸ਼ ਕਰਕੇ) ਪਰ ਇਹ ਕਾਫੀ ਨਹੀਂ ਹਨ। ਵੈਸੇ ਤਾਂ ਅਪਨਿਵੇਸ਼ ਦੀ ਨੀਤੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਫਿਰ ਵੀ ਅਪਨਿਵੇਸ਼ ਕਰਨ ਵੇਲੇ ਬਹੁਤ ਸੰਜੀਦਗੀ ਨਾਲ ਫੈਸਲੇ ਲੈਣੇ ਚਾਹੀਦੇ ਹਨ। ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਰਾਜ ਦੇ ਆਪਣੇ ਟੈਕਸਾਂ ਅਤੇ ਗੈਰ-ਟੈਕਸਾਂ ਤੋਂ ਆਮਦਨ ਵਧਾਏ ਜਾਣ ਦੀ ਵੱਡੀ ਸੰਭਾਵਨਾ ਹੈ। ਉਥੇ ਚੁਣੌਤੀ ਇਹ ਹੈ ਕਿ ਇਨ੍ਹਾਂ ਖੇਤਰਾਂ ਵਿੱਚ ਹੋ ਰਹੀ ਰਿਸ਼ਵਤਖੋਰੀ, ਕਰਾਂ ਅਤੇ ਗੈਰ-ਕਰਾਂ ਵਿੱਚ ਚੋਰੀ ਅਤੇ ਹੋਰ ਚੋਰ-ਮੋਰੀਆਂ ਨੂੰ ਕਿਵੇਂ ਰੋਕਿਆ ਜਾਵੇ ਅਤੇ ਸਰਕ-ਾਰੀ ਖਜ਼ਾਨੇ ਵਿੱਚ ਹੋਰ ਵਿੱਤੀ ਸਾਧਨ ਕਿਵੇਂ ਲਿਆਂਦੇ ਜਾਣ? ਇਸ ਲਈ ਤਰਕਹੀਣ ਸਿਆਸੀ ਮੁਕਾਬਲੇਬਾਜੀ ਨੂੰ ਛੱਡ ਕੇ ਪੰਜਾਬ ਦੇ ਸਮੁੱਚੇ ਵਿਕਾਸ ਲਈ ਸੁਹਿਰਦ ਯਤਨ ਕਰਨੇ ਹੋਣਗੇ। ਸਿਰਫ਼ ਵੋਟਾਂ ਬਟੋਰਨ ਅਤੇ ਰਾਜ-ਸੱਤਾ ਹਾਸਲ ਰਕਨ ਲਈ ਅਜਿਹੀ ਸਿਆਸੀ ਮੁਕਾਬਲੇਬਾਜੀ ਤੋਂ ਗੁਰੇਜ ਕਰਨਾ ਹੋਵੇਗਾ। ਸਾਰੀਆਂ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ (ਜੋ ਪਹਿਲਾਂ ਦਿ-ੱਤੀਆਂ ਜਾ ਰਹੀਆਂ ਹਨ ਅਤੇ ਜੋ ਇਹ ਸਰਕਾਰ ਗਰੰਟੀਆਂ ਕਰ ਰਹੀ ਹੈ) ਦਾ ਤਰਕਹੀਣ ਵਿਸ਼ਲੇਸ਼ਣ ਕਰਨ ਦੀ ਲੋੜ ਹੈ। 'ਆਪ' ਸਰਕਾਰ ਵਲੋਂ ਸਾਰੇ ਘਰੇਲੂ ਖੱਪਤਕਾਰਾਂ ਨੂੰ ਹਰ ਮਹੀਨੇ 300 ਯੂਨਿਟ ਮੁਫ਼ਤ ਬਿਜਲੀ ਦੇਣ ਜਾਂ ਹਰ ਔਰਤ ਨੂੰ 1000 ਰੁਪਏ ਮਹੀਨਾ ਦੇਣ ਦੀ ਕੋਈ ਤਰਕਸੰਗਤਾ ਨਹੀਂ ਬਣਦੀ। ਇਹ ਅਤੇ ਪਹਿਲਾਂ ਦਿੱਤੀਆਂ ਮੁਫ਼ਤ ਸਹੂਲਤਾਂ ਕੇਵਲ ਤੇ ਕੇਵਲ ਉਨ੍ਹਾਂ ਲੋਕਾਂ ਨੂੰ ਹੀ ਦਿੱਤੀਆ ਜਾਣ ਜੋ ਬੇ-ਹੱਦ ਜ਼ਰੂਰਤਮੰਤ ਹਨ। ਇਸਦੀ ਨਿਸ਼ਾਨਦੇਹੀ ਜਾਤ, ਧਰਮ ਅਤੇ ਕਿੱਤੇ ਤੋਂ ਉਪਰ ਉਠ ਕੇ ਕਰਨ ਦੀ ਜ਼ਰੂਰਤ ਹੈ। ਅਜਿਹਾ ਨਾ ਕਰਨ ਨਾਲ ਨਾ ਕੇਵਲ ਸਰਕਾਰੀ ਖਜਾਨੇ ਉਪਰ ਮਾੜਾ ਪ੍ਰਭਾਵ ਪਵੇਗਾ ਬਲਕਿ ਆਰਥਿਕ ਵਿਕਾਸ ਉਪਰ ਵੀ ਉਲਟ ਪ੍ਰਭਾਵ ਪਵੇਗਾ। ਇਸ ਲਈ ਸਰਕਾਰੀ ਖਜ਼ਾਨੇ ਵਿੱਚ ਆਉਣ ਵਾਲੀ ਹੋਰ ਸੰਭਵਿਤ ਰਾਸ਼ੀ ਨੂੰ ਗੈਰ-ਵਾਜਿਬ ਅਤੇ ਤਰਕਹੀਣ ਮੁਫ਼ਤ ਖੋਰੀਆਂ ਅਤੇ ਸਬਸਿਡੀਆਂ ਉਪਰ ਖਰਚ ਕਰਨ ਦੀ ਥਾਂ ਵਿਕਾਸ ਕਾਰਜਾਂ (ਖਾਸ ਕਰਕੇ ਸਿੱਖਿਆ, ਸਿਹਤ, ਹੁਨਰ ਅਤੇ ਬੁਨਿਆਦੀ ਢਾਂਚਾ) ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਉਪਰ ਖਰਚ ਕੀਤਾ ਜਾਵੇ। ਤੀਜੀ ਚੁਣੌਤੀ, ਵਿੱਤੀ ਬੰਦ-ਇੰਤਜ਼ਾਮੀ, ਦਾ ਮਤਲਬ ਹੈ ਕਿ ਜਨਤਕ ਪੈਸੇ ਨੂੰ ਪੂਰੀ ਸੰਜੀਦਗੀ ਅਤੇ ਸੁਹਿਰਦਤਾ ਨਾਲ ਲੋਕ-ਪੱਖੀ ਏਜੰਡਿਆਂ ਉਪਰ ਖਰਚ ਕੀਤਾ ਜਾਵੇ ਨਾ ਕਿ ਸਸਤੀ ਸਿਆਸੀ ਸੋਸ਼ੇਬਾਜੀ ਉਪਰ।


ਰਾਜ ਦੀ ਵਿਕਾਸ ਦਰ (ਜੋ ਪਿਛਲੇ ਤਕਰੀਬਨ 30 ਸਾਲ ਤੋਂ ਕੌਮੀ ਔਸਤ ਵਿਕਾਸ ਦਰ ਤੋਂ ਹੇਠਾਂ ਰਹਿ ਰਹੀ ਹੈ ਅਤੇ ਬਹੁਤ ਸਾਰੇ ਦੂਜੇ ਰਾਜਾਂ ਤੋਂ ਹੇਠਾਂ ਹੈ) ਨੂੰ ਵਧਾਉਣ ਲਈ ਅਤੇ ਪ੍ਰਤੀ ਵਿਅਕਤੀ ਆਮਦਨ (ਪੰਜਾਬ ਦਾ 19ਵਾਂ ਸਥਾਨ ਹੈ) ਵਧਾਉਣ ਲਈ ਸੂਬੇ ਵਿੱਚ ਨਿਵੇਸ਼ ਵਧਾਉਣੇ ਅਤੇ ਉਸ ਲਈ ਸਿਆਸੀ, ਆਰਥਿਕ ਅਤੇ ਸਮਾਜਿਕ ਮਾਹੌਲ ਤਿਆਰ ਕਰਨਾ ਲਾਜ਼ਮੀ ਹੈ। ਮਾਲੀ ਆਮਦਨ ਵਿੱਚੋਂ ਵਿਕਾਸ ਕਾਰਜਾਂ ਉਪਰ ਖਰਚਾ (ਜੋ 1980-81 ਵਿੱਚ 72 ਪ੍ਰਤੀਸ਼ਤ ਸੀ ਅਤੇ ਹੁਣ 50 ਪ੍ਰਤੀਸ਼ਤ ਤੋਂ ਵੀ ਘੱਟ ਹੈ) ਵਧਾਉਣ ਦੀ ਲੋੜ ਹੈ। ਨਿਵੇਸ਼ ਵਧਾਉਣ ਲਈ ਇਹ ਮੰਨਣਾ ਹੋਵੇਗਾ ਕਿ 1996-97 ਤੋਂ ਪੰਜਾਬ ਦੀ ਨਿਵੇਸ਼-ਆਮਦਨ ਅਨੁਪਾਤ (investment-GSDP Ratio) ਕੌਮੀ ਔਸਤ ਤੋਂ ਲਗਾਤਾਰ ਬਹੁਤ ਥੱਲੇ ਰਹਿ ਰਿਹਾ ਹੈ। ਅੰਕੜਿਆਂ ਮੁਤਾਬਿਕ ਜੇਕਰ ਪੰਜਾਬ ਦੀ ਨਿਵੇਸ਼ ਆਮਨ ਦਰ ਕੌਮੀ ਔਸਤ ਦੇ ਬਰਾਬਰ ਹੁੰਦੀ ਤਾਂ 2001-02 ਤੋਂ 2018-19 ਦੌਰਾਨ ਹਰ ਸਾਲ ਔਸਤਨ 45000 ਕਰੋੜ ਰੁਪਏ ਦੇ ਬਰਾਬਰ ਪੰਜਾਬ ਵਿੱਚ ਹੋਰ ਨਿਵੇਸ਼ ਹੋਣਾ ਚਾਹੀਦਾ ਸੀ ਪਰ ਨਿਵੇਸ਼ ਬਹੁਤ ਹੀ ਘੱਟ ਹੋਇਆ ਹੈ। ਸਪਸ਼ਟ ਹੈ ਕਿ ਪੰਜਾਬ ਨੇ ਨਿਵੇਸ਼, ਵਿਕਾਸ ਅਤੇ ਰੁਜ਼ਗਾਰ ਦੇ ਬਹੁਤ ਵੱਡੇ ਮੌਕੇ ਗਵਾ ਦਿੱਤੇ ਹਨ। ਅੰਤਾਂ ਦੀ ਬੇਰੁਜ਼ਗਾਰੀ, ਘੱਟ ਵਿਕਾਸ ਦਰ ਅਤੇ ਮੁਕਾਬਲਤਨ ਘੱਟ ਪ੍ਰਤੀ ਜੀਅ ਆਮਦਨ ਇਸੇ ਵਰਤਾਰੇ ਦਾ ਨਤੀਜਾ ਹੈ। ਵਿਕਾਸ ਦੀ ਦਰ ਵਧਣ ਨਾਲ ਆਮਦਨ ਵਧੇਗੀ, ਅਤੇ ਰੁਜ਼ਗਾਰ ਵਧੇਗਾ ਅਤੇ ਸਰਕਾਰੀ ਖਜ਼ਾਨੈ ਵਿੱਚ ਵੱਧ ਵਿੱਤੀ ਸਾਧਨ ਲਿਆਂਦੇ ਜਾ ਸਕਦੇ ਹਨ। ਮੌਜੂਦਾ ਸਰਕਾਰ ਨੂੰ ਇਸ ਪਾਸੇ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ। ਜਨਤਕ ਅਤੇ ਨਿੱਜੀ ਨਿਵੇਸ਼ ਦੋਵੇਂ ਹੀ ਵਧਾਉਂਣੇ ਹੋਣਗੇ। ਇਸ ਤੋਂ ਇਲਾਵਾ ਰੁਜ਼ਗਾਰ ਵਧਾਉਣ ਲਈ ਖੇਤੀ ਸੈਕਟਰ ਅਤੇ ਖੇਤੀ-ਆਧਾਰਤ ਸਨਅਤਾਂ ਅਤੇ ਲਘੂ ਅਤੇ ਛੋਟੇ ਉਦਯੋਗਾਂ ਦੀਆਂ ਸਮੱਸਿਆਵਾਂ ਅਤੇ ਮਜ਼ਬੂਰੀਆਂ ਦੀ ਨਿਸ਼ਾਨਦੇਹੀ ਕਰਨ ਦੀ ਲੋੜ ਹੈ। ਇਨ੍ਹਾਂ ਖੇਤਰਾਂ ਵਿੱਚ ਰੁਜ਼ਗਾਰ ਦੀਆਂ ਬਹੁਤ ਵੱਡੀਆਂ ਸੰਭਾਵਨਾਵਾਂ ਹਨ। ਪੰਜਾਬ ਵਿੱਚ ਲਘੂ ਅਤੇ ਛੋਟੀਆਂ ਉਦਯੋਗਿਕ ਇਕਾਈਆਂ ਪਹਿਲਾਂ ਹੀ ਤਕਰੀਬਨ 25 ਲੱਖ ਕਿਰਤੀਆਂ ਨੂੰ ਰੁਜ਼ਗਾਰ ਦੇ ਰਹੀਆਂ ਹਨ। ਜੇਕਰ ਇਨ੍ਹਾਂ ਦੀ ਬਾਹ ਫੜੀ ਜਾਵੇ ਤਾਂ ਇਨ੍ਹਾਂ ਰਾਹੀਂ ਰੁਜ਼ਗਾਰ ਵਿੱਚ ਚੋਖਾ ਵਾਧਾ ਕੀਤਾ ਜਾ ਸਕਦਾ ਹੈ।

ਬਹੁਤ ਸਾਰੀਆਂ ਕੇਂਦਰੀ ਸਕੀਮਾਂ ਤੋਂ (ਆਪਣਾ ਵਿੱਤੀ ਹਿੱਸਾ ਪਾ ਕੇ) ਵੀ ਵਿੱਤੀ ਅਤੇ ਰੁਜ਼ਗਾਰ ਦਾ ਫਾਇਦਾ ਲਿਆ ਜਾ ਸਕਦਾ ਹੈ। ਕੇਵਲ ਮਨਰੇਗਾ ਅਧੀਨ (ਮੌਜੂਦਾ ਜਾਬ ਕਾਰਡ ਹੋਲਡਰਾਂ ਦੀ ਗਿਣਤੀ ਜੋ 21 ਲੱਖ ਹੈ) ਸਾਲ ਵਿੱਚ 21 ਕਰੋੜ ਰੁਜ਼ਗਾਰ ਦਿਹਾੜੀਆਂ ਦੇ ਬਰਾਬਰ (21 ਲੱਖ ਪੇਂਡੂ ਪਰਿਵਾਰਾਂ ਨੂੰ ਸਾਲ ਵਿੱਚ 100 ਦਿਨ) ਰੁਜ਼ਗਾਰ ਦਿੱਤਾ ਜਾ ਸਕਦਾ ਹੈ। ਪਰ 2020-21 ਦੌਰਾਨ ਕੇਵਲ 39 ਦਿਨ ਪ੍ਰਤੀ ਪਰਿਵਾਰ ਰੁਜ਼ਾਗਰ ਦਿੱਤਾ ਗਿਆ। ਜੇਕਰ ਬਜਟ ਵਿੱਚ ਰੱਖੇ ਗਏ 473 ਕਰੋੜ ਰੁਪਏ ਤੋਂ ਇਲਾਵਾ 518 ਕਰੋੜ ਰੁਪਏ ਹੋਰ ਮਨਰੇਗਾ ਉਪਰ ਖਰਚੇ ਜਾਣ ਤਾਂ ਸਾਰੇ ਜਾਬ ਕਾਰਡ ਧਾਰਕਾਂ ਨੂੰ ਸਾਲ ਵਿੱਚ 100 ਦਿਨਾਂ ਦਾ ਰੁਜ਼ਗਾਰ ਦਿੱਤਾ ਜਾ ਸਕਦਾ ਹੈ। ਹੋਰ ਰਾਜਾਂ ਨਾਲ ਮਿਲਕੇ ਕੇਂਦਰ ਸਰਕਾਰ ਉਪਰ ਦਬਾਅ ਪਾਉਣ ਦੀ ਲੋੜ ਹੈ ਕਿ ਮਨਰੇਗਾ ਵਰਗੀ ਸਕੀਮ ਸ਼ਹਿਰੀ ਖੇਤਰਾਂ ਲਈ ਵੀ ਸ਼ੁਰੂ ਕੀਤੀ ਜਾਵੇ। ਬਾਕੀ ਦੀਆਂ ਚੁਣੌਤੀਆਂ ਵੀ ਢੁਕਵੇਂ ਵਿੱਤ ਦੀ ਉਪਲਬਧੀ ਅਤੇ ਪ੍ਰਸ਼ਾਸ਼ਨਿਕ ਅਤੇ ਰਾਜਸ਼ੀ ਕਾਰਜ ਕੁਸ਼ਲਤਾ ਨਾਲ ਜੁੜੀਆਂ ਹੋਈਆਂ ਹਨ। ਮਨੁੱਖੀ ਪੂੰਜੀ ਦਾ ਵਿਕਾਸ ਮੁੱਖ ਤੌਰ ਉਪਰ ਸਿੱਖਿਆ, ਸਿਹਤ ਅਤੇ ਹੁਨਰ ਉਪਰ ਨਿਰਭਰ ਕਰਦਾ ਹੈ। ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (Corporate Social Responsibility) ਰਾਹੀਂ ਵੀ ਇਨ੍ਹਾਂ ਖੇਤਰਾਂ ਲਈ ਸਾਧਨ ਜੁਟਾਏ ਜਾ ਸਕਦੇ ਹਨ। ਆਰਥਿਕ, ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਿਕ ਵਿਕਾਸ ਮਨੁੱਖੀ ਪੂੰਜੀ ਦੇ ਵਿਕਾਸ ਅਤੇ ਉਸਦੇ ਸਦਉਪਯੋਗ ਉਪਰ ਨਿਰਭਰ ਕਰਦਾ ਹੈ। ਉਪਰੋਕਤ ਸੁਝਾਵਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਪੁੱਖਤਾ ਕਦਮ ਚੁੱਕੇ ਜਾ ਸਕਦੇ ਹਨ। ਕਾਮਯਾਬੀ ਵਾਸਤੇ ਆਰਥਿਕਤਾ ਅਤੇ ਸਮਾਜ ਦੇ ਹਰ ਖੇਤਰ ਲਈ ਢੁਕਵੀਆਂ ਨੀਤੀਆਂ ਅਤੇ ਉਨ੍ਹਾਂ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕੀਤੇ ਜਾਣਾ ਜ਼ਰੂਰੀ ਹੈ। ਮੌਜੂਦਾ ਸਰਕਾਰ ਵਲੋਂ ਰਿਸ਼ਵਤਖੋਰੀ, ਕਰਾਂ ਦੀ ਚੋਰੀ ਅਤੇ ਹੋਰ ਵਿੱਤੀ ਸਾਧਨਾਂ ਵਿੱਚ ਪਏ ਮਘੋਰਿਆਂ ਨੂੰ ਰੋਕਣ ਅਤੇ ਸਰਕਾਰੀ ਖਜ਼ਾਨੇ ਵਿੱਚ ਹੋਰ ਵਿੱਤੀ ਸਾਧਨ ਲਿਆਉਣ ਲਈ ਚੁੱਕੇ ਜਾ ਰਹੇ ਕਦਮ ਸ਼ਲਾਘਾਯੋਗ ਹਨ ਪਰ ਇਹ ਵੀ ਖਿਆਲ ਰੱਖਣ ਦੀ ਲੋੜ ਹੈ ਕਿ ਪਹਿਲੀਆਂ ਸਰਕਾਰਾਂ ਵਾਂਗ ਸਰਕਾਰ ਦੀ ਸਾਰੀ ਊਰਜਾ ਅਤੇ ਸਮਰੱਥਾ ਇਸੇ ਪਾਸੇ ਨਾ ਲੱਗ ਜਾਵੇ। ਪਿਛਲੇ ਸਮੇਂ ਦਾ ਤਜਰਬਾ ਦੱਸਦਾ ਹੈ ਕਿ ਇਸ ਵਿੱਚੋਂ ਬਹੁਤ ਸਾਰਥਕ ਸਿੱਟੇ ਨਹੀਂ ਨਿਕਲੇ। ਵੱਡੇ-ਵੱਡੇ ਮਗਰਮੱਛਾਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਨੂੰ ਨਿਆ-ਪ੍ਰਣਾਲੀ ਰਾਹੀਂ ਫੈਸਲਾਕੁਨ ਸਥਿਤੀ ਤੱਕ ਲਿਜਾਣਾ ਬਹੁਤ ਵਧੀਆਂ ਕਦਮ ਹੋਵ-ੇਗਾ, ਜੋ ਚਲਦਾ ਰਹਿਣਾ ਚਾਹੀਦਾ ਹੈ। ਸਿਸਟਮ ਵਿੱਚ ਵਿਸ਼ਵਾਸ਼ ਬਹਾਲ ਕਰਨ ਅਤੇ ਭ੍ਰਿਸ਼ਟਚਾਰੀਆਂ ਨੂੰ ਡਰਾ ਕੇ ਅਤੇ ਨੱਥ ਪਾ ਕੇ ਇੱਕ ਠੋਸ ਸੁਨੇਹਾ ਭੇਜਣ ਲਈ ਅਜਿਹਾ ਕਰਨਾ ਬੇਹੱਦ ਜ਼ਰੂਰੀ ਹੈ।

ਪਰ ਇਸ ਦੇ ਨਾਲ ਨਾਲ ਪ੍ਰਭਾਵੀ ਢੰਗ ਨਾਲ ਸਰਕਾਰ ਨੂੰ ਵਿੱਤੀ ਸਰੋਤਾਂ ਵਿੱਚ ਹੋ ਰਹੀ ਭ੍ਰਿਸ਼ਟਾਚਾਰੀ ਅਤੇ ਕਰਾਂ ਵਿੱਚ ਚੋਰੀ ਨੂੰ ਰੋਕ ਕੇ ਸਰਕਾਰੀ ਖਜ਼ਾਨੇ ਵਿੱਚ ਗਿਣਨਯੋਗ ਹੋਰ ਵਿੱਤੀ ਸਾਧਨ ਲਿਆਂਦੇ ਜਾ ਸਕਣ ਤਾਂ ਪਹਿਲੀਆਂ ਰਾਜ-ਕਰਦਾ ਪਾਰਟੀਆਂ ਨੂੰ ਸ਼ੀਸ਼ਾ ਵਿਖਾਇਆ ਜਾ ਸਕੇਗਾ ਕਿ ਕਿਵੇਂ ਉਨ੍ਹਾਂ ਨੇ ਜਨਤਕ ਵਿੱਤੀ ਸਾਧਨਾਂ (ਸਰਕਾਰੀ ਖਜ਼ਾਨੇ) ਦੀ ਲੁੱਟ ਕੀਤੀ ਸੀ। ਇਹ ਤਾਂ ਸਚਾਈ ਹੈ ਕਿ ਅਮਲ, ਸ਼ਬਦਾਂ ਤੋਂ ਉਚੀ ਬੋਲਦੇ ਹਨ (Action speaks louder than words) ਇਸ ਲਈ ਸਰਕਾਰ ਨੂੰ ਧਰਾਤਲ ਤੇ ਆਪਣੀ ਕਾਰਗੁਜ਼ਾਰੀ ਦਿਖਾਉਣ ਦੀ ਵੀ ਜ਼ਰੂਰਤ ਹੈ। ਉਮੀਦ ਕਰਦੇ ਹਾਂ ਕਿ ਮੌਜੂਦਾ ਸਰਕਾਰ ਸੱਚਮੁੱਚ ਹੀ ਪੰਜਾਬ ਨੂੰ ਰੰਗਲਾ ਪੰਜਾਬ ਬਣਾਵੇਗੀ।

ਨੋਟ : ਆਰਟੀਕਲ ਵਿੱਚ ਦਿੱਤੇ ਵਿਚਾਰ ਲੇਖਕ ਦੇ ਨਿੱਜੀ ਹਨ।

# "ਸ਼ਹੀਦ ਭਾਈ ਤਾਰੂ ਸਿੰਘ ਜੀ" (1 ਜੁਲਾਈ, 1745)



ਬਾਬਾ ਬੰਦਾ ਸਿੰਘ ਜੀ ਬਹਾਦਰ ਅਤੇ ਉਹਨਾਂ ਦੇ ਸਿੰਘਾਂ ਦੀ ਸ਼ਹੀਦੀ 1716 ਤੋਂ ਬਾਅਦ ਸਿੰਘਾਂ ਉਤੇ ਬੜੀ ਮੁਸੀਬਤ ਦਾ ਸਮਾਂ ਸੀ। ਮੁਗਲ ਹਾਕਮਾਂ ਨੇ ਸਿੰਘਾਂ ਉਤੇ ਅੱਤਿਆਚਾਰ ਕਰਨ ਦੀ ਅਤਿ ਹੀ ਚੁੱਕ ਲਈ ਸੀ। ਜਬਰੀ ਧਰਮ ਪਰਿਵਰਤਨ ਦੇ ਖ਼ੂਨੀ ਇਰਾਦੇ ਹੇਠ, ਸਿੰਘਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ। ਸਿੰਘਾਂ ਦਾ ਖੁਰਾ-ਖੋਜ ਮਿਟਾਉਣ ਦੀ ਮੁਹਿੰਮ ਹੀ ਚੱਲ ਪਈ। ਸਿੰਘਾਂ ਨੇ ਹਮੇਸ਼ਾ ਲੋਕ ਭਲਾਈ ਲਈ ਜੁਲਮ ਦੇ ਵਿਰੁੱਧ ਟਾਕਰਾ ਕਰਦੇ ਹੋਏ, ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਲਾਸਾਨੀ ਕੁਰਬਾਨੀਆਂ ਦਿੱਤੀਆਂ।

ਮੱਧ ਕਾਲੀਨ ਯੁੱਗ ਵਿਚ ਸਮਾਜ-ਸੁਧਾਰਕਾਂ ਵੱਲੋਂ ਭਗਤੀ ਲਹਿਰ ਚਲਾਈ ਗਈ। ਸਮਾਜ ਵਿਚ ਝੂਠੇ ਕਰਮਕਾਂਡਾਂ ਵਿਰੁੱਧ ਚੇਤਨਾ ਆਈ। ਸੂਫੀ ਰੰਗ ਵਿਚ ਰੰਗੀ ਬਾਣੀ ਵਿਚ ਬੀਰ-ਰਸ ਭਰਿਆ ਗਿਆ। ਕਿਸੇ ਵੀ ਅੰਦੋਲਨ ਵਿਚ ਜਾਨ ਪਾਉਣ ਲਈ ਬੀਰ-ਰਸ ਦੀ ਬੜੀ ਅਹਿਮੀਅਤ ਹੁੰਦੀ ਹੈ। ਗੁਰਬਾਣੀ ਦੇ ਸ਼ਬਦ: ''ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ''। ਅੰਗ-1412, ਤੋਂ ਧਰਮ ਦੀ ਬੁਨਿਆਦ ਨੂੰ ਪੱਕਾ ਕਰਨ ਦਾ ਉਪਦੇਸ਼ ਮਿਲਦਾ ਹੈ। ਸੱਚ ਧਰਮ ਦੇ ਮਾਰਗ 'ਤੇ ਕੁਰਬਾਨੀ ਦੇਣ ਲਈ ਤਿਆਰ ਰਹੋ, ਦਾ ਉਪਦੇਸ਼ ਮਿਲਦਾ ਹੈ। ਇਕ ਪ੍ਰਮਾਤਮਾ ਵਿਚ ਯਕੀਨ ਰੱਖ ਕੇ ਉਸਦਾ ਨਾਮੁ ਜਪਣਾ। ਖੁਸ਼ੀ ਅਤੇ ਗਮੀ ਵਿਚ ਹਮੇਸ਼ਾ ਰੱਬ ਦਾ ਭਾਣਾ ਮੰਨਣਾ। ਨਾਨਕ ਪੰਥ ਦੀ ਸਮੁੱਚੀ ਬੰਦਗੀ ਵਿਚ ਨਿਮਰਤਾ ਨੂੰ ਪਹਿਲ ਦਿੱਤੀ ਗਈ ਹੈ। ਹਰੇਕ ਨੇ ਸੱਚੀ ਮਿਹਨਤ ਅਤੇ ਇਮਾਨਦਾਰੀ ਨਾਲ ਕਿਰਤ ਕਰਨੀ ਹੈ। ਆਪਣੀ ਮਿਹਨਤ ਦੀ ਕਮਾਈ ਦਾ ਫਲ, ਦੂਜਿਆਂ ਨਾਲ ਵੰਡ ਕੇ ਛਕਣਾ ਹੈ। ਜੀਵਨ ਜਾਚ ਲਈ ਸਿਧਾਂਤ ਹੈ ਕਿ 'ਕਿਰਤ ਕਰੋ, ਨਾਮੁ ਜਪੋ, ਵੰਡ ਛਕੋ'। ਬਰਾਬਰਤਾ ਦੇ ਸਮਾਜ ਵਿਚ ਖੁਦਗਰਜ਼ੀ ਤੋਂ ਉਪਰ ਉਠ ਕੇ ਸੇਵਾ ਕਰਨੀ ਹੈ। ਸਰਬੱਤ ਦੇ ਭਲੇ ਲਈ ਇਨਸਾਨੀ ਹੱਕਾਂ ਤੇ ਪਹਿਰਾ ਦੇਣਾ ਹੈ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਿੱਖ ਧਰਮ ਦੇ ਬਾਨੀ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਧਰਮਸ਼ਾਲਾ, ਸੰਗਤ, ਪੰਗਤ, ਲੰਗਰ ਅਤੇ ਪ੍ਰਚਾਰ ਲਈ ਮੰਜੀਆਂ ਆਦਿ ਸੰਸਥਾਵਾਂ ਚਲਾਈਆਂ। ਅੱਗੇ ਜਾ ਕੇ ਸਿੱਖ ਗੁਰੂਆਂ ਨੇ ਚਲਦੀਆਂ ਸੰਸਥਾਵਾਂ ਨੂੰ ਹੋਰ ਮਜਬੂਤ ਕੀਤਾ ਅਤੇ ਵਧਾਇਆ। ਧਰਮ ਯੁੱਧ ਦੇ ਦੌਰ ਵਿਚ ਜਿੱਥੇ ਰਸਦ ਅਤੇ ਮਾਇਆ ਭੇਂਟ ਕੀਤੀ ਜਾਂਦੀ ਹੈ, ਉਥੇ ਲੋੜ ਪੈਣ 'ਤੇ ਸੀਸ ਵੀ ਭੇਂਟ ਕੀਤੇ ਜਾਣ ਲੱਗੇ। ਇਸ 'ਤੇ ਚਲਦਿਆਂ ਸਿੱਖ ਇਤਿਹਾਸ ਤਸੀਹਿਆਂ, ਕੁਰਬਾਨੀਆਂ ਅਤੇ ਸ਼ਹੀਦੀਆਂ ਦੀ ਵਿਲੱਖਣ ਮਿਸਾਲ ਹੈ। ਉਸੇ ਸੰਘਰਸ਼ ਦੀ ਲੜੀ ਵਿਚ ਅਠਾਰਵੀਂ ਸਦੀ ਦੇ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਹੋਏ ਹਨ।

ਜਕਰੀਆ ਖਾਨ ਲਾਹੌਰ ਦਾ ਹਾਕਮ ਸੀ। ਉਸਦਾ ਭਰਾ ਸਿੱਖਾਂ ਨਾਲ ਹੋਈ ਇਕ ਜੰਗ ਵਿਚ ਮਾਰਿਆ ਗਿਆ। ਉਸਦਾ ਬਦਲਾ ਲੈਣ ਲਈ ਉਸਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਮੁਹਿੰਮ ਚਲਾ ਰੱਖੀ ਸੀ। ਉਸਨੇ ਸਿੱਖਾਂ ਨੂੰ ਚੁਣ ਚੁਣ ਕੇ ਮਾਰਨਾ ਸ਼ੁਰੂ ਕਰ ਦਿੱਤਾ। ਸਿੱਖ ਆਪਣੀ ਹੋਂਦ ਨੂੰ ਬਚਾਉਣ ਲਈ ਜੰਗਲਾਂ ਬੇਲਿਆਂ, ਪਹਾੜਾਂ, ਮਾਰੂਥਲਾਂ ਆਦਿ ਦੀਆਂ ਪਨਾਹਗਾਹਾਂ ਵਿਚ ਚਲੇ ਗਏ। ਬਾਕੀ ਕੁਝ ਬਚੇ ਹੋਏ ਸਿੱਖ ਅਤੇ ਦੂਸਰੇ ਵਰਗਾਂ ਦੇ ਲੋਕ ਮੁਗਲਾਂ ਦੇ ਘੋਰ ਜ਼ੁਲਮ ਹੇਠ ਜੀਅ ਰਹੇ ਸਨ। ਉਹ ਗੁਰੂਆਂ ਦੀ ਸਿੱਖਿਆ ਤੇ ਚਲਦੇ ਬਿਨਾਂ ਭੇਦ-ਭਾਵ ਦੇ ਆਪਸ ਵਿਚ ਪਿਆਰ ਅਤੇ ਸ਼ਾਂਤਮਈ ਰਹਿ ਰਹੇ ਸਨ। ਇਕ ਦੂਸਰੇ ਦੀ ਮਦਦ ਕਰਕੇ ਖੁਸ਼ ਹੁੰਦੇ ਸਨ। ਉਹ ਜੋ ਕੁਝ ਕਮਾਉਂਦੇ ਵਿਚੋਂ ਲੋੜਵੰਦਾਂ ਦੀ ਮਦਦ ਕਰਦੇ। ਗੁਰਬਾਣੀ ਪੜ੍ਹਦੇ ਅਤੇ ਵਿਚਾਰਦੇ ਸਾਦਾ ਜੀਵਨ ਜਿਉਂਦੇ ਸਨ।

ਅਜਿਹੇ ਸਮੇਂ ਵਿਚ ਹੀ ਭਾਈ ਤਾਰੂ ਸਿੰਘ ਜੀ ਦਾ ਜਨਮ 6 ਅਕਤੂਬਰ, 1720 ਈ: ਵਿਚ ਪਿੰਡ ਪੂਹਲਾ, ਜ਼ਿਲ੍ਹਾ ਅੰਮ੍ਰਿਤਸਰ ਵਿਚ ਮਾਤਾ ਧਰਮ ਕੌਰ ਤੇ ਪਿਤਾ ਭਾਈ ਜੋਧ ਸਿੰਘ ਦੇ ਘਰ ਹੋਇਆ। ਉਹਨਾਂ ਦੇ ਪਿਤਾ ਜੀ ਇਕ ਜੰਗ ਵਿਚ ਸ਼ਹੀਦ ਹੋ ਗਏ ਸਨ। ਉਹਨਾਂ ਦੀ ਛੋਟੀ ਭੈਣ ਤਾਰ ਕੌਰ ਸੀ। ਭਾਈ ਸਾਹਿਬ ਨੇ ਇਕ ਵਾਰ ਸਿੰਘਾਂ ਨੂੰ ਮੁਗਲਾਂ ਦੇ ਚੁੰਗਲ ਵਿਚੋਂ ਇਕ ਗਰੀਬ ਲੜਕੀ ਨੂੰ ਛੁਡਾਉਂਦੇ ਵੇਖ ਕੇ ਸਿੰਘ ਸਜਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਭਾਈ ਮਨੀ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ। ਭਾਈ ਮਾਨ ਸਿੰਘ ਜੀ ਦੀ ਸ਼ਖਸੀਅਤ ਦਾ ਭਾਈ ਸਾਹਿਬ 'ਤੇ ਬੜਾ ਪ੍ਰਭਾਵ ਸੀ। ਉਹ ਕਿਰਸਾਨੀ ਕਰਦੇ ਅਤੇ ਮੱਕੀ ਦੀ ਕਾਸ਼ਤ ਕਰਦੇ ਸਨ। ਸਿੱਖਾਂ ਦਾ ਮੁਗਲ ਹਾਕਮ ਜਕਰੀਆ ਖਾਨ ਨਾਲ ਟਾਕਰਾ ਚੱਲ ਰਿਹਾ ਸੀ।

ਉਹਨਾਂ ਦੀ ਮਾਤਾ ਜੀ ਨੇ ਆਪਣੇ ਬੱਚਿਆਂ ਨੂੰ ਗੁਰੂ ਦੀ ਸਿੱਖਿਆ ਤੇ ਚਲਦਿਆਂ ਲੋੜਵੰਦਾਂ ਦੀ ਸੇਵਾ ਕਰਨ ਦਾ ਕੰਮ ਸੌਂਪਿਆ ਹੋਇਆ ਸੀ। ਭਾਈ ਸਾਹਿਬ ਸੰਗਤਾਂ ਦੀ ਸੇਵਾ ਆਪ ਅੱਗੇ ਹੋ ਕੇ ਕਰਦੇ। ਬਾਹਰੋਂ ਆਈਆਂ ਸੰਗਤਾਂ ਦੀ ਸੇਵਾ ਵਿਚ ਹਮੇਸ਼ਾ ਤੱਤਪਰ ਰਹਿੰਦੇ। ਉਹ ਅਣਥੱਕ ਸੇਵਾ ਕਰਨ ਦੇ ਪਾਂਧੀ ਸਨ। ਜਿਵੇਂ ਕਿ ਸਿੰਘ ਪਨਾਹਗਾਹਾਂ ਵਿਚ ਚਲੇ ਗਏ ਸਨ। ਉਸੇ ਤਰ੍ਹਾਂ ਦੀ ਇਕ ਪਨਾਹਗਾਹ 'ਬੀੜ ਬਾਬਾ ਬੁੱਢਾ ਜੀ' ਪਿੰਡ ਪੂਹਲੇ ਦੇ ਨੇੜੇ ਸੀ।

ਭਾਈ ਸਾਹਿਬ ਖੇਤੀ ਦੇ ਕੰਮ ਵਿਚੋਂ ਸਿੰਘਾਂ ਦੀ ਸੇਵਾ ਕਰਨ ਦੀ ਜ਼ਿੰਮੇਵਾਰੀ ਲਈ ਹੋਈ ਸੀ। ਉਹਨਾਂ ਦੀ ਮਾਤਾ ਜੀ ਅਤੇ ਭੈਣ ਆਟਾ ਪੀਹ ਕੇ ਮਿੱਸੇ ਪ੍ਰਸ਼ਾਦੇ ਅਤੇ ਦੁੱਧ ਦਾ ਤਾਜ਼ਾ ਲੰਗਰ ਤਿਆਰ ਕਰਦੀਆਂ ਤੇ ਭਾਈ ਸਾਹਿਬ ਲੰਗਰ, ਰਸਦ ਅਤੇ ਹੋਰ ਲੋੜੀਂਦੀਆਂ ਰੋਜ਼ਮਰਾ ਦੀਆਂ ਵਸਤਾਂ ਬੀੜ ਤੇ ਟਿਕਾਣਾ ਕਰੀ ਬੈਠੇ ਸਿੰਘਾਂ ਤੱਕ ਪਹੁੰਚਾਉਂਦੇ ਸਨ। ਦੇਰ ਰਾਤ ਤੱਕ ਭਾਈ ਸਾਹਿਬ ਨੂੰ ਸਿੰਘਾਂ ਨਾਲ ਚਲੰਤ ਮਾਮਲਿਆਂ ਤੇ ਵਾਰਤਾਲਾਪ ਕਰਨ ਦੀ ਦਿਲਚਸਪੀ ਵੀ ਸੀ। ਉਹ ਸਿੰਘਾਂ ਨਾਲ ਮੁਗਲ ਹਾਕਮਾਂ ਦੀਆਂ ਚਾਲਾਂ ਤੇ ਭਵਿੱਖ ਦੇ ਮਨਸੂਬਿਆਂ ਸਕੀਮਾਂ ਬਾਰੇ ਢੇਰ ਸਾਰੀ ਜਾਣਕਾਰੀ ਤੇ ਚਰਚਾ ਕਰਦੇ ਸਨ। ਆਉਣ ਵਾਲੇ ਬੁਰੇ ਸਮਿਆਂ ਬਾਰੇ ਸਿੰਘਾਂ ਨੂੰ ਸੁਚੇਤ ਵੀ ਕਰਦੇ ਸਨ। ਇਹ ਸਿਲਸਿਲਾ ਕਈ ਸਾਲ ਚਲਦਾ ਰਿਹਾ। ਭਾਈ ਸਾਹਿਬ ਜੀ ਦੀ ਉਮਰ 25 ਸਾਲ ਤੱਕ ਅੱਪੜ ਗਈ ਸੀ। ਇਸ ਤੋਂ ਇਲਾਵਾ ਭਾਈ ਸਾਹਿਬ ਪਿੰਡ ਵਿਚ ਆਉਂਦੇ ਜਾਂਦੇ ਮੁਸਾਫਰਾਂ ਦੀ ਲੰਗਰਾਂ ਨਾਲ ਸੇਵਾ ਕਰਦੇ ਸਨ। ਲੋੜਵੰਦਾਂ ਲਈ ਠਹਿਰ ਦਾ ਪ੍ਰਬੰਧ ਕਰ ਲੈਂਦੇ ਸਨ। ਇਸ ਕਰਕੇ ਉਹ ਇਲਾਕੇ ਵਿਚ ਹਰਮਨ ਪਿਆਰੇ ਹੋ ਗਏ ਸਨ। ਹਰ ਵਰਗ ਦੇ ਲੋਕ ਉਹਨਾਂ ਦੀ ਹਮਦਰਦੀ ਅਤੇ ਪਿਆਰ ਦਾ ਸਤਿਕਾਰ ਕਰਦੇ ਸਨ।

ਜੰਡਿਆਲਾ ਦਾ ਹਰਿਭਗਤ ਮੁਗਲ ਹਾਕਮਾਂ ਦਾ ਮੁਖਬਰ ਸੀ। ਉਹ ਸਿੰਘਾਂ ਨਾਲ ਈਰਖਾ ਕਰਦਾ ਸੀ। ਉਸਨੇ ਵੇਖਿਆ ਕਿ ਭਾਈ ਸਾਹਿਬ ਜੀ ਦੀ ਸੇਵਾ ਭਾਵਨਾ ਕਰਕੇ ਸਮਾਜ ਵਿਚ ਉਹਨਾਂ ਦੀ ਬੜੀ ਪ੍ਰਸਿੱਧੀ ਹੈ। ਉਸਨੇ ਈਰਖਾ ਵਿਚ ਆ ਕੇ ਭਾਈ ਸਾਹਿਬ ਜੀ ਦੀਆਂ ਸਰਗਰਮੀਆਂ ਨੂੰ ਕੁਚਲਣ ਦੀ ਠਾਣ ਲਈ। ਉਸਨੂੰ ਪਹਿਲਾਂ ਹੀ ਹਾਕਮਾਂ ਦੀ ਸ਼ਹਿ ਪ੍ਰਾਪਤ ਸੀ। ਉਸਨੇ ਗੁੱਸੇ ਵਿਚ ਆ ਕੇ ਮੁਗਲ ਸਰਕਾਰ ਨੂੰ ਖਬਰ ਦਿੱਤੀ ਕਿ ਪਿੰਡ ਪੂਹਲੇ ਵਿਚ ਇਕ ਸਿੱਖ ਭਾਈ ਤਾਰੂ ਸਿੰਘ ਬਾਗੀ ਰਹਿੰਦਾ ਹੈ। ਉਹ ਹਕੂਮਤ ਦੇ ਬਾਗੀ ਸਿੰਘਾਂ ਦੀ ਸੇਵਾ ਕਰਦਾ ਹੈ। ਉਹ ਦੁਰਾਚਾਰੀ ਮੁਸਾਫਰਾਂ ਨੂੰ ਪਨਾਹ ਵੀ ਦਿੰਦਾ ਹੈ। ਉਹ ਇਕ ਖਤਰਨਾਕ ਬਾਗੀ ਸਿੱਖ ਹੈ। ਉਸਦੀਆਂ ਕਾਰਵਾਈਆਂ ਦੀ ਉਸਨੂੰ ਸਖਤ ਸਜ਼ਾ ਮਿਲਣੀ ਚਾਹੀਦੀ ਹੈ।

ਹਰਿਭਗਤ ਨੂੰ ਭਾਈ ਸਾਹਿਬ ਤੇ ਲਾਏ ਦੋਸ਼ਾਂ ਦੀ ਸੂਹ ਦੇਣ ਲਈ ਹਕੂਮਤ ਤੋਂ ਇਨਾਮ ਮਿਲਣ ਦੀ ਆਸ ਸੀ। ਭਾਈ ਸਾਹਿਬ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਆਉਣ ਲਈ ਸਿਪਾਹੀ ਭੇਜ ਦਿੱਤੇ ਗਏ। ਸਿਪਾਹੀਆਂ ਨੇ ਭਾਈ ਸਾਹਿਬ ਨੂੰ ਗ੍ਰਿਫਤਾਰ ਕਰਨ ਲਈ ਪਿੰਡ ਪੂਹਲੇ ਤੇ ਧਾਵਾ ਬੋਲ ਦਿੱਤਾ। ਭਾਈ ਸਾਹਿਬ ਨੂੰ ਲਾਹੌਰ ਲਿਆਂਦਾ ਗਿਆ। ਜੇਲ੍ਹ ਵਿਚ ਰੱਖ ਕੇ ਅਣਮਨੁੱਖੀ ਤਸ਼ਦਦ ਢਾਹਿਆ ਗਿਆ। ਕਈ ਦਿਨਾਂ ਤੱਕ ਤਸ਼ੱਦਦ ਹੁੰਦਾ ਰਿਹਾ। ਇਸਲਾਮ ਕਬੂਲ ਕਰ ਲਓ ਤੇ ਜ਼ੋਰ ਦਿੱਤਾ ਗਿਆ। ਇਸਲਾਮ ਕਬੂਲ ਕਰ ਲਓ, ਤੁਹਾਡੀ ਜਾਨ ਬਖਸ਼ ਦਿੱਤੀ ਜਾਵੇਗੀ। ਲਿਹਾਜ਼ਾ ਕੇਸ ਕਤਲ ਕਰ ਦਿੱਤੇ ਜਾਣਗੇ। ਇਸਲਾਮ ਕਬੂਲ ਕਰਾਉਣ ਲਈ ਭਾਈ ਸਾਹਿਬ ਨੂੰ ਕਈ ਲਾਲਚ ਦਿੱਤੇ ਗਏ, ਜਿਵੇਂ ਤੁਹਾਨੂੰ ਸਰਕਾਰੀ ਅਹੁਦਾ, ਮਾਣ ਸਨਮਾਨ ਅਤੇ ਦੌਲਤ ਨਾਲ ਮਾਲੋ-ਮਾਲ ਕਰ ਦਿੱਤਾ ਜਾਵੇਗਾ। ਇਸ ਤਰ੍ਹਾਂ ਆਰਾਮ ਦੀ ਜ਼ਿੰਦਗੀ ਬਿਤਾ ਸਕੋਗੇ। ਨਹੀਂ ਤਾਂ ਤਸ਼ੱਦਦ ਚਲਦਾ ਰਹਾਂਗਾ। ਚਰਖੜੀ ਤੇ ਚੜ੍ਹਾ ਕੇ ਕਤਲ ਕੀਤੇ ਜਾਓਗੇ। ਇਹ ਨਸੀਹਤ ਵੀ ਦਿੱਤੀ ਕਿ ਕਿਉਂ ਸਿੱਖੀ ਲਈ ਜਾਨ ਗੁਆ ਰਹੇ ਹੋ। ਭਾਈ ਸਾਹਿਬ ਨੇ ਕਿਹਾ ਕਿ ਮੈਂ ਆਪਣੇ ਧਰਮ ਵਿਚ ਰਹਿ ਕੇ ਮਰਨਾ ਚਾਹਾਂਗਾ। ਭਾਈ ਸਾਹਿਬ ਜੀ ਨੇ ਬੜੇ ਦ੍ਰਿੜ੍ਹ ਇਰਾਦੇ ਨਾਲ ਕਿਹਾ ਕਿ ਇਹ ਜੋ ਤੂੰ ਐਸ਼ੋ-ਆਰਾਮ ਦੇ ਸੌਦੇ ਵਿਖਾ ਰਿਹਾ ਏਂ- ਇਹ ਮੈਂ ਆਪਣੀ ਜੁੱਤੀ ਦੀ ਨੋਕ ਤੇ ਲਿਖਦਾ ਹਾਂ।' ਜੇਕਰ ਸਾਰੇ ਜਹਾਨ ਦੀਆਂ ਬਾਦਸ਼ਾਹੀਆਂ ਧੰਨ ਦੌਲਤ ਮੇਰੇ ਪੈਰਾਂ ਵਿਚ ਰੱਖ ਦੇਵੇਂ। ਸਾਰਾ ਜਹਾਨ ਮੇਰਾ ਨੌਕਰ ਹੋ ਜਾਵੇ ਤਾਂ ਵੀ ਮੈਂ ਆਪਣਾ ਸਿੱਖੀ ਸਿਦਕ ਨਹੀਂ ਛੱਡਾਂਗਾ। ਇਸੇ ਸਿੱਖੀ ਨੂੰ ਕੇਸਾਂ ਸੁਆਸਾਂ ਨਾਲ ਨਿਭਾਵਾਂਗਾ। ਇਹਨਾਂ ਸਾਰੀਆਂ ਦੁਰਲੱਭ ਵਸਤੂਆਂ ਤੋਂ ਮੇਰਾ ਧਰਮ ਉੱਚਾ ਹੈ। ਮੈਂ ਆਪਣਾ ਵਾਲ ਵੀ ਵਿੰਗਾ ਨਹੀਂ ਕਰਨ ਦਿਆਂਗ। ਮੈਂ ਸ਼ਹੀਦ ਹੋਣ ਲਈ ਤਿਆਰ ਹਾਂ। ਮੇਰਾ ਪ੍ਰਮਾਤਮਾ ਮੇਰੇ ਨਾਲ ਸਹਾਈ ਹੋਵੇਗਾ।

ਜਕਰੀਆ ਖਾਨ ਨੇ ਹੰਕਾਰ ਵਿਚ ਆ ਕੇ ਕਿਹਾ ਕਿ ਇਸ ਵੇਲੇ ਤੇਰਾ ਪ੍ਰਮਾਤਮਾ ਮੈਂ ਹਾਂ, ਜੋ ਤੇਰੀ ਜਾਨ ਬਖਸ਼ ਸਕਦਾ ਹੈ। ਪਰ ਮੈਂ ਤੇਰੀ ਗੱਲ ਮੰਨਦਾ ਹਾਂ ਕਿ ਤੇਰੇ ਕੇਸ ਕਤਲ ਨਾ ਕੀਤੇ ਜਾਣ। ਤੇਰੇ ਕੇਸ ਤੇਰੀ ਖੋਪੜੀ ਸਮੇਤ ਉਤਾਰੇ ਜਾਣ। ਇਸ ਬਾਰੇ ਤੇਰਾ ਕੀ ਖਿਆਲ ਹੈ। ਭਾਈ ਸਾਹਿਬ ਨੇ ਕਿਹਾ ਕਿ ਤੇਰੀ ਇਹ ਦਿਆਲਤਾ ਮੈਨੂੰ ਮਨਜ਼ੂਰ ਹੈ। ਮੈਨੂੰ ਭਾਵੇਂ ਕਿਸੇ ਵੀ ਤਰੀਕੇ ਨਾਲ ਸ਼ਹੀਦ ਕਰ, ਪਰ ਮੇਰੇ ਕੇਸ ਮੇਰੇ ਸੁਆਸਾਂ ਤੱਕ ਕਾਇਮ ਰਹਿਣ। ਹੁਣ ਜਲਦੀ ਮੈਨੂੰ ਸ਼ਹੀਦ ਕਰੋ, ਮੈਂ ਪ੍ਰਮਾਤਮਾ ਦਾ ਕਰਜ਼ ਉਤਾਰਾਂ। ਜਕਰੀਆ ਖਾਨ ਨੇ ਹੁਕਮ ਦਿੱਤਾ ਕਿ ਭਾਈ ਤਾਰੂ ਸਿੰਘ ਨੂੰ ਘੋੜਾ ਮੰਡੀ, ਨਾਖਾਸ ਚੌਂਕ ਦਿਲੀ ਗੇਟ ਲਾਹੌਰ ਵਿਖੇ ਲਿਜਾਇਆ ਜਾਵੇ। ਇੱਥੇ ਪਹਿਲਾਂ ਵੀ ਕਈ ਸਿੰਘ ਸ਼ਹੀਦ ਹੋਏ ਸਨ। ਜਲਾਦ ਨੂੰ ਭਾਈ ਸਾਹਿਬ ਦੀ ਖੋਪੜੀ ਉਤਾਰਨ ਦਾ ਹੁਕਮ ਹੋਇਆ। ਭਾਈ ਸਾਹਿਬ ਸ਼ਾਂਤ ਚਿੱਤ ਅਡੋਲ ਰਹੇ। ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ। ਭਾਈ ਸਾਹਿਬ ਜੀ ਦੀ ਖੋਪੜੀ ਉਤਾਰ ਕੇ ਸਾਹਮਣੇ ਰੱਖ ਦਿੱਤੀ। ਭਾਈ ਸਾਹਿਬ ਨੇ ਰੱਬ ਦਾ ਸ਼ੁਕਰ ਮਨਾਇਆ ਕਿ ਮੇਰੇ ਕੇਸ ਬਚਾਅ ਲਏ ਹਨ।

ਭਾਈ ਸਾਹਿਬ ਨੂੰ ਫਿਰ ਵਾਪਸ ਜੇਲ੍ਹ ਭੇਜਿਆ ਗਿਆ। ਤਸ਼ੱਦਦ ਜਾਰੀ ਰਿਹਾ। ਉਹਨਾਂ ਦਿਨਾਂ ਵਿਚ ਜਕਰੀਆ ਖਾਨ ਦੇ ਗੁਰਦੇ ਖਰਾਬ ਹੋ ਗਏ। ਉਹ ਅਤਿਅੰਤ ਦਰਦ ਵਿਚ ਸੀ ਕਿ ਉਸਦਾ ਸਾਹ ਰੁਕਣ ਲੱਗਾ। ਉਸਨੇ ਪਛਤਾਵਾ ਕੀਤਾ ਕਿ ਮੈਂ ਇਕ ਬੇਕਸੂਰ ਸੰਤ ਰੂਪੀ ਸਿੰਘ ਨੂੰ ਬੜੇ ਤਸੀਹੇ ਦਿੱਤੇ ਹਨ। ਇਹ ਮੇਰਾ ਉਹਨਾਂ ਕਰਮਾਂ ਦਾ ਹੀ ਫਲ ਹੈ ਕਿ ਮੈਂ ਬਿਮਾਰੀ ਭੋਗ ਰਿਹਾ ਹਾਂ। ਉਸਨੇ ਭਾਈ ਸੁਬੇਗ ਸਿੰਘ ਜੀ ਨੂੰ ਭਾਈ ਸਾਹਿਬ ਕੋਲ ਭੇਜਿਆ ਕਿ ਮੈਨੂੰ ਮਾਫ ਕਰ ਦਿਓ। ਭਾਈ ਸਾਹਿਬ ਜੀ ਨੇ ਸੁਨੇਹਾ ਦਿੱਤਾ ਕਿ ਜੋ ਕੁਝ ਵਾਪਰ ਰਿਹਾ ਹੈ, ਉਸ ਪ੍ਰਮਾਤਮਾ ਦੇ ਭਾਣੇ ਵਿਚ ਹੈ। ਉਹ ਪ੍ਰਮਾਤਮਾ ਸਭ ਦਾ ਇਨਸਾਫ ਕਰਦਾ ਹੈ। ਜਕਰੀਆ ਖਾਨ ਦੀ ਬਿਮਾਰੀ ਕੁਝ ਕੁ ਠੀਕ ਹੋ ਗਈ। ਪਰ ਉਹ 22 ਦਿਨਾਂ ਬਾਅਦ ਮਰ ਗਿਆ। ਉਸਦੇ ਮਰਨ ਦੀ ਖਬਰ ਜਦ ਭਾਈ ਸਾਹਿਬ ਜੀ ਨੂੰ ਮਿਲੀ, ਉਹਨਾਂ 1 ਜੁਲਾਈ, 1745 ਨੂੰ ਸ਼ਹੀਦੀ ਪਾ ਲਈ। ਬਿਨਾਂ ਖੋਪੜੀ ਤੋਂ ਕੇਸਾਂ ਸੰਗ ਰਹਿਣਾ ਇਕ ਵਿਲੱਖਣ ਸ਼ਹੀਦੀ ਹੈ। ਸਿੱਖ ਧਰਮ ਦੀਆਂ ਸ਼ਹੀਦੀਆਂ ਨੂੰ ਅਰਦਾਸ ਵਿਚ ਯਾਦ ਕੀਤਾ ਜਾਂਦਾ ਹੈ ਕਿ- ਜਿਹਨਾਂ ਸਿੰਘ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ। ਗਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ। ਧਰਮ ਨਹੀਂ ਹਾਰਿਆ। ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ ਤਿਨਾਂ ਦੀ ਕਮਾਈ ਦਾ ਧਿਆਨ ਧਰਕੇ ਬੋਲੋ ਜੀ ਵਾਹਿਗੁਰੂ। ਭਾਈ ਸਾਹਿਬ ਜੀ ਦੀ ਵਿਰਾਸਤ ਹੈ ਕਿ 1762 ਵਿਚ ਭੰਗੀ ਸਿੱਖ ਸਰਦਾਰਾਂ ਨੇ ਲਾਹੌਰ ਨੂੰ ਜਿੱਤ ਲਿਆ। ਉਹਨਾਂ ਜਨਤਕ ਚੌਂਕ ਤੇ ਕਬਜ਼ਾ ਕਰ ਲਿਆ। ਜਿੱਥੇ ਸਿੰਘਾਂ ਨੂੰ ਸ਼ਹੀਦ ਕੀਤਾ ਜਾਂਦਾ ਰਿਹਾ ਸੀ। ਚੌਂਕ ਦੇ ਨਾਲ ਲਗਦੀ ਅਬਦੁਲਾ ਖਾਨ ਮਸਜਿਦ ਤੇ ਕਬਜਾ ਕਰਕੇ ਸ਼ਹੀਦਗੰਜ ਗਰਦੁਆਰੇ ਵਿਚ ਤਬਦੀਲ ਕਰ ਦਿੱਤਾ ਗਿਆ। ਉਸ ਅਸਥਾਨ ਤੇ ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ਨੌਲੱਖਾ ਬਜ਼ਾਰ ਵਿਚ ਉਸ ਸਥਾਨ ਦੀ ਨਿਸ਼ਾਨਦੇਹੀ ਕਰਦਾ ਹੈ, ਜਿੱਥੇ ਸਿੰਘ ਦੀ ਖੋਪਰੀ ਅਤੇ ਕੇਸ ਹਟਾਏ ਗਏ ਸਨ।

# ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਜੋਸ਼ੀਮੱਠ (ਉੱਤਰਾ ਖੰਡ)



ਇੰਜੀ ਸਤਨਾਮ ਸਿੰਘ ਮੱਟੂ
91-97797-08257

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦਾ ਮੁੱਢ ਬੰਨ੍ਹ ਕੇ ਇਕ ਵਿਲੱਖਣ ਪ੍ਰੰਪਰਾ ਸੱਚਾ ਸੌਦਾ ਨਾਲ ਲੰਗਰ ਦੀ ਪ੍ਰਥਾ ਦੀ ਸ਼ੁਰੂਆਤ ਕੀਤੀ।ਬਾਕੀ ਗੁਰੂ ਸਾਹਿਬਾਨ ਨੇ ਇਸ ਪ੍ਰਥਾ ਨੂੰ ਪ੍ਰਫੁੱਲਿਤ ਕਰਕੇ ਮੌਜੂਦਾ ਪ੍ਰਸਥਿਤੀਆਂ ਚ ਬਿਨਾਂ ਭੇਦਭਾਵ ਦੇ 24 ਘੰਟੇ ਜਾਰੀ ਰੱਖਣ ਦਾ ਉਪਦੇਸ਼ ਦਿੱਤਾ ਅਤੇ ਸ਼ਰਧਾਲੂਆ ਦੇ ਆਰਾਮ ਅਤੇ ਠਹਿਰਾਅ ਲਈ ਸਰਾਂ ਪ੍ਰਬੰਧਨ ਤੇ ਜ਼ੋਰ ਦਿੱਤਾ। ਅੱਜ ਦੁਨੀਆ ਦੇ ਹਰ ਕੋਨੇ,ਦੇਸ਼,ਖਿੱਤਿਆਂ ਚ, ਜਿੱਥੇ ਵੀ ਪੰਜਾਬੀ ਵਸਦੇ ਹਨ, ਗੁਰਦੁਆਰਾ ਸਾਹਿਬ ਬਣਾ ਕੇ ਗੁਰੂ ਸਾਹਿਬਾਨ ਦੇ ਫਲਸਫੇ ਅਤੇ ਉਪਦੇਸ਼ਾਂ ਦਾ ਪ੍ਰਚਾਰ ਕਰਦੇ ਹਨ।ਇਸੇ ਅਨੁਸਾਰ ਮੈਨੂੰ ਉੱਤਰਾ ਖੰਡ ਸੂਬੇ ਦੇ ਚਮੋਲੀ ਜਿਲੇ ਅਧੀਨ ਪੈਂਦੇ ਸ਼ਹਿਰ ਜੋਸ਼ੀਮੱਠ ਵਿਖੇ ਗੁਰਦੁਆਰਾ ਸਾਹਿਬ ਜਾਣ ਦਾ ਮੌਕਾ ਮਿਲਿਆ। ਆਸਮਾਨ ਛੂੰਹਦੀਆਂ ਪਹਾੜੀਆਂ ਚ ਘਿਰੇ ਇੱਥੇ ਸਥਿਤ ਮਨਮੋਹਕ ਗੁਰੂਘਰ ਸ੍ਰੀ ਹੇਮਕੁੰਟ ਸਾਹਿਬ ਪਹੁੰਚੇ ਤਾਂ ਉੱਥੇ ਸੰਗਤਾਂ ਦਾ ਅਤਿਅੰਤ ਜਮਘਟਾ ਸੀ।ਗੁਰਦੁਆਰਾ ਸਾਹਿਬ ਦਾ ਉੱਚਾ ਝੂਲਦਾ ਕੇਸਰੀ ਨਿਸ਼ਾਨ ਗੁਰੂਘਰ ਦੀ ਦੂਰੋਂ ਪਹਿਚਾਣ ਕਰਾਉਂਦਾ ਹੈ।

ਹਿੰਦੂ ਧਾਰਮਿਕ ਸਥਾਨਾਂ ਚਾਰ ਧਾਮਾਂ ਚੋਂ ਬਦਰੀਨਾਥ ਅਤੇ ਗੋਬਿੰਦ ਘਾਟ ਨੈਸ਼ਨਲ ਮਾਰਗ ਤੇ ਸਥਿਤ ਇਹ ਗੁਰਦੁਆਰਾ ਸਾਹਿਬ ਰਿਸ਼ੀਕੇਸ਼ ਤੋਂ 259 ਕਿਲੋਮੀਟਰ ਅਤੇ ਗੋਬਿੰਦ ਘਾਟ ਤੋਂ 21 ਕਿਲੋਮੀਟਰ ਪਹਿਲਾਂ ਸਮੁੰਦਰੀ ਤਲ ਤੋਂ 6150 ਫੁੱਟ ਦੀ ਉਚਾਈ ਤੇ ਸਥਿਤ ਹੈ।ਇੱਥੇ ਧੌਲੀਗੰਗਾ ਅਤੇ ਅਲਕਨੰਦਾ ਨਦੀਆਂ ਦਾ ਸੰਗਮ ਹੁੰਦਾ ਹੈ।ਨਦੀਆਂ ਦੇ ਪਾਣੀ ਦਾ ਸ਼ੋਰ ਇੱਕ ਦਿਲਕਸ਼ ਸੰਗੀਤ ਅਤੇ ਨਜ਼ਾਰਾ ਪੇਸ਼ ਕਰਦਾ ਹੈ। ਹਿਮਾਲਿਆ ਪਹਾੜੀਆਂ ਦੀ ਉੱਚੀ ਚੋਟੀ ਤੇ ਸਥਿਤ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਵਲੇ ਜੀਵਨ ਨਾਲ



ਸਬੰਧਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਆਉਣ ਅਤੇ ਦਰਸ਼ਨ ਕਰਕੇ ਵਾਪਿਸ ਜਾਣ ਵਾਲੀਆ ਸੰਗਤਾਂ ਇੱਥੇ ਰਾਤ ਠਹਿਰ ਆਰਾਮ ਕਰਦੀਆ ਹਨ।ਇਸ ਗੁਰਦੁਆਰਾ ਸਾਹਿਬ ਦੇ ਸੇਵਾਦਾਰ ਭਾਈ ਭੁਪਿੰਦਰ ਸਿੰਘ ਨੇ ਦੱਸਿਆ ਕਿ ਭਾਈ ਮੋਦਨ ਸਿੰਘ ਜੀ ਨੇ 1955 ਦੇ ਕਰੀਬ ਇਹ ਜਮੀਨ ਲੀਜ਼ ਤੇ ਲੈਕੇ ਗੁਰੂਘਰ ਉਸਾਰਿਆ ਸੀ। ਹੁਣ ਇਹ ਗੁਰੂਘਰ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਅਧੀਨ ਹੈ।ਮੇਨ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ, ਗੁਰਦੁਆਰਾ ਸਾਹਿਬ ਗੋਬਿੰਦ ਧਾਮ,ਗੁਰਦੁਆਰਾ ਸਾਹਿਬ ਗੋਬਿੰਦ ਘਾਟ ਅਤੇ ਗੁਰਦੁਆਰਾ ਸਾਹਿਬ ਜੋਸ਼ੀਮੱਠ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਗੋਬਿੰਦ ਘਾਟ ਦੇ ਮੁੱਖ ਸੇਵਾਦਾਰ ਭਾਈ ਸੇਵਾ ਸਿੰਘ ਪ੍ਰਬੰਧਕ ਦੇ ਅਧੀਨ ਹੈ।ਇਸ ਟਰੱਸਟ ਦਾ ਮੁੱਖ ਦਫਤਰ ਕਾਨਪੁਰ ਚ ਹੈ,ਜਿਸ ਦੇ ਚੇਅਰਮੈਨ ਨਰਿੰਦਰਜੀਤ ਸਿੰਘ ਬਿੰਦਰਾ ਦੇਹਰਾਦੂਨ ਤੋਂ ਹਨ। ਇਸ ਟਰਸਟ ਦਾ ਸਬ ਆਫਿਸ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਰਿਸ਼ੀਕੇਸ਼ ਵਿਖੇ ਹੈ।ਜੋਸ਼ੀਮੱਠ ਵਿਖੇ ਭਾਈ ਸੰਤ ਸਿੰਘ ਮੁੱਖ ਗ੍ਰੰਥੀ ਦੀ ਸੇਵਾ ਨਿਭਾ ਰਹੇ ਹਨ।ਗੁਰਦੁਆਰਾ ਸਾਹਿਬ ਦਾ ਕੁੱਲ ਰਕਬਾ ਇੱਕ ਏਕੜ ਦੇ ਕਰੀਬ ਹੈ।ਇੱਥੇ ਸੰਗਤਾਂ ਦੇ ਰਹਿਣ ਦੀ ਸਹੂਲਤ ਲਈ ਚਾਰ ਵੱਡੇ ਹਾਲ,35 ਹਵਾਦਾਰ ਅਤੇ ਖੁੱਲੇ ਕਮਰੇ,ਲੰਗਰ ਹਾਲ,ਬਾਥਰੂਮ ਅਤੇ ਪਖਾਨੇ ਉਸਾਰੇ ਗਏ ਹਨ।ਉਹਨਾਂ ਦੱਸਿਆ ਕਿ ਇਸ ਗੁਰੂਘਰ ਵਿੱਚ 1500 ਤਕ ਸੰਗਤਾਂ ਦੇ ਠਹਿਰਨ ਦਾ ਪ੍ਰਬੰਧ ਹੈ। ਵਹੀਕਲਾਂ ਦੀ ਪਾਰਕਿੰਗ ਦੀ ਸਹੂਲਤ ਲਈ ਗੁਰਦੁਆਰਾ ਸਾਹਿਬ ਦੇ ਸਾਹਮਣੇ ਸਥਾਨਕ ਕਮੇਟੀ ਦੀ ਮੁਫਤ ਪਾਰਕਿੰਗ ਹੈ। ਗੁਰਦੁਆਰਾ ਸਾਹਿਬ ਦੀ ਇਥੇ ਆਪਣੀ ਵਿਲੱਖਣ ਪਛਾਣ ਹੈ।ਇੱਥੇ ਸਿੱਖ ਸੰਗਤ ਦੇ ਸਹਿਯੋਗ ਨਾਲ 24 ਘੰਟੇ ਲੰਗਰ ਚਲਦਾ ਹੈ।

## ਖਿਡਾਰੀਆਂ ਦੇ ਜੀਵਨ ਵਿਚ ਖੇਡ ਕੋਚ ਦੀ ਭੂਮਿਕਾ ਪਰ -----!

# ਜਿਸ ਗੱਡੀ ਦੇ ਡੱਬਿਆਂ ਅੱਗੇ ਇੰਜਨ ਹੀ ਨਹੀਂ ਹੋਵੇਗਾ, ਉਹ ਗੱਡੀ ਮੁਸਾਫਰਾਂ ਨੂੰ ਆਪਣੀ ਮੰਜ਼ਲ ਤਕ ਕਿਵੇਂ ਪੁੱਜਦਾ ਕਰੇਗੀ


ਖਿਡਾਰੀਆ ਦੇ ਜੀਵਨ ਵਿਚ ਖੇਡ ਕੋਚ ਦੀ ਭੂਮਿਕਾ ਬੜੀ ਅਹਿਮ ਯੋਗਦਾਨ ਪਾਉਣ ਵਾਲੀ ਮੰਨੀ ਗਈ ਹੈ ਅਤੇ ਕੋਚ ਦੀ ਖੇਡ ਰੁਚੀ ਹੀ ਇਕ ਖਿਡਾਰੀ ਦੇ ਸਰੀਰਕ, ਮਾਨਸਿਕ, ਸਮਾਜਿਕ ਅਤੇ ਯੱਜਬਾਤੀ ਪੱਖਾਂ ਦੇ ਵਿਕਾਸ ਦਾ ਸੂਚਕ ਹੈ।

ਕੋਚ ਤੋਂ ਭਾਵ ਗੱਡੀ। ਕੋਚ ਇਕ ਉਹ ਗੱਡੀ ਹੈ ਜੋ ਖਿਡਾਰੀਆਂ ਨੂੰ ਉਹਨਾਂ ਦੀ ਮੰਜ਼ਲ ਤਕ ਪਹੁੰਚਾਉਣ ਦਾ ਵਿਸ਼ੇਸ਼ ਉਪਰਾਲਾ ਕਰਦੀ ਹੈ। ਖੇਡ ਕੋਚ ਖਿਡਾਰੀਆਂ ਨਾਲ ਮਾਂ ਬਾਪ ਵਰਗਾ ਰਵੱਈਆ ਰੱਖਦੇ ਹਨ, ਜਿਵੇ ਇੱਕ ਮਾਂ ਮੁੱਢਲੀ ਅਵਸਥਾ ਵਿਚ ਬੱਚੇ ਨੂੰ ਇਸ ਤਰ੍ਹਾਂ ਤਾਲਮੇਲ ਬਣਾਕੇ ਚੁਕਦੀ ਹੈ ਕਿ ਉਸ ਦੇ ਸਿਰ ਅਤੇ ਧੌਣ ਦੀ ਅਵੱਸਥਾ ਠੀਕ ਬਣੀ ਰਹੇ। ਫਿਰ ਦੂਸਰੀ ਅਵੱਸਥਾ ਵਿਚ ਬੱਚੇ ਦੇ ਰਿੜਨ ਦਾ ਪੂਰਨ ਧਿਆਨ ਰਖਦੀ ਹੈ। ਰਿੜਨ ਤੋਂ ਬਾਅਦ ਬੱਚੇ ਨੂੰ ਰੇਹੜੇ ਤੇ ਵਾਕਰ ਨਾਲ ਤੁਰਨਾ ਸਿਖ-ਾਉਂਦੀ ਹੈ, ਫਿਰ ਉਸ ਦੀ ਸ਼ੁ-ਰੂਆਤ ਗੁੱਡੀਆਂ ਪਟੋਲਿਆਂ ਨਾਲ ਹੁੰਦੀ ਹੈ। ਮਾਂ ਆਪਣੇ ਬੱਚੇ ਦੇ ਹੋਰ ਵੱਡਾ ਹੋਣ ਤੇ ਉਸ ਦਾ ਧਿਆਨ ਛੋਟੀਆਂ ਖੇਡਾਂ ਤੇ ਕੇਂ-ਦਰਿਤ ਕਰਦੀ ਹੈ। ਵੈਸੇ ਤਾਂ ਬੱਚਾ ਮਾਂ ਦੇ ਕੋਲਾ ਕਰਨ ਨਾਲ ਮੁੱਢਲੀ ਅਵਸਥਾ ਵਿੱਚ ਹੀ ਬਾਹਾਂ-ਲੱਤਾਂ ਮਾਰ ਕੇ ਆਪਣੀ ਖੇਡ ਪ੍ਰਵਿਰਤੀ ਸ਼ੁਰੂ ਕਰ ਦਿੰਦਾ ਹੈ। ਇਕ ਹੋਰ ਉਦਾਹਰਣ ਅਨੁਸਾਰ ਜਿਵੇਂ ਅਧਿਆਪਕ ਬੱਚਿਆ ਨੂੰ ਪੰਜਾਬੀ ਭਾਸ਼ਾ ਸਿਖਾਉਣ ਲਈ ੳ ਅ ੲ, ਹਿੰਦੀ ਵਿਚ ਕ ਖ ਗ, ਅਤੇ ਅੰਗ੍ਰਜੀ ਭਾਸ਼ਾ ਵਿਚ ਏ ਬੀ ਸੀ ਦੇ ਸਾਰੇ ਅੱਖਰਾਂ ਦੀ ਪਛਾਂਣ ਤੇ ਯਾਦ ਕਰਵਾਉਂਦਾ ਹੈ, ਇਸੇ ਤਰ੍ਹਾਂ ਹੀ ਇਕ ਕੋਚ ਵੀ ਸਵੇਰ ਦੇ ਪਹਿਲੇ ਸਮੇਂ ਖਿਡਾਰੀ ਦਾ ਦੱਮ ਪੱਕਾ ਕਰਨ ਲਈ ਉਸ ਦੀ ਉਮਰ ਅਨੁਸਾਰ ਕਰਾਸ-ਕੰਟਰੀ ਲਵ-ਾਉਂਦਾ ਹੈ। ਕਰਾਸ-ਕੰਟਰੀ ਤੋਂ ਆਕੇ ਸਰੀਰ ਦੇ ਸਾਰੇ ਅੰਗਾਂ ਦਾ ਅਭਿਆਸ ਕਰਵਾਉਂਦਾ ਹੈ।ਇਸ ਤੋਂ ਉਪਰੰਤ ਖਿਡਾਰੀ ਜਿਸ ਖੇਡ ਵਿਚ ਹੋਵੇ, ਉਸ ਖੇਡ ਅਨੁਸਾਰ ਕੋਚ ਦੁਆਰਾ ਖੇਡਾਂ ਦੇ ਮੌਲਿਕ ਅਧਿਕਾਰ ਪ੍ਰਤੀ ਵਿਸ਼ੇਸ਼ ਚਾਨਣਾ ਪਾਇਆ ਜਾਂਦਾ ਹੈ। ਖੇਡਾਂ ਦੇ ਮੌਲਿਕ ਅਧਿਕਾਰਾ ਬਾਅਦ ਆਪਣੀ ਮੇਜਰ ਖੇਡ ਦੀ ਸ਼ੁਰੂਆਤ ਕਰਵਾਈ ਜਾਂਦੀ ਹੈ, ਜੋ ਪ੍ਰਤੀ ਦਿਨ ਸਵੇਰ ਸ਼ਾਮ ਨਿ-ਰੰਤਰ ਜਾਰੀ ਰਹਿੰਦੀ ਹੈ। ਖੇਡ ਕੋਚ ਵੱਲੋਂ ਖਿਡਾਰੀਆਂ ਨੂੰ ਖੇਡ ਮੈਦਾਨ ਵਿਚ ਉਸ ਦੀ ਮੇਜਰ ਖੇਡ ਦੇ ਫਿਰ ਵੱਖ-ਵੱਖ ਦਾਅ-ਪੇਚ ਦੱਸੇ ਜਾਂਦੇ ਹਨ, ਜਿਵੇਂ ਇਕ ਬਾਸਕਟ ਬਾਲ ਕੋਚ ਵੱਲੋਂ ਖਿਡਰੀਆਂ ਨੂੰ ਪਹਿਲੀ ਸਟੇਜ ਤੇ ਡ੍ਰਿਬਲ ਕਰਨਾ (ਬਾਲ ਬੁ-ੜ੍ਹਕਾਉਣਾ), ਪਾਸ ਦੇਣਾ, ਸੁੱਟਣਾ, ਬਾਲ ਦਾ ਠੀਕ ਪਕੜਨਾ, ਬਾਲ ਅੱਗੇ ਦੇਣਾ ਆਦਿ ਵਰਗੀਆਂ ਕਿਰਿਆਵਾਂ ਦਾ ਨਿਰੰਤਰ ਅਭਿਆਸ ਕਰਾਉਣਾ। ਜਦੋਂ ਖਿਡਾਰੀ ਇਹਨਾਂ ਕਿਰਿਆਵਾਂ ਦੀ ਮੁਹਾਰਤ ਹਾਸਿਲ ਕਰਦਾ ਹੈ ਤਾਂ ਇਸੇ ਦਰਮਿਆਨ ਵੱਖ ਵੱਖ ਤਰ੍ਹਾਂ ਦੇ ਪਾਸ ਦੇਣੇ ਜਿਵੇਂ ਛਾਤੀ ਪਾਸ, ਟਪਾ ਪਾਸ, ਸਿਰ ਉਪਰ ਦਾ ਪਾਸ, ਹੱਥ ਹੇਠਾਂ ਦਾ ਪਾਸ, ਬੇਸਬਾਲ ਪਾਸ, ਉਛੱਲਵਾਂ ਪਾਸ, ਕੁੰਡੀ ਪਾਸ, ਬਾਸਕਟਬਾਲ ਉੱਚਾ-ਨੀਵਾਂ ਬੁੜ੍ਹਕਾਉਣ ਦਾ ਨਿਰੰਤਰ ਅਭਿਆਸ ਕਰਾਉਣਾ ਆਦਿ ਵੀ ਸਿਖਾਣਾ ਕੋਚ ਦਾ ਮੁੱਖ ਨਿਸ਼ਾਨਾ ਹੁੰਦਾ ਹੈ। ਇਸ ਦੇ ਨਾਲ-ਨਾਲ ਬਾਸਕਟਬਾਲ ਵਿਚ ਇੱਕ ਹੱਥ ਦੀ ਸੈਂਟ ਸਾਟ, ਦੋ ਹੱਥਾਂ ਦੀ ਸੈਂਟ ਸਾਟ, ਲੇ-ਅੱਪ ਸਾਟ, ਛਲਾਂਗ ਸਾਟ, ਕੁੰਡੀ ਸਾਟ ਸਿਖਾਏ ਜਾਂਦੇ ਹਨ।



ਕੋਚ ਵੱਲੋਂ ਬਾਸਕਟਬਾਲ ਵਿਚ ਮੁੱਖ ਗਲਤੀਆਂ ਜਿਵੇਂ ਵਿਆਕਤੀਗਤ ਗਲਤੀ, ਜਾਣ-ਬੁਝ ਕੇ ਕੀਤੀ ਗ਼ਲਤੀ, ਤਕਨੀਕੀ ਗ਼ਲਤੀ, ਦੂਹਰੀ ਗਲਤੀ, ਬਹੁ ਗਲਤੀਆਂ ਬਾਰੇ ਵੀ ਖਿਡਾਰੀਆਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ।ਬਾਸਕਟਬਾਲ ਦੀ ਗਰਾਉਂਡ ਦੀ ਲੰਬਾਈ ਚੜ੍ਹਾਈ, ਖੇਡ ਦਾ ਸਮਾਂ, ਟੀਮ ਵਿੱਚ ਕੁੱਲ ਕਿੰਨੇ ਖਿਡਾਰੀ ਹੁੰਦੇ ਹਨ, ਕਿੰਨੇ ਖੇਡਦੇ ਹਨ, ਕਿਹੜੇ ਖਿਡਾਰੀ ਨੇ ਕਿਹੜੀ ਸਾਈਟ ਤੇ ਖੇਡਣਾ ਹੈ, ਟੀਮ ਦਾ ਕਪਤਾਨ ਕਿਸ ਨੂੰ ਬਣਾਉਣਾ ਹੈ ਆਦਿ ਦੀ ਸਾਰੀ ਰੂਪ-ਰੇਖਾ ਕੋਚ ਵੱਲੋਂ ਤਿਆਰ ਕੀਤੀ ਜਾਂਦੀ ਹੈ ਅਤੇ ਇਸ ਸਬੰਧੀ ਖਿਡਾਰੀਆ ਨੂੰ ਦੱਸਿਆ ਜਾਂਦਾ ਹੈ। ਇਕ ਖੇਡ ਕੋਚ ਵੱਲੋਂ ਖਿਡਾਰੀਆ ਦੀ ਖੇਡ ਮਿਆਰ ਨੂੰ ਸਿਰੇ ਤੇ ਲੈ ਜਾਂਣਾ ਹੀ ਉਸ ਦਾ ਮੁੱਖ ਨਿਸ਼ਾਨਾ ਹੁੰਦਾ ਹੈ। ਕੋਚ ਵੀ ਕੋਈ ਐਰਾ ਗੈਰਾ ਨਹੀ ਹੂੰਦਾ, ਬੀ ਏ ਦੀ ਪੜ੍ਹਾਈ ਤੋਂ ਬਾਅਦ ਉਹ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਤੋਂ ਕੋਚ ਦਾ ਕੋਰਸ ਪਾਸ ਕਰਕੇ ਐਨ ਆਈ ਐਸ ਕੋਚ ਦਾ ਪਦ ਹਾਸਿਲ ਕਰਦਾ ਹੈ। ਕੋਚ ਦਾ ਕੈਰੀਅਰ ਨੈਸ਼ਨਲ, ਇੰਟਰਨੈਸ਼ਨਲ ਪੱਧਰ ਦਾ ਹੁੰਦਾ ਹੈ।

ਇੱਕ ਚੰਗੇ ਕੋਚ ਵਿਚ ਮਿਲਵਰਤਣ ਦੀ ਭਾਵਨਾ, ਸਹਿਣਸ਼ੀਲਤਾ, ਖੇਡ ਗੁਣਾਂ ਦੇ ਅਨੁਭਵ ਅਤੇ ਖੇਡ ਸਮਰੱਥਾ ਦੇ ਜ਼ਰੀਏ ਖਿਡਾਰੀਆਂ ਨੂੰ ਆਪਣਾ ਮਾਰਗ ਦਰਸ਼ਨ ਦੇਣਾ, ਆਪਣੇ ਹੁਨਰ ਅਤੇ ਪ੍ਰਭਾਵਾਂ ਰਾਹੀ ਰਣਨੀਤੀ ਤੇ ਵੱਖ-ਵੱਖ ਖੇਡ ਤਕਨੀਕ ਨੂੰ ਖਿਡਾਰੀਆਂ ਵਿਚ ਕੁੱਟ-ਕੁੱਟ ਕੇ ਭਰਨਾ ਇਕ ਚੰਗੇ ਕੋਚ ਦੀਆਂ ਨਿਸ਼ਾਨੀਆਂ ਖਿਡਾਰੀਆ ਲਈ ਰਾਹ ਦਸੇਰਾ ਹਨ।




ਇਸ ਤੋਂ ਇਲਾਵਾ ਖਿਡਾਰੀ ਦੀ ਤਾਕਤ, ਕਮਜ਼ੋਰੀ ਤੇ ਉਸ ਦੀਆਂ ਭਾਵਨਾਵਾਂ ਨੂੰ ਚੰਗੀ ਤਰ੍ਹਾਂ ਸਮਝਣਾ ਅਤੇ ਉਸ ਨੂੰ ਅਮਲੀ ਰੂਪ ਦੇਣਾ ਆਪਣੀ ਨਿੱਜੀ ਜ਼ਿੰਮੇਵਾਰੀ ਸਮਝਦਾ ਹੈ ਜੋ ਆਪਣੇ ਸਾਰੇ ਗੁਣ ਆਪਣੇ ਖਿਡਾਰੀ ਦੇ ਅੰਦਰ ਉਤਪਨ ਕਰ ਵਿਖਾਉਣ ਦੀ ਸਮਰੱਥਾ ਰੱਖਦਾ ਹੈ ਇਕ ਕੋਚ, ਜਿਸ ਦੇ ਫਲਸਰੂਪ ਆਖ਼ਰ ਖਿਡਾਰੀ ਖੇਡ ਵਿਚ ਅਕਾਸ਼ ਦੀਆਂ ਬੁਲੰਦੀਆ ਨੂੰ ਛੂਹਣ ਦੇ ਕਾਬਲ ਹੋ ਜਾਂਦਾ ਹੈ।

ਦੁੱਖ ਦੀ ਗੱਲ ਹੈ ਕਿ ਜਿਸ ਗੱਡੀ ਦੇ ਡਬਿਆਂ ਅੱਗੇ ਇੰਜਨ ਹੀ ਨਹੀਂ ਹੋਵੇਗਾ ਤਾਂ ਉਹ ਗੱਡੀ ਮੁਸਾਫਰਾਂ ਨੂੰ ਆਪਣੀ ਮੰਜ਼ਲ ਤਕ ਕਿਵੇਂ ਪੁੱਜਦਾ ਕਰੇਗੀ। ਪੰਜਾਬ ਵਿਚ ਕੋਚਾ ਦੀ ਪੂਰਨ ਤੌਰ ਤੇ ਭਰਤੀ ਨਾ ਹੋਣ ਕਾਰਨ ਪੰਜਾਬ ਦੀਆਂ ਬੇਸ਼ੁਮਾਰ ਖੇਡ ਗਰਾਉਡਾਂ ਤੇ ਜਿਮਨੇਜ਼ੀਅਮ ਹਾਲ, ਕੋਚਾ ਦਾ ਬੜੀ ਬੇਸ-ਬਰੀ ਨਾਲ ਇਸ ਤਰ੍ਹਾਂ ਇੰਤਜ਼ਾਰ ਕਰ ਰਹੀਆ ਹਨ ਜਿਵੇਂ ਇਕ ਮਾਂ ਪ੍ਰਦੇਸ਼ਾਂ ਵਿੱਚ ਗਏ ਬੱਚਿਆਂ ਦਾ ਕਰਦੀ ਹੋਵੇ।

ਬਹੁਤਾਤ ਖੇਡ ਮੈਦਾਨਾਂ ਵਿਚ ਕੋਚਾ ਦੀ ਜਗ੍ਹਾਂ ਪੁਰਾਣੇ ਖਿਡਾਰੀ ਅਭਿਆਸ ਕਰਾ ਰਹੇ ਹਨ ਖਿਡਾਰੀਆਂ ਨੂੰ।



ਰਾਜਿੰਦਰ ਸਿੰਘ ਰਾਜਨ ਪਠਾਨਕੋਟ
91-94174-27656

ਕੋਚਾਂ ਦੀ ਭਰਤੀ ਨੂੰ ਉਡੀਕਦੇ-ਉਡੀਕਦੇ ਬਹੁਤ ਸਾਰੇ ਨੌ-ਜਵਾਨ ਖ਼ਿਡਾਰੀ ਓਵਰਏਜ ਹੀ ਹੋ ਗਏ ਤੇ ਅਨੇਕਾ ਪਿਆਰੇ ਹੋ ਗਏ ਅੱਲ੍ਹਾ ਨੂੰ।

ਮੌਜੂਦਾ ਸਥਿਤੀ ਵਿਚ ਕੋਚ ਦਾ ਕੋਰਸ ਪਾਸ ਖਿਡਾਰੀ ਦਰ-ਦਰ ਭੱਟਕ ਰਹੇ ਹਨ ਤੇ ਮਾਨਸਕ ਤੌਰ ਤੇ ਵੀ ਪ੍ਰੇਸ਼ਾਨ ਹਨ ਜੋ ਹਾਰ ਕੇ ਕੋਈ ਨਾ ਕੋਈ ਕਾਰੋਬਾਰ ਕਰ ਕੇ ਆਪਣੇ ਪ੍ਰੀਵਾਰਾ ਦਾ ਡੰਗ ਚਲਾ ਰਹੇ ਹਨ। ਇਕ ਖਿਡਾਰੀ ਨੂੰ ਬੀ ਏ ਪਾਸ ਤੋਂ ਬਾਅਦ ਕੋਚ ਦੀ ਪੜ੍ਹਾਈ ਤੱਕ ਦੇ ਸਫ਼ਰ ਦਰਮਿਆਨ ਮਾਂ ਬਾਪ ਦਾ ਲੱਖਾਂ ਰੁਪਏ ਖ਼ਰਚ ਹੁੰਦਾ ਹੈ ਅਤੇ ਮਾਂ-ਬਾਪ ਨੂੰ ਵੀ ਆਸ ਹੁੰਦੀ ਹੈ ਕਿ ਬੱਚਾ ਪੱੜ੍ਹ-ਲਿਖ ਕੇ ਚੰਗੀ ਨੌਕਰੀ ਤੇ ਤਾਇਨਾਤ ਹੋ ਕੇ ਸਾਡੀ ਬੁਢਾਪੇ ਵਿੱਚ ਮਦਦ ਕਰੇਗਾ ਪ੍ਰੰਤੂ ਮਦੱਦ ਤਾਂ ਦੂਰ ਦੀ ਗੱਲ ਬੁਜ਼ੁਰਗਾਂ ਦੇ ਸਾਹ ਨਿਕਲਣੇ ਵੀ ਔਖੇ ਹੋ ਗਏ ਹਨ।

ਪਿਛਲੇ ਲੰਮੇਂ ਸਾਲਾਂ ਤੋਂ ਕੋਚਾ ਦੀ ਭਰਤੀ ਨਾ ਕਰ ਕੇ ਫਿਰ ਸਰਕਾਰ ਨੂੰ ਖੇਡਾਂ ਦੇ ਚੰਗੇ ਨਤੀਜਿਆਂ ਦੀ ਆਸ ਕਰਨੀ ਛੱਡ ਦੇਣੀ ਚਾਹੀਦੀ ਹੈ। ਇਸ ਸਬੰਧੀ ਕੋਚ ਪਾਸ ਖਿਡਾਰੀ ਦਾ ਮਨੋਬਲ ਤਾਂ ਡਿੱਗੇਗਾ ਹੀ ਨਾਲ ਖੇਡਾਂ ਮਿਆਰ ਉਪਰ ਵੀ ਸਵਾਲੀਆ ਨਿਸ਼ਾਨ ਲੱਗੇਗਾ।

ਬੇਰੁਜ਼ਗਾਰ ਕੋਚ ਖਿਡਾਰੀਆਂ ਦੇ ਭਵਿੱਖ ਨੂੰ ਮੁੱਖ ਰੱਖਦਿਆਂ ਸਰਕਾਰ ਨੂੰ ਚਾਹੀਦਾ ਹੈ ਕਿ ਕੋਚਾਂ ਦੀ ਤੁਰੰਤ ਭਰਤੀ ਕਰੇ ਅਤੇ ਜਿਹੜੇ ਕੋਚ ਸਬੰਧਤ ਵਿਭਾਗ ਵਿਚ ਕੰਮ ਕਰ ਰਹੇ ਹਨ, ਉਹਨਾਂ ਨੂੰ ਤਰੱਕੀਆਂ ਦੇ ਕੇ ਉਨ੍ਹਾਂ ਦਾ ਬਣਦਾ ਮਾਣ-ਸਨਮਾਨ ਵਧਾਇਆ ਜਾਵੇ ਤਾਂ ਜੋ ਪੰਜਾਬ ਖੇਡਾਂ ਪੱਖੋ ਹੋਰ ਖੁਸ਼ਹਾਲ ਹੋ ਸਕੇ।

# ਨਵੀਂਆਂ ਮੰਜ਼ਿਲਾਂ ਸਰ ਕਰ ਰਿਹਾ ਹੈ, ਦੇਹਰੀਵਾਲ ਦਾ ਵੇਟ ਲਿਫਟਿੰਗ ਸੈਂਟਰ

## "ਹਾਸ਼ਮ ਫਤਹਿ ਨਸੀਬ ਉਨ੍ਹਾਂ ਨੂੰ ,ਜਿਨ੍ਹਾਂ ਹਿੰਮਤ ਯਾਰ ਬਣਾਈ"

ਹੁਸ਼ਿਆਰਪੁਰ ਜ਼ਿਲ੍ਹਾ ਪੰਜਾਬ ਵਿਚ ਸਭ ਤੋਂ ਵੱਧ ਪੜ੍ਹਿਆ ਲਿਖਿਆ ਦਾ ਜ਼ਿਲ੍ਹਾ ਹੈ, ਪਰ ਖੇਡਾਂ ਦੇ ਖੇਤਰ ਵਿਚ ਹੁਸ਼ਿਆਰਪੁਰ ਨੇ ਉੱਨੀ ਤਰੱਕੀ ਨਹੀਂ ਕੀਤੀ ,ਜਿੰਨੀ ਕਰਨੀ ਚਾਹੀਦੀ ਸੀ । ਪਰ ਫੇਰ ਵੀ ਹੁਸ਼ਿਆਰਪੁਰ ਨੇ ਖੇਡਾਂ ਦੇ ਖੇਤਰ ਵਿੱਚ ਵੱਡੀਆਂ ਉਪਲੱਬਧੀਆਂ ਖੱਟੀਆਂ ਹਨ । ਫੁੱਟਬਾਲ ਦੇ ਖੇਤਰ ਵਿੱਚ ਹੁਸ਼ਿਆਰਪੁਰ ਦਾ ਵਿਲੱਖਣ ਸਥਾਨ ਹੈ। ਪੰਜਾਬ ਦੀ ਫੁੱਟਬਾਲ ਵਿੱਚ ਸਭ ਤੋਂ ਮੋਹਰੀ ਜ਼ਿਲ੍ਹਾ ਹੁਸ਼ਿਆਰਪੁਰ ਹੈ। ਇਸ ਤੋਂ ਇਲਾਵਾ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਅੰਤਰ-ਰਾਸ਼ਟਰੀ ਅਤੇ ਕੌਮੀ ਪੱਧਰ ਤੇ ਨਾਮੀ ਵੇਟ ਲਿਫਟਰ ਵੀ ਪੈਦਾ ਹੋਏ ਹਨ , ਜਿਨ੍ਹਾਂ ਵਿਚ ਹਰਦੀਪ ਸਿੰਘ ਸੈਣੀ ਜਿਸ ਨੇ ਰੇਲਵੇ ਵਿਭਾਗ ਵਿੱਚ ਵੇਟਲਿਫਟਿੰਗ ਵਿਚ ਵੱਡੀਆਂ ਪ੍ਰਾਪਤੀਆਂ ਹਾਸਲ ਕੀਤੀਆਂ ਹਨ ਉਹ ਵੀ ਹੁਸ਼ਿਆਰਪੁਰ ਜ਼ਿਲ੍ਹੇ ਦੇ ਹੀ ਪਿੰਡ ਬੀਰਮਪੁਰ ਤੋਂ ਹਨ । ਉਨ੍ਹਾਂ ਦੀ ਪਤਨੀ ਸ਼ਰਨਜੀਤ ਕੌਰ ਜੋ ਸਰਕਾਰੀ ਕਾਲਜ ਢੁੱਡੀਕੇ ਤੋਂ ਬਤੌਰ ਪ੍ਰਿੰਸੀਪਲ ਸੇਵਾਮੁਕਤ ਹੋਏ ਹਨ ਉਹ ਵੀ 1982 ਏਸ਼ੀਅਨ ਖੇਡਾਂ ਦੀ ਪਹਿਲੀ ਹਾਕੀ ਗੋਲਡ ਮੈਡਲਿਸਟ ਖਿਡਾਰਨ ਹੈ । ਇਸ ਤੋਂ ਇਲਾਵਾ ਹੁਸ਼ਿਆਰਪੁਰ ਦੀ ਅੰਤਰ-ਰਾਸ਼ਟਰੀ ਖਿਡਾਰਨ ਸਰੋਜ ਬਾਲਾ ਨੇ ਹਾਕੀ ਦੇ ਖੇਤਰ ਵਿੱਚ ਵੱਡਾ ਨਾਮਣਾ ਖੱਟਿਆ ਹੈ । ਹਰਦੀਪ ਸਿੰਘ ਸੈਣੀ ਭਾਜੀ ਨੇ ਆਪਣੇ ਪੁਰਾਣੇ ਸਾਥੀ ਅਵਤਾਰ ਸਿੰਘ ਤਾਰੀ, ਪ੍ਰਧਾਨ ਜ਼ਿਲ੍ਹਾ ਵੇਟ ਲਿਫਟਿੰਗ ਐਸੋਸੀਏਸ਼ਨ ਹੁਸ਼ਿਆਰਪੁਰ ਨਾਲ ਮਿਲਕੇ ਆਪਣੇ ਉਪਰਾਲਿਆਂ ਦੇ ਨਾਲ ਅਤੇ ਆਪਣੇ ਹੋਰ ਸਾਥੀਆਂ ਨੂੰ ਜੋੜ ਕੇ ਆਪਣੇ ਪਿੰਡ ਬੀਰਮਪੁਰ ਦੇ ਲਾਗਲੇ ਪਿੰਡ ਦੇਹਰੀਵਾਲ ਵਿਖੇ ਇਕ ਵੇਟ ਲਿਫਟਿੰਗ ਸੈਂਟਰ ਖੋਲ੍ਹਿਆ ਹੈ । ਜਿਸ ਨੂੰ ਪਿੰਡ ਦੀ ਪੰਚਾਇਤ ਅਤੇ ਇਲਾਕੇ ਵੱਲੋਂ ਵੱਡਾ ਸਹਿਯੋਗ ਦਿੱਤਾ ਜਾ ਰਿਹਾ ਹੈ।



ਮੈਨੂੰ ਪਿਛਲੇ ਦਿਨੀਂ ਦੇਹਰੀਵਾਲ ਦੇ ਵੇਟ ਲਿਫਟਿੰਗ ਸੈਂਟਰ ਵਿੱਚ ਸਬੱਬ ਨਾਲ ਜਾਣ ਦਾ ਮੌਕਾ ਮਿਲਿਆ ਕਿਉਂਕਿ ਅਸੀਂ ਤਿੰਨੇ ਮੈਂ ਤੇ ਹਰਦੀਪ ਭਾਜੀ ਅਤੇ ਇੰਗਲੈਂਡ ਵਾਲੇ ਗਰਚਾ ਸਾਹਿਬ ਨੇ ਉਸ ਦਿਨ ਹਾਕੀ ਓਲੰਪੀਅਨ ਵਰਿੰਦਰ ਸਿੰਘ ਦੀ ਅੰਤਿਮ ਅਰਦਾਸ ਤੇ ਪਿੰਡ ਧੰਨੋਵਾਲੀ ਜ਼ਿਲ੍ਹਾ ਜਲੰਧਰ ਵਿਖੇ ਜਾਣਾ ਸੀ , ਉਸ ਤੋਂ ਬਾਅਦ ਅੱਗੇ ਪਿੰਡ ਦੇਹਰੀਵਾਲ ਨੂੰ ਚਾਲੇ ਪਾ ਦਿੱਤੇ। ਪਿੰਡ ਦੇਹਰੀਵਾਲ ਵਿਖੇ ਉਥੋਂ ਦੇ ਪੰਤਵੰਤਿਆਂ ਅਤੇ ਟ੍ਰੇਨੀ ਖਿਡਾਰੀਆਂ ਨੂੰ ਮਿਲਣ ਦਾ ਮੌਕਾ ਮਿਲਿਆ । ਉਨ੍ਹਾਂ ਦੀ ਖੇਡਾਂ ਪ੍ਰਤੀ ਖਾਸ ਕਰਕੇ ਵੇਟਲਿਫਟਿੰਗ ਪ੍ਰਤੀ ਲਗਨ, ਸਮਰਪਿਤ ਭਾਵਨਾ, ਇਮਾਨਦਾਰੀ ਅਤੇ ਸੁਹਿਰਦਤਾ ਦੇਖ ਕੇ ਲੱਗਿਆ ਕਿ ਉਹ ਦਿਨ ਦੂਰ ਨਹੀਂ ਜਦੋਂ ਦੇਹਰੀਵਾਲ ਦੇ ਵੇਟ ਲਿਫਟਿੰਗ ਸੈਂਟਰ ਵਿੱਚੋਂ ਓਲੰਪੀਅਨ ,ਅੰਤਰਰਾਸ਼ਟਰੀ ਪੱਧਰ , ਅਤੇ ਕੌਮੀ ਪੱਧਰ ਵੇਟਲਿਫਟਰ ਪੈਦਾ ਹੋਣਗੇ, ਜੋ ਪੰਜਾਬ ਅਤੇ ਦੇਸ਼ ਦਾ ਨਾਮ ਦੁਨੀਆਂ ਦੇ ਵਿੱਚ ਰੋਸ਼ਨ ਕਰਨਗੇ , ਕਿਉਂਕਿ ਟ੍ਰੇਨੀ ਬੱਚਿਆਂ ਦਾ ਖੇਡ ਹੁਨਰ ਮੂੰਹੋਂ ਬੋਲਦਾ ਸੀ । ਦੇਹਰੀਵਾਲ ਵੇਟ ਲਿਫਟਿੰਗ ਸੈਂਟਰ ਵਿੱਚ 50 ਦੇ ਕਰੀਬ ਸਬ ਜੂਨੀਅਰ ਅਤੇ ਜੂਨੀਅਰ ਬੱਚੇ ਟਰੇਨਿੰਗ ਲੈ ਰਹੇ ਹਨ। ਬੱਚਿਆਂ ਵਿੱਚ ਸਿੱਖਣ ਅਤੇ ਅੱਗੇ ਵਧਣ ਦੀ ਭਾਵਨਾ ਬਹੁਤ ਜ਼ਿਆਦਾ ਹੈ । ਉਨ੍ਹਾਂ ਦੀ ਸਖ਼ਤ ਮਿਹਨਤ ਦੀ ਕਵਾਇਦ ਨੂੰ ਵੇਖਦਿਆਂ ਮੈਨੂੰ ਪੰਕਤੀਆਂ ਯਾਦ ਆ ਰਹੀਆਂ ਸਨ ਕਿ " ਹਾਸ਼ਮ ਫਤਹਿ ਨਸੀਬ ਉਨ੍ਹਾਂ ਨੂੰ, ਜਿੰਨਾ ਹਿੰਮਤ ਯਾਰ ਬਣਾਈ"। ਬੱਸ ਗੁਰੂ ਹਮੇਸ਼ਾਂ ਭਲੀ ਕਰੇ । ਪਿੰਡ ਦੇਹਰੀਵਾਲ ਵੇਟਲਿਫਟਿੰਗ ਸੈਂਟਰ ਦੇ ਇਨ੍ਹਾਂ ਟ੍ਰੇਨੀ ਬੱਚਿਆਂ ਨੂੰ ਕੋਚ ਬਲਜਿੰਦਰ ਸਿੰਘ ਸਵੇਰੇ ਸ਼ਾਮ ਕੋਚਿੰਗ ਦਿੰਦੇ ਹਨ । ਬੱਚਿਆਂ ਨੂੰ ਆਧੁਨਿਕ ਕਿਸਮ ਦਾ ਵੇਟਲਿਫਟਿੰਗ ਦਾ ਸਾਮਾਨ ਪ੍ਰਬੰਧਕਾਂ ਵੱਲੋਂ ਮੁਹੱਈਆ ਕਰਵਾਇਆ ਗਿਆ ਹੈ ।




ਇਸ ਮੌਕੇ ਮੇਰੇ ਨਾਲ ਇੰਗਲੈਂਡ ਤੋਂ ਆਏ ਸਰਦਾਰ ਅਜਾਇਬ ਸਿੰਘ ਗਰਚਾ ਅਕਾਲ ਚੈਨਲ ਵਾਲਿਆਂ ਨੇ ਮੁੱਖ ਮਹਿਮਾਨ ਵਜੋਂ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਨੇ ਬੱਚਿਆਂ ਦੇ ਨਾਲ ਆਪਣੀ ਜ਼ਿੰਦਗੀ ਦੇ ਆਪਣੇ ਖੇਡ ਤਜਰਬੇ ਸਾਂਝੇ ਕੀਤੇ ਅਤੇ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ। ਇਸ ਤੋਂ ਇਲਾਵਾ ਕੌਮੀ ਵੇਟਲਿਫ਼ਟਰ ਹਰਦੀਪ ਸਿੰਘ ਸੈਣੀ ਨੇ ਆਏ ਮਹਿਮਾਨਾਂ ਨੂੰ ,ਖਿਡਾਰੀਆਂ ਅਤੇ ਬੱਚਿਆਂ ਨੂੰ ਜੀ ਆਇਆਂ ਆਖਿਆ । ਇਸ ਮੌਕੇ ਅਵਤਾਰ ਸਿੰਘ ਤਾਰੀ ਪ੍ਰਧਾਨ ਜ਼ਿਲ੍ਹਾ ਵੇਟਲਿਫਟਿੰਗ ਐਸੋਸੀਏਸ਼ਨ ਹੁਸ਼ਿਆਰਪੁਰ ਹੈਡਮਾਸਟਰ ਜਤਿੰਦਰਪਾਲ ਸਿੰਘ, ਸਰਪੰਚ ਹਰਦਿਆਲ ਸਿੰਘ, ਡਾ ਦਵਿੰਦਰ ਪਾਲ ਸਿੰਘ, ਪ੍ਰਿੰਸੀਪਲ ਇੰਦਰਜੀਤ ਸਿੰਘ ਨੇ ਵੀ ਆਪਣੇ ਵਡਮੁੱਲੇ ਵਿਚਾਰ ਰੱਖੇ ਅਤੇ ਆਪਣੇ ਤਜਰਬਿਆਂ ਦੀ ਸਾਂਝ ਬੱਚਿਆਂ ਦੇ ਨਾਲ ਪਾਈ , ਉਨ੍ਹਾਂ ਨੂੰ ਜ਼ਿੰਦਗੀ ਦੀ ਅਸਲ ਅਤੇ ਖੇਡ ਮੰਜ਼ਿਲ ਵੱਲ ਵਧਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਰਮਨਦੀਪ ਸਿੰਘ ਰੰਮੀ, ਲੰਬੜਦਾਰ ਮਨਪ੍ਰੀਤ ਸਿੰਘ ,ਮਨਦੀਪ ਸਿੰਘ ਲਿੱਤਰ, ਕੁਲਵਿੰਦਰ ਸਿੰਘ, ਮਨੀ ਦੇਹਰੀਵਾਲ , ਕੋਚ ਬਲਜਿੰਦਰ ਸਿੰਘ ਅਤੇ ਹੋਰ ਇਲਾਕੇ ਦੇ ਪਤਵੰਤੇ ਤੇ ਖਿਡਾਰੀ ਵੱਡੀ ਗਿਣਤੀ ਵਿਚ ਹਾਜ਼ਰ ਸਨ । ਅੰਤ ਮੈਂ ਇਹੋ ਦੁਆ ਕਰਦਾ ਹਾਂ ਕਿ ਪ੍ਰਮਾਤਮਾ ਦੇਹਰੀਵਾਲ ਵੇਟਲਿਫਟਿੰਗ ਸੈਂਟਰ ਨੂੰ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਬਖ਼ਸ਼ੇ ਅਤੇ ਪ੍ਰਬੰਧਕਾਂ ਵਿਚ ਏਕੇ ਅਤੇ ਆਪਸੀ ਸਾਂਝ ਬਣਾਈ ਰੱਖਣ ਦੀ ਸੁਮੱਤ ਦੇਵੇ। ਰੱਬ ਰਾਖਾ!

**– ਜਗਰੂਪ ਸਿੰਘ ਜਰਖੜ**

### ਸ਼ਹੀਦ ਭਾਈ ਤਾਰੂ ਸਿੰਘ ਜੀ ਦੇ ਪਵਿੱਤਰ ਸ਼ਹੀਦੀ ਦਿਵਸ 'ਤੇ ਵਿਸ਼ੇਸ਼

# 'ਸਿੱਖੀ-ਸਿਦਕ ਨਿਭਾਉਣ ਵਾਲਾ ਮਹਾਨ ਯੋਧਾ'



ਪ੍ਰੋ: ਐਚ. ਐਲ. ਕਪੂਰ
01- 916- 587-4002

ਤਾਰੂ ਸਿੰਘ ਜੀ ਸਿੱਖ ਇਤਿਹਾਸ ਦੇ ਇਕ ਮਹਾਨ ਸ਼ਹੀਦ ਹਨ। ਉਨ੍ਹਾਂ ਨੇ ਆਪਣੀ ਜਾਨ ਦੀ ਬਾਜੀ ਲਾ ਕੇ ਸਿੱਖੀ-ਸਿਦਕ ਦੀ ਲਾਜ ਰੱਖੀ। ਉਨ੍ਹਾਂ ਦਾ ਜਨਮ ਉਸ ਸਮੇਂ ਹੋਇਆ ਜਦੋਂ ਸਿੱਖ ਇਤਿਹਾਸ ਇਕ ਨਾਜ਼ੁਕ ਦੌਰ 'ਚੋਂ ਗੁਜਰ ਰਿਹਾ ਸੀ। ਬੰਦਾ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਜੁਝਾਰੂ ਕ੍ਰਾਂਤੀਕਾਰੀ ਸਿੱਖ ਰੂਪੋਸ਼ ਹੋ ਕੇ ਜੰਗਲਾਂ, ਪਹਾੜਾਂ ਤੇ ਰਾਜਸਥਾਨ ਦੇ ਰੇਗਿਸਤਾਨਾਂ 'ਚ ਰਹਿਣ ਲੱਗ ਪਏ ਸਨ ਤੇ ਉਨ੍ਹਾਂ ਨੇ ਅਜਿਹੇ ਸਮੇਂ 'ਚ ਪੰਜਾਬ 'ਚੋਂ ਜ਼ਾਲਮ ਮੁਗਲ ਸਰਕਾਰ ਦਾ ਖਾਤਮਾ ਕਰਨ ਲਈ, ਆਪਣੇ ਸੰਘਰਸ਼ ਨੂੰ ਗੁਰੀਲਾ ਯੁੱਧ ਦੀ ਨੀਤੀ 'ਚ ਤਬਦੀਲ ਕਰ ਦਿੱਤਾ ਸੀ। ਪੰਜਾਬ ਦੇ ਅਜਿਹੇ ਇਤਿਹਾਸਕ ਸਮੇਂ 'ਚ ਭਾਈ ਤਾਰੂ ਸਿੰਘ ਜੀ ਦਾ ਜਨਮ 6 ਅਕਤੂਬਰ 1720 ਈਸਵੀ ਨੂੰ ਪਿਤਾ ਸ਼ਹੀਦ ਭਾਈ ਯੋਧ ਸਿੰਘ ਜੀ ਦੇ ਘਰ ਉਨ੍ਹਾਂ ਦੀ ਧਰਮ ਪਤਨੀ ਬੀਬੀ ਧਰਮ ਕੌਰ ਦੀ ਕੁੱਖੋਂ 'ਜੱਟ ਸੰਧੂ' ਪਰਿਵਾਰ 'ਚ ਪਿੰਡ ਪੂਹਲਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਨ੍ਹਾਂ ਤੋਂ ਛੋਟੀ ਉਨ੍ਹਾਂ ਦੀ ਇਕ ਭੈਣ ਵੀ ਸੀ ਜਿਸ ਦਾ ਨਾਂ ਬੀਬੀ ਤਾਰ ਕੌਰ (ਛੋਟਾ ਨਾਂ ਤਾਰੋ) ਸੀ। ਭਾਈ ਤਾਰੂ ਸਿੰਘ ਜੀ ਤੇ ਉਨ੍ਹਾਂ ਦਾ ਸਾਰਾ ਪਰਿਵਾਰ ਇਕ ਬਹੁਤ ਹੀ ਨੇਕ ਤੇ ਸਿੱਖ ਧਾਰਮਿਕ, ਗੁਰੂ ਸਾਹਿਬਾਨ ਦੀ ਵਿਚਾਰਧਾਰਾ 'ਚ ਵਿਸ਼ਵਾਸ ਰੱਖਣ ਵਾਲਾ ਪਰਿਵਾਰ ਸੀ। ਉਹ ਬੜੀ ਸਖ਼ਤ ਮਿਹਨਤ ਨਾਲ ਖੇਤੀਬਾੜੀ ਦਾ ਧੰਦਾ ਕਰਕੇ ਆਪਣਾ ਜੀਵਨ ਨਿਰਬਾਹ, ਬੜੇ ਸਰਫੇ ਨਾਲ ਕਰਦੇ ਸਨ। ਭਾਵੇਂ ਭਾਈ ਤਾਰੂ ਸਿੰਘ ਜੀ ਅਮੀਰ ਆਦਮੀ ਨਹੀਂ ਸਨ ਪਰ ਫਿਰ ਵੀ ਉਹ ਹਮੇਸ਼ਾ ਖੁਸ਼ ਰਹਿੰਦੇ ਸਨ ਤੇ ਆਪਣੀ ਨੇਕ ਤੇ ਦਸਾਂ ਨਹੁੰਆਂ ਦੀ ਸਖ਼ਤ ਕਮਾਈ 'ਚੋਂ ਆਪਣੇ ਸਿੱਖ ਭੈਣ-ਭਰਾਵਾਂ ਦੀ ਮਦਦ ਕਰਦੇ ਰਹਿੰਦੇ ਸਨ। ਉਹਨਾਂ ਦਾ ਪਿਤਾ ਸ਼ਹੀਦ ਭਾਈ ਯੋਧ ਸਿੰਘ ਇਕ ਲੜਾਈ 'ਚ ਸ਼ਹੀਦ ਹੋ ਗਿਆ ਸੀ ਤੇ ਭਾਈ ਤਾਰੂ ਸਿੰਘ ਜੀ ਦੀ ਵਿਧਵਾ ਮਾਤਾ ਉਨ੍ਹਾਂ ਦੇ ਨਾਲ ਰਹਿੰਦੀ ਸੀ। ਭਾਈ ਤਾਰੂ ਸਿੰਘ ਜੀ ਨੇ ਸ਼ਹੀਦ ਭਾਈ ਮਨੀ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਹੋਈ ਸੀ ਤੇ ਉਹਨਾਂ ਨੇ ਸਿੱਖੀ-ਸਿਦਕ ਲਈ ਮਰ ਮਿਟਣ ਦੀ ਸਿੱਖਿਆ ਉਹਨਾਂ ਤੋਂ ਹੀ ਪ੍ਰਾਪਤ ਕੀਤੀ ਸੀ।

ਉਹ ਆਪਣੀ ਸਖ਼ਤ ਮਿਹਨਤ ਦੀ ਕਮਾਈ 'ਚੋਂ ਜੋ ਕੁਝ ਬੱਚਤ ਕਰਦੇ ਉਹ ਆਪਣੇ ਉਨ੍ਹਾਂ ਸਿੱਖ ਕ੍ਰਾਂਤੀਕਾਰੀ ਭਰਾਵਾਂ 'ਤੇ ਖਰਚ ਕਰਦੇ ਜਿਹੜੇ ਮੁਗਲ ਸਰਕਾਰ ਦੇ ਅੱਤਿਆਚਾਰਾਂ ਕਾਰਨ ਜੰਗਲਾਂ, ਪਹਾੜਾਂ ਤੇ ਰਾਜਸਥਾਨ ਦੇ ਮਾਰੂਥਲਾਂ 'ਚ ਪ੍ਰਵਾਸ ਕਰ ਗਏ ਸਨ। ਭਾਈ ਤਾਰੂ ਸਿੰਘ ਜੋ ਕਿ ਕ੍ਰਾਂਤੀਕਾਰੀ ਸਿੱਖਾਂ ਦੀ ਰਾਸ਼ਨ-ਪਾਣੀ ਆਦਿ ਜਾਂ ਉਨ੍ਹਾਂ ਨੂੰ ਰੋਟੀ ਖੁਆ ਕੇ ਉਨ੍ਹਾਂ ਦੀ ਸੇਵਾ ਕਰਦਾ ਸੀ ਜਾਂ ਕਈ ਵਾਰੀ ਰਾਤ-ਬਰਾਤੇ ਉਹ ਸਿੱਖ ਭਰਾ ਇਸ ਕੋਲ ਰਾਤ ਨੂੰ ਠਹਿਰ ਜਾਂਦੇ ਸਨ। ਇਕ ਸਰਕਾਰੀ ਜਾਸੂਸ ਜਿਸ ਦਾ ਨਾਂ ਅਕਿਲ ਦਾਸ (ਦੂਸਰਾ ਨਾਂ ਨਰੰਜਣੀਆ) ਵੀ ਸੀ, ਉਹ ਜੰਡਿਆਲੇ ਦਾ ਰਹਿਣ ਵਾਲਾ ਸੀ ਤੇ ਉਹ ਇਸ ਤਰ੍ਹਾਂ ਵਿਦਰੋਹੀ ਕ੍ਰਾਂਤੀਕਾਰੀ ਸਿੱਖਾਂ ਨਾਲ ਹਮਦਰਦੀ ਰੱਖਣ ਵਾਲਿਆਂ 'ਤੇ ਆਪਣੀ ਕੜੀ ਨਜ਼ਰ ਰੱਖਦਾ ਸੀ ਤੇ ਇਸ ਦੀ ਸਾਰੀ ਜਾਣਕਾਰੀ ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਨੂੰ ਦੱਸਦਾ ਰਹਿੰਦਾ ਸੀ।

ਜ਼ਕਰੀਆ ਖਾਨ ਸਿੱਖਾਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਦਾ ਇਰਾਦਾ ਰੱਖਦਾ ਸੀ ਤੇ ਉਹ ਸਿੱਖਾਂ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰਦਾ ਰਹਿੰਦਾ ਸੀ। 'ਪ੍ਰਾਚੀਨ ਪੰਥ ਪ੍ਰਕਾਸ਼' 'ਚ ਜ਼ਿਕਰ ਆਉਂਦਾ ਹੈ ਕਿ ਇਕ ਵਾਰ ਜ਼ਕਰੀਆ ਖਾਨ ਨੇ ਆਪਣੇ ਆਦਮੀਆਂ ਨੂੰ ਪੁੱਛਿਆ ਕਿ, "ਸਿੱਖ ਆਪਣਾ ਪਾਲਣ-ਪੋਸਣ ਕਿਵੇਂ ਕਰਦੇ ਹਨ ਤੇ ਉਹ ਆਪਣਾ ਰਾਸ਼ਨ-ਪਾਣੀ ਕਿੱਥੋਂ ਲਿਆਉਂਦੇ ਹਨ''? ਮੈਂ ਤਾਂ ਉਨ੍ਹਾਂ ਦੇ ਕੰਮਕਾਰ ਸਭ ਬੰਦ ਕਰ ਦਿੱਤੇ ਹਨ ਤੇ ਉਨ੍ਹਾਂ ਦੀ ਕੋਈ ਆਮਦਨ ਨਹੀਂ ਹੈ। ਉਹ ਨਾਂ ਤਾਂ ਖੇਤੀ ਕਰਦੇ ਹਨ, ਨਾ ਉਨ੍ਹਾਂ ਨੂੰ ਕੋਈ ਵਿਉਪਾਰ ਕਰਨ ਦੀ ਆਗਿਆ ਹੈ ਤੇ ਨਾ ਹੀ ਉਹ ਕੋਈ ਸਰਕਾਰੀ ਜਾਂ ਗੈਰ ਸਰਕਾਰੀ ਕਿਸੇ ਅਦਾਰੇ 'ਚ ਕੰਮ ਕਰ ਸਕਦੇ ਹਨ। ਮੈਂ ਤਾਂ ਉਹਨਾਂ ਦੇ ਗੁਰਦੁਆਰਿਆਂ ਨੂੰ ਚੜ੍ਹਨ ਵਾਲੇ ਚੜ੍ਹਾਵੇ ਵੀ ਬੰਦ ਕਰ ਦਿੱਤੇ ਹਨ ਤੇ ਨਾ ਉਹ ਕਿਤੇ ਪਾਠ-ਪੂਜਾ ਕਰ ਸਕਦੇ ਹਨ। ਉਨ੍ਹਾਂ ਦੀ ਖਾਧ-ਖੁਰਾਕ ਦਾ ਹਰ ਰਸਤਾ ਮੇਰੇ ਵੱਲੋਂ ਬੰਦ ਕੀਤਾ ਹੋਇਆ ਹੈ ਪਰ ਫਿਰ ਵੀ ਉਹ ਜਿੰਦਾ ਹਨ ਤੇ ਮਰੇ ਨਹੀਂ ਹਨ?

ਹਰਭਗਤ ਨਰੰਜਣੀਆ ਜੋ ਜ਼ਕਰੀਆ ਖਾਨ ਦਾ ਪੱਗ-ਵੱਟ ਭਰਾ ਬਣਿਆ ਹੋਇਆ ਸੀ ਤੇ ਸਿੱਖਾਂ ਦਾ ਜਾਨੀ ਦੁਸ਼ਮਣ ਵੀ ਸੀ ਨੇ ਕਿਹਾ, "ਅਜੇ ਇਸ ਸੰਸਾਰ 'ਚ ਸਿੱਖ ਹਨ, ਜਿਹੜੇ ਉਤਨਾ ਚਿਰ ਆਪ ਭੁੱਖੇ ਰਹਿੰਦੇ ਹਨ ਜਿੰਨਾ ਚਿਰ ਉਹ ਆਪਣੇ ਰੂਪੋਸ਼ ਹੋਏ ਕ੍ਰਾਂਤੀਕਾਰੀ ਸਿੱਖ ਭਰਾਵਾਂ ਨੂੰ ਖਾਣਾ ਨਹੀਂ ਖੁਆ ਲੈਂਦੇ। ਉਹ ਆਪਣੇ ਆਪ ਨੂੰ ਉਨਾ ਚਿਰ ਭੁੱਖਾ ਤੇ ਨੰਗਾ ਰੱਖ ਸਕਦੇ ਹਨ ਪਰ ਆਪਣੇ ਸਿੱਖ ਭਰਾਵਾਂ ਨੂੰ ਅਜਿਹੀ ਦੁਖਦਾਇਕ ਹਾਲਤ 'ਚ ਨਹੀਂ ਦੇਖ ਸਕਦੇ। ਉਹ ਆਪਣੀ ਸਰਦ ਰਾਤਾਂ ਨੂੰ ਅੱਗ ਸੇਕ ਕੇ ਲੰਘਾ ਸਕਦੇ ਹਨ ਪਰ ਆਪਣੇ ਸਰੀਰ ਦੇ ਕੱਪੜੇ ਉਤਾਰ ਕੇ ਆਪਣੇ ਸਾਥੀ ਸਿੱਖ ਭਰਾਵਾਂ ਨੂੰ ਭੇਜ ਸਕਦੇ ਹਨ ਤੇ ਉਹ ਉਨ੍ਹਾਂ ਨੂੰ ਨੰਗਿਆਂ ਨਹੀਂ ਦੇਖ ਸਕਦੇ ਕਿ ਉਹ ਅਜਿਹੀਆਂ ਸਰਦ ਰਾਤਾਂ 'ਚ ਨੰਗੇ ਰਹਿਣ। ਉਹ ਸਖ਼ਤ ਮਿਹਨਤ ਮੁਸ਼ੱਕਤ ਕਰਕੇ, ਦਾਣੇ ਪੀਸ ਕੇ ਆਟਾ ਉਨ੍ਹਾਂ ਨੂੰ ਭੇਜ ਸਕਦੇ ਹਨ। ਉਹ ਆਪ ਨਿੱਕੇ-ਮੋਟੇ ਕੰਮ ਕਰਕੇ, ਸਖ਼ਤ ਮਿਹਨਤ ਕਰਕੇ ਆਪਣੀ ਕਮਾਈ ਉਨ੍ਹਾਂ ਨੂੰ ਭੇਜ ਸਕਦੇ ਹਨ। ਉਹ ਹੁਣ ਦੂਰ-ਦੁਰਾਡੇ ਕੰਮਾਂ-ਕਾਰਾਂ ਦੀ ਭਾਲ 'ਚ ਚਲੇ ਗਏ ਹਨ ਤੇ ਉਥੇ ਕੰਮਕਾਰ ਕਰਕੇ ਆਪਣੇ ਰੂਪੋਸ਼ ਹੋਏ ਬਾਗੀ ਕ੍ਰਾਂਤੀਕਾਰੀਆਂ ਨੂੰ ਜ਼ਰੂਰ ਪੈਸੇ ਦਿੰਦੇ ਹਨ।

ਹਰਭਗਤ ਨਰੰਜਣੀਏ ਨੇ ਜ਼ਕਰੀਆ ਖਾਨ ਨੂੰ ਦੱਸਿਆ ਕਿ ਮਾਝੇ ਦੇ ਪੂਹਲੇ ਪਿੰਡ ਦਾ ਤਾਰੂ ਸਿੰਘ ਜੋ ਕਿਸਾਨੀ ਕਰਦਾ ਹੈ ਤੇ ਸਰਕਾਰ ਨੂੰ ਹਾਲਾ-ਮਾਮਲਾ ਵੀ ਦਿੰਦਾ ਹੈ ਪਰ ਉਹ ਆਪ ਬਹੁਤ ਘੱਟ ਖਾਂਦਾ ਹੈ ਤੇ ਆਪਣੀ ਸਾਰੀ ਰਾਸ਼ਨ-ਪਾਣੀ ਦੀ ਬੱਚਤ 'ਚੋਂ ਰੋਟੀਆਂ ਬਣਾ ਕੇ ਜੰਗਲ 'ਚ ਰਹਿੰਦੇ ਆਪਣੇ ਬਾਗੀ-ਕ੍ਰਾਂਤੀਕਾਰੀ ਸਿੱਖ ਭਰਾਵਾਂ ਨੂੰ ਭੇਜਦਾ ਹੈ। ਉਸ ਦੀ ਮਾਤਾ ਤੇ ਭੈਣ ਉਸ ਦੀ ਇਸ ਕੰਮ 'ਚ ਪੂਰੀ ਮਦਦ ਕਰਦੀਆਂ ਹਨ ਤੇ ਉਹ ਆਟਾ ਪੀਸ ਕੇ ਤੇ ਰੋਟੀਆਂ ਬਣਾ ਕੇ ਤਿਆਰ ਕਰਦੀਆਂ ਹਨ। ਉਹ ਆਪ ਆਪਣਾ ਗੁਜ਼ਾਰਾ ਬੜੇ ਸਰਫੇ ਨਾਲ ਕਰਦਾ ਹੈ ਤੇ ਘਰ ਦਾ ਬੁਣਿਆ ਹੋਇਆ ਖੱਦਰ ਪਹਿਨਦਾ ਹੈ। ਉਹ ਜੋ ਵੱਧ ਤੋਂ ਵੱਧ ਬਚਾਉਂਦੇ ਹਨ, ਉਹ ਆਪਣੇ ਸਾਥੀ ਸਿੱਖਾਂ ਨੂੰ ਜੰਗਲ 'ਚ ਭੇਜੀ ਜਾਂਦੇ ਹਨ।

ਇਕ ਦਿਨ ਰਹੀਮ ਬਖ਼ਸ਼ ਮੁਸਲਮਾਨ ਜੋ ਮੱਛੀਆਂ ਫੜਨ ਦਾ ਕੰਮ ਕਰਦਾ ਸੀ, ਰਾਤ ਕੱਟਣ ਲਈ ਭਾਈ ਤਾਰੂ ਸਿੰਘ ਜੀ ਦੇ ਘਰ ਰੁਕਿਆ। ਉਸ ਨੇ ਸੌਣ ਤੋਂ ਪਹਿਲਾਂ ਭਾਈ ਤਾਰੂ ਸਿੰਘ ਨੂੰ ਦੱਸਿਆ ਕਿ, "ਪੱਟੀ ਦਾ ਕਮਾਂਡਰ ਧੱਕੇ ਨਾਲ ਉਸ ਦੀ ਲੜਕੀ ਉਠਾ ਕੇ ਲੈ ਗਿਆ ਹੈ। ਜਦੋਂ ਮੈਂ ਗਵਰਨਰ ਜ਼ਕਰੀਆ ਖਾਨ ਪਾਸ ਕਮਾਂਡਰ ਦੀ ਸ਼ਿਕਾਇਤ ਕੀਤੀ ਤਾਂ ਮੈਨੂੰ ਉਸ ਨੇ ਧੱਕੇ ਮਰਵਾ ਕੇ ਆਪਣੇ ਦਰਬਾਰ 'ਚੋਂ ਬਾਹਰ ਕਢਵਾ ਦਿੱਤਾ। ਗਰੀਬ ਆਦਮੀ ਦੀ ਇਸ ਜ਼ਾਲਮਾਨਾ ਰਾਜ 'ਚ ਕੋਈ ਸੁਣਵਾਈ ਨਹੀਂ ਹੈ। ਭਾਈ ਤਾਰੂ ਸਿੰਘ ਨੇ ਉਸ ਨੂੰ ਕਿਹਾ ਕਿ ''ਤੇਰੀ ਸ਼ਿਕਾਇਤ ਭਾਵੇਂ ਗਵਰਨਰ ਨੇ ਨਹੀਂ ਸੁਣੀ ਹੈ ਪਰ ਇਹ ਸ਼ਿਕਾਇਤ ਗੁਰੂ ਨਾਨਕ ਸੱਚੇ ਪਾਤਸ਼ਾਹ ਦੇ ਦਰਬਾਰ 'ਚ ਜ਼ਰੂਰ ਸੁਣੀ ਗਈ ਹੈ। ਤੇਰੀ ਲੜਕੀ ਕੁਝ ਦਿਨਾਂ ਦੇ ਅੰਦਰ-ਅੰਦਰ ਤੇਰੇ ਘਰ ਜ਼ਰੂਰ ਪਹੁੰਚ ਜਾਵੇਗੀ।

ਕੁਝ ਦਿਨਾਂ ਬਾਅਦ ਸਿੰਘਾਂ ਦਾ ਇਕ ਜਥਾ ਉਧਰ ਦੀ ਗੁਜ਼ਰ ਰਿਹਾ ਸੀ ਤੇ ਉਹ ਸਿੰਘ ਭਾਈ ਤਾਰੂ ਸਿੰਘ ਨੂੰ ਮਿਲੇ ਤੇ ਭਾਈ ਤਾਰੂ ਸਿੰਘ ਨੇ ਰਹੀਮ ਬਖ਼ਸ਼ ਦੀ ਸਾਰੀ ਦੁੱਖ ਭਰੀ ਕਹਾਣੀ ਸਿੰਘਾਂ ਨੂੰ ਸੁਣਾਈ। ਸਿੰਘਾਂ ਨੇ ਪੱਟੀ ਦੇ ਕਮਾਂਡਰ ਦੇ ਘਰ ਰਾਤ ਨੂੰ ਛਾਪਾ ਮਾਰਿਆ ਤੇ ਰਹੀਮ ਬਖ਼ਸ਼ ਦੀ ਲੜਕੀ ਕਮਾਂਡਰ ਦੇ ਘਰੋਂ ਬਰਾਮਦ ਕਰ ਲਈ ਤੇ ਰਹੀਮ ਬਖ਼ਸ਼ ਨੂੰ ਦੇ ਦਿੱਤੀ। ਇਸ ਹਮਲੇ 'ਚ ਪੱਟੀ ਦਾ ਕਮਾਂਡਰ ਮਾਰਿਆ ਗਿਆ। ਪੂਹਲਾ ਪਿੰਡ ਦੇ ਮੁਖੀਏ ਖੁਸ਼ਹਾਲੇ ਨੇ ਇਹ ਸਾਰੀ ਵਾਰਦਾਤ ਜ਼ਕਰੀਆ ਖਾਨ ਨੂੰ ਲਾਹੌਰ ਵਿਖੇ ਜਾ ਸੁਣਾਈ। ਜ਼ਕਰੀਆ ਖਾਨ ਨੇ ਆਪਣੇ ਫੌਜੀਆਂ ਨੂੰ ਭੇਜਿਆ ਕਿ ਭਾਈ ਤਾਰੂ ਸਿੰਘ ਜੀ ਤੇ ਉਸ ਦੀ ਭੈਣ ਬੀਬੀ ਤਾਰ ਕੌਰ (ਤਾਰੋ) ਨੂੰ ਗ੍ਰਿਫ਼ਤਾਰ ਕਰਕੇ ਮੇਰੇ ਸਾਹਮਣੇ ਪੇਸ਼ ਕੀਤਾ ਜਾਵੇ। ਫੌਜੀ ਭਾਈ ਤਾਰੂ ਸਿੰਘ ਜੀ ਦੇ ਘਰ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਪਹੁੰਚ ਗਏ। ਭਾਈ ਤਾਰੂ ਸਿੰਘ ਨੇ ਪਹਿਲਾਂ ਫੌਜੀਆਂ ਨੂੰ ਪ੍ਰਸ਼ਾਦਾ ਛਕਣ ਲਈ ਕਿਹਾ ਕਿ ਉਹ ਪ੍ਰਸ਼ਾਦਾ ਜ਼ਰੂਰ ਛਕਣ ਕਿਉਂਕਿ ਇਹ ਗੁਰੂ ਕਾ ਲੰਗਰ ਹੈ ਤੇ ਉਸ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕਰ ਲੈਣ ਤੇ ਮੈਂ ਤੁਹਾਡੇ ਨਾਲ ਚਲਾ ਜਾਵਾਂਗਾ। ਫੌਜੀ ਭਾਈ ਤਾਰੂ ਸਿੰਘ ਦੀ ਗੱਲ ਮੰਨ ਗਏ ਤੇ ਉਨ੍ਹਾਂ ਨੇ ਪ੍ਰਸ਼ਾਦ ਛਕ ਲਿਆ ਤੇ ਭਾਈ ਤਾਰੂ ਸਿੰਘ ਤੇ ਉਸ ਦੀ ਭੈਣ ਬੀਬੀ ਤਾਰ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਲਾਹੌਰ ਜ਼ਕਰੀਆ ਖਾਨ ਦੇ ਦਰਬਾਰ 'ਚ ਪੇਸ਼ ਕਰ ਦਿੱਤਾ।

ਭਾਈ ਤਾਰੂ ਸਿੰਘ ਤੇ ਉਸ ਦੀ ਭੈਣ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੂਹਲਾ ਪਿੰਡ ਦੇ ਵਾਸੀ ਇਕੱਠੇ ਹੋ ਕੇ ਲਹੌਰ ਜ਼ਕਰੀਆ ਖਾਨ ਦੇ ਦਰਬਾਰ 'ਚ ਪਹੁੰਚ ਗਏ ਕਿ ਇਨ੍ਹਾਂ ਨੂੰ ਛੁਡਾ ਲਿਆ ਜਾਵੇ। ਬੀਬੀ ਤਾਰ ਕੌਰ ਇਕ ਔਰਤ ਹੋਣ ਕਰਕੇ ਪਿੰਡ ਵਾਸੀਆਂ ਨੇ ਇਕ ਮੁਆਫੀਨਾਮਾ ਲਿਖਿਆ ਤੇ ਬੀਬੀ ਤਾਰ ਕੌਰ ਨੂੰ ਛੁਡਵਾ ਲਿਆ ਪਰ ਭਾਈ ਤਾਰੂ ਸਿੰਘ ਜੀ ਨੇ ਮੁਆਫੀਨਾਮਾ ਲਿਖਣ ਤੋਂ ਇਨਕਾਰ ਕਰ ਦਿੱਤਾ।

ਗਵਰਨਰ ਜ਼ਕਰੀਆ ਖਾਨ ਨੂੰ ਉਮੀਦ ਸੀ ਕਿ ਭਾਈ ਤਾਰੂ ਸਿੰਘ ਜੀ ਨੂੰ ਡਰਾ ਧਮਕਾ ਕੇ ਦੂਸਰੇ ਹੋਰ ਬਾਗੀ-ਕ੍ਰਾਂਤੀਕਾਰੀ ਸਿੰਘਾਂ ਦੇ ਠਿਕਾਣਿਆਂ ਦਾ ਪਤਾ ਲਗਾ ਲਿਆ ਜਾਵੇਗਾ ਤੇ ਉਹ ਡਰਦਾ ਮੁਸਲਮਾਨ ਬਣ ਜਾਵੇਗਾ। ਗਵਰਨਰ ਨੇ ਭਾਈ ਤਾਰੂ ਸਿੰਘ ਨੂੰ ਕਿਹਾ ਕਿ, "ਤੇਰੇ ਸਾਰੇ ਗੁਨਾਹ ਮੁਆਫ਼ ਕਰ ਦਿੱਤੇ ਜਾਣਗੇ ਜੇਕਰ ਤੂੰ ਮੁਸਲਮਾਨ ਬਣ ਜਾਏਂਗਾ, ਨਹੀਂ ਤਾਂ, ਤੂੰ ਮੈਨੂੰ ਆਪਣੇ ਲੰਬੇ ਕੇਸ ਕੱਟ ਕੇ ਦੇ-ਦੇ ਤਾਂ ਕਿ ਮੈਂ ਇਸ ਦੀ ਰੱਸੀ ਬਣਾ ਕੇ ਆਪਣਾ ਮੰਜਾ ਬੁਣ ਸਕਾਂ।'' ਭਾਈ ਤਾਰੂ ਸਿੰਘ ਜੀ ਨੇ ਉੱਤਰ ਦਿੱਤਾ, "ਮੇਰਾ ਇਨ੍ਹਾਂ ਕੇਸਾਂ 'ਚ ਪੂਰੀ ਸਿੱਖੀ ਸਿਦਕੀ ਦਾ ਵਿਸ਼ਵਾਸ ਹੈ ਤੇ ਤੇਰੇ 'ਤੇ ਮੈਂ ਆਪਣੀ ਜੁੱਤੀ ਨਾਲ ਕਾਬੂ ਪਾ ਲਵਾਂਗਾ ਤੇ ਇਸ ਨਾਲ ਤੂੰ ਮਰ ਜਾਏਂਗਾ।''

ਇਹ ਸੁਣਕੇ ਜ਼ਕਰੀਆ ਖਾਨ ਗੁੱਸੇ 'ਚ ਆ ਗਿਆ ਤੇ ਉਸਨੇ ਕਿਹਾ ਕਿ, "ਇਸ ਨੂੰ ਘੁੰਮਦੀ ਹੋਈ ਚਰਖੜੀ 'ਤੇ ਚਾੜ੍ਹ ਕੇ ਤੇ ਬੰਨ੍ਹ ਕੇ, ਪਟਕਾ-ਪਟਕਾ ਕੇ ਜ਼ਮੀਨ ਤੇ ਮਾਰ-ਮਾਰ ਕੇ ਸਜ਼ਾ ਦਿੱਤੀ ਜਾਵੇ ਤੇ ਉਸ ਤੋਂ ਬਾਅਦ ਤਿੱਖੇ ਹਥਿਆਰ ਨਾਲ, ਇਸ ਦੀ ਖੋਪਰੀ ਵਾਲਾਂ ਸਮੇਤ ਉਤਾਰ ਦਿੱਤੀ ਜਾਵੇ ਤਾਂ ਕਿ ਜਿਨ੍ਹਾਂ ਕੇਸਾਂ ਤੇ ਇਹ ਇਤਨਾ ਮਾਣ ਕਰਦਾ ਹੈ ਉਹ ਸਿਰ 'ਤੇ ਰਹਿਣ ਹੀ ਨਾ ਦਿੱਤੇ ਜਾਣ ਤੇ ਇਸ ਤੋਂ ਬਾਅਦ ਇਸ ਨੂੰ ਜੇਲ੍ਹ ਦੀ ਕਾਲ ਕੋਠੜੀ 'ਚ ਸੁੱਟ ਦਿੱਤਾ ਜਾਵੇ ਤਾਂ ਜੋ ਇਹ ਹੌਲੀ-ਹੌਲੀ ਤੜਫਦਾ ਹੋਇਆ ਮਰ ਜਾਵੇ।

ਇਸ ਤੋਂ ਬਾਅਦ ਜਲਾਦ ਨੇ ਇੰਝ ਹੀ ਕੀਤਾ ਤੇ ਭਾਈ ਤਾਰੂ ਸਿੰਘ ਜੀ ਦੀ ਖੋਪੜੀ ਰੰਬੀ ਨਾਲ ਉਤਾਰਨ ਲੱਗ ਪਿਆ ਤੇ ਭਾਈ ਤਾਰੂ ਸਿੰਘ ਜੀ 'ਜਪੁਜੀ ਸਾਹਿਬ' ਦਾ ਪਾਠ ਕਰਦੇ ਰਹੇ। ਜਲਾਦ ਨੇ ਖੋਪੜੀ ਉਤਾਰ ਕੇ ਭਾਈ ਤਾਰੂ ਸਿੰਘ ਜੀ ਨੂੰ ਲਹੂ-ਲੁਹਾਣ ਕਰ ਦਿੱਤਾ ਤੇ ਇਸੇ ਤਰ੍ਹਾਂ ਜ਼ਖਮੀ ਹੋਏ ਤਾਰੂ ਸਿੰਘ ਨੂੰ ਜੇਲ੍ਹ ਦੀ ਕਾਲ ਕੋਠੜੀ 'ਚ ਬੰਦ ਕਰ ਦਿੱਤਾ।



ਉਸੇ ਦਿਨ ਸ਼ਾਮ ਨੂੰ ਗਵਰਨਰ ਜ਼ਕਰੀਆ ਖਾਨ ਦਾ ਪਿਸ਼ਾਬ ਬੰਦ ਹੋ ਗਿਆ ਤੇ ਉਹ ਭਿਆਨਕ ਦਰਦ ਨਾਲ ਤੜਫਣ ਲੱਗਾ। ਵੈਦਾਂ-ਹਕੀਮਾਂ ਨੇ ਬੜਾ ਓਹੜ-ਪੋਹੜ ਕੀਤਾ ਪਰ ਪਿਸ਼ਾਬ ਦਾ ਬੰਨ੍ਹ ਨਾ ਟੁੱਟਿਆ, ਸਗੋਂ ਦਰਦ ਹੋਰ ਵਧਦੀ ਗਈ। ਜ਼ਕਰੀਆ ਖਾਨ ਦੇ ਸਲਾਹਕਾਰਾਂ ਨੇ ਉਸ ਨੂੰ ਕਿਹਾ ਕਿ ਇਹ ਭਾਈ ਤਾਰੂ ਸਿੰਘ ਜੀ ਨਾਲ ਕੀਤੀ ਗਈ ਜ਼ਾਲਮਾਨਾ ਕਾਰਵਾਈ ਦਾ ਹੀ ਨਤੀਜਾ ਹੋ ਸਕਦਾ ਹੈ। ਇਸ ਲਈ ਹੋ ਸਕੇ ਤਾਂ ਭਾਈ ਤਾਰੂ ਸਿੰਘ ਜੀ ਤੇ ਸਿੱਖ-ਪੰਥ ਕੋਲੋਂ ਮੁਆਫ਼ੀ ਮੰਗ ਲਈ ਜਾਵੇ। ਜ਼ਕਰੀਆ ਖਾਨ ਇਸ ਗੱਲ ਲਈ ਮੰਨ ਗਿਆ ਤੇ ਉਸ ਨੇ ਭਾਈ ਸੁਬੇਗ ਸਿੰਘ ਨੂੰ ਭਾਈ ਤਾਰੂ ਸਿੰਘ ਜੀ ਪਾਸ ਭੇਜਿਆ ਕਿ ਉਹ ਗਵਰਨਰ ਜ਼ਕਰੀਆ ਖਾਨ ਨੂੰ ਮੁਆਫ਼ ਕਰ ਦੇਵੇ ਕਿਉਂਕਿ ਉਸ ਨੇ ਤੁਹਾਡੇ 'ਤੇ ਬਹੁਤ ਅੱਤਿਆਚਾਰ ਕੀਤੇ ਹਨ। ਭਾਈ ਤਾਰੂ ਸਿੰਘ ਜੀ ਨੇ ਇਸ ਗੱਲ ਦਾ ਫੈਸਲਾ ਕਰਨ ਲਈ, ਭਾਈ ਸੁਬੇਗ ਸਿੰਘ ਨੂੰ ਕਿਹਾ ਕਿ ਇਸ ਦਾ ਫੈਸਲਾ 'ਦਲ-ਖਾਲਸਾ' ਹੀ ਕਰੇਗਾ ਤੇ ਤੁਸੀਂ ਇਸ ਦੇ ਨੇਤਾ ਪਾਸ ਹੀ ਜਾਓ। ਸੁਬੇਗ ਸਿੰਘ ਜੀ ਦਲ-ਖਾਲਸਾ ਦੇ ਨੇਤਾ ਪਾਸ ਗਏ। ਨੇਤਾ ਨੇ ਕਿਹਾ, ਉਸ ਨੂੰ ਪਿਸ਼ਾਬ ਆ ਜਾਏਗਾ ਜੇਕਰ ਜ਼ਕਰੀਆ ਖਾਨ ਆਪਣੇ ਸਿਰ 'ਤੇ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਖਾਏ।''

'ਦਲ ਖਾਲਸਾ' ਦੇ ਨੇਤਾ ਦੇ ਕਹੇ ਗਏ ਸ਼ਬਦਾਂ ਦੀ ਪੂਰਤੀ ਕੀਤੀ ਗਈ। ਜਦੋਂ ਜ਼ਕਰੀਆ ਖਾਨ ਨੇ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਆਪਣੇ ਸਿਰ ਤੇ ਖਾਧੀ ਤਾਂ ਉਸ ਨੂੰ ਪਿਸ਼ਾਬ ਆ ਗਿਆ ਤੇ ਉਸ ਦੀ ਦਰਦ ਬੰਦ ਹੋ ਗਈ। ਗਵਰਨਰ ਜ਼ਕਰੀਆ ਖਾਨ ਭਾਈ ਤਾਰੂ ਸਿੰਘ ਜੀ ਦੀ ਆਪਣੇ ਸਿਰ 'ਤੇ ਜੁੱਤੀ ਖਾਣ ਉਪਰੰਤ ਬਹੁਤ ਭਾਵੁਕ ਹੋ ਗਿਆ ਤੇ ਅੰਦਰੋ-ਅੰਦਰ ਹੀ ਇਸ ਤਰ੍ਹਾਂ ਹੋਈ ਬੇਇੱਜ਼ਤੀ ਮਹਿਸੂਸ ਕਰਨ ਲੱਗਾ ਤੇ ਉਸ ਦੀ ਮਾਨਸਿਕਤਾ ਤੇ ਬੜਾ ਗਹਿਰਾ ਪ੍ਰਭਾਵ ਪਿਆ ਤੇ ਇਸ ਬੇਇੱਜ਼ਤੀ ਨੂੰ ਨਾ ਸਹਾਰਦਾ ਹੋਇਆ, ਚਿੰਤਾ ਫਿਕਰ 'ਚ ਹੀ ਇਸ ਸੰਸਾਰ ਤੋਂ 30 ਜੂਨ 1745 ਨੂੰ ਕੂਚ ਕਰ ਗਿਆ। ਭਾਈ ਤਾਰੂ ਸਿੰਘ ਜੀ ਵੀ, ਆਪਣੀ ਖੋਪਰੀ ਉਤਰਨ ਤੋਂ 22 ਦਿਨਾਂ ਤੱਕ ਜਿੰਦਾ ਰਹੇ ਤੇ ਜ਼ਕਰੀਆ ਖਾਨ ਦੀ ਮੌਤ ਦੀ ਖ਼ਬਰ ਸੁਣ ਕੇ, ਪਹਿਲੀ ਜੁਲਾਈ 1745 ਨੂੰ ਆਪਣੇ ਪ੍ਰਾਣ ਤਿਆਗ ਕੇ ਸ਼ਹੀਦ ਹੋ ਗਏ।ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਉਸ ਸਮੇਂ ਉਮਰ ਸਿਰਫ 25 ਸਾਲ ਸੀ। ਉਸਦੀ ਮ੍ਰਿਤਕ ਦੇਹ ਦਾ ਸੰਸਕਾਰ ਕਰਨ ਸਮੇਂ 'ਸ੍ਰੀ ਦਰਬਾਰ ਸਾਹਿਬ' ਦੇ ਪਵਿੱਤਰ ਸਰੋਵਰ 'ਚੋਂ ਜਲ ਲਿਆਂਦਾ ਗਿਆ ਤੇ ਉਨ੍ਹਾਂ ਦੇ ਦੇਹ ਤੇ ਇਸ ਜਲ ਦਾ ਛਿੱਟਾ ਦੇ ਕੇ, ਲਾਹੌਰ ਦੇ ਦਿੱਲੀ ਗੇਟ ਦੇ ਬਾਹਰ ਉਨ੍ਹਾਂ ਦਾ ਸੰਸਕਾਰ ਕਰ ਦਿੱਤਾ ਗਿਆ।

1762 'ਚ ਭੰਗੀ ਸਿੱਖ ਸਰਦਾਰਾਂ ਨੇ ਲਾਹੌਰ ਜਿੱਤ ਲਿਆ ਤੇ ਜਿੱਥੇ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰੀ ਗਈ ਸੀ, ਉਸ ਜਗ੍ਹਾ ਨੂੰ ਆਪਣੇ ਕਬਜ਼ੇ 'ਚ ਕਰ ਲਿਆ ਤੇ ਨਾਲ ਲੱਗਦੀ ਅਬਦੁਲਾ ਖਾਨ ਦੀ ਮਸੀਤ 'ਤੇ ਵੀ ਕਬਜ਼ਾ ਕਰ ਲਿਆ ਤੇ ਇਸ ਸਾਰੀ ਜਗ੍ਹਾ 'ਤੇ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਯਾਦ 'ਚ ਗੁਰਦੁਆਰਾ ਬਣਾ ਦਿੱਤਾ।

ਇਸ ਨੂੰ ਅੱਜਕਲ੍ਹ 'ਗੁਰਦੁਆਰਾ ਸ਼ਹੀਦ ਗੰਜ' ਕਹਿੰਦੇ ਹਨ ਤੇ ਇਹ ਲਾਹੌਰ ਦੇ ਨੌਲੱਖਾ ਬਾਜ਼ਾਰ 'ਚ ਸਥਿਤ ਹੈ। ਇਹ ਗੁਰਦੁਆਰਾ ਸਿੱਖਾਂ ਲਈ ਇਕ ਪੂਜਣਯੋਗ ਤੇ ਪ੍ਰੇਰਨਾਯੋਗ ਸਥਾਨ ਬਣ ਗਿਆ ਹੈ ਕਿ ਸਿੱਖੀ ਸਿਦਕ ਕਿਸ ਤਰ੍ਹਾਂ ਨਿਭਾਈਦਾ ਹੈ ਤੇ ਗੁਰੂ ਸਾਹਿਬ ਵੱਲੋਂ ਬਖ਼ਸ਼ੇ ਗਏ ਪਵਿੱਤਰ ਕੇਸਾਂ ਦੀ ਕੀਮਤ ਕੀ ਹੁੰਦੀ ਹੈ।

ਲੁਧਿਆਣਾ ਸ਼ਹਿਰ 'ਚ ਵੀ ਸ਼ਹੀਦ ਭਾਈ ਤਾਰੂ ਸਿੰਘ ਜੀ ਤੇ ਇਸ ਤਰ੍ਹਾਂ ਦੇ ਹੋਰ ਮਹਾਨ ਸਿੱਖ ਸ਼ਹੀਦਾਂ ਦੀ ਯਾਦ 'ਚ ਇਕ ਗੁਰਦੁਆਰਾ ਬਣਾਇਆ ਗਿਆ ਹੈ, ਜਿੱਥੇ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਸਾਰੀ ਜੀਵਨੀ ਚਿੱਤਰਾਂ ਦੁਆਰਾ ਦਰਸਾਈ ਗਈ ਹੈ ਤਾਂ ਕਿ ਆਉਣ ਵਾਲੀਆਂ ਨਸਲਾਂ ਅਜਿਹੇ ਸੂਰਬੀਰ ਸਿੰਘ ਯੋਧਿਆਂ ਦੀਆਂ ਕੁਰਬਾਨੀਆਂ ਤੇ ਸ਼ਹੀਦੀਆਂ ਤੋਂ ਪ੍ਰੇਰਨਾ ਲੈ ਸਕਣ। ਸ਼ਹੀਦ ਭਾਈ ਤਾਰੂ ਸਿੰਘ ਜੀ ਨੇ ਆਪਣੀ ਸ਼ਹਾਦਤ ਦੇ ਕੇ ਇਹ ਸਾਬਤ ਕਰ ਦਿੱਤਾ ਕਿ ਸਿੱਖ ਸਿੱਖੀ-ਸਿਦਕ ਦੇ ਕਿੰਨੇ ਪੂਰੇ ਹਨ ਤੇ ਕਿਸੇ ਵੀ ਜ਼ਾਲਮ ਸਰਕਾਰ ਦੇ ਅੱਤਿਆਚਾਰਾਂ ਤੇ ਮੌਤ ਤੋਂ ਡਰਦੇ ਨਹੀਂ ਹਨ।

# ਡੇਟਨ ਦੇ ਸਿੱਖ ਭਾਈਚਾਰੇ ਨੇ ਅਮਰੀਕਾ ਦੇ 246 ਵੇਂ ਆਜ਼ਾਦੀ ਦਿਹਾੜੇ ਦੇ ਜਸ਼ਨਾਂ ਵਿੱਚ ਵੱਧ ਚੜ੍ਹਕੇ ਹਿੱਸਾ ਲਿਆ

## ਮੋਸਟ ਪੈਟਰੀ ਓਟ ਦਾ ਪੁਰਸਕਾਰ ਸਿੱਖ ਸੁਸਾਇਟੀ ਆਫ਼ ਡੇਟਨ ਨੇ ਪ੍ਰਾਪਤ ਕੀਤਾ , ਸਿੱਖਾਂ ਦੀ ਨਵੇਕਲੀ ਪਛਾਣ ਪਰੇਡ ਵਿਚ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ











**ਡੇਟਨ, (ਅਮਰੀਕਾ):** ਅਮਰੀਕਾ ਵਿਚ ਹਰ ਸਾਲ 4 ਜੁਲਾਈ ਦਾ ਦਿਨ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਦਿਨ 1776 ਵਿੱਚ ਅਮਰੀਕਾ ਨੇ ਬਰਤਾਨੀਆ ਤੋਂ ਆਜ਼ਾਦੀ ਪ੍ਰਾਪਤ ਕੀਤੀ ਸੀ । ਇਸ ਦਿਨ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਪਰੇਡ ਕੱਢੀ ਜਾਂਦੀ ਹੈ, ਜਿਸ ਵਿੱਚ ਸਮਾਜ ਸੇਵੀ ਸੰਸਥਾਵਾਂ, ਵੱਖ ਵੱਖ ਵਿਭਾਗ, ਵਪਾਰਕ ਅਤੇ ਹੋਰ ਅਦਾਰਿਆਂ ਵੱਲੋਂ ਝਾਕੀਆਂ ਕੱਢੀਆਂ ਜਾਂਦੀਆਂ ਹਨ । ਵਿੱਦਿਅਕ ਅਦਾਰਿਆਂ ਦੇ ਬੈਂਡ ਭਾਗ ਲੈਂਦੇ ਹਨ।

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਹ ਦਿਹਾੜਾ ਓਹਾਇਓ ਸੂਬੇ ਵਿੱਚ ਹਵਾਈ ਜਹਾਜ਼ ਦੀ ਜਨਮ ਭੂਮੀ ਵਜੋਂ ਜਾਣੇ ਜਾਂਦੇ ਪ੍ਰਸਿੱਧ ਗ੍ਰੇਟਰ ਡੇਟਨ ਦੇ ਸ਼ਹਿਰ ਬੀਵਰਕਰੀਕ ਵਿੱਚ ਬੜੇ ਉਤਸ਼ਾਹ ਨਾਲ ਮਨਾਇਆ ਗਿਆ । ਸਿੱਖ ਭਾਈਚਾਰੇ ਨੇ ਵੀ ਇਨ੍ਹਾਂ ਜਸ਼ਨਾਂ ਵਿਚ ਵੱਧ ਚੜ੍ਹਕੇ ਭਾਗ ਲਿਆ ਤੇ ਸਿੱਖ ਸੁਸਾਇਟੀ ਆਫ਼ ਡੇਟਨ ਨੇ ਮੋਸਟ ਪੈਟਰੀਓਟ ਦਾ ਪੁਰਸਕਾਰ ਜਿੱਤਿਆ। ਇਹ ਪੁਰਸਕਾਰ ਬੀਵਰਕਰੀਕ ਦੀ ਮਿਉਂਸਿਪਲ ਗਵਰਨਮੈਂਟ ਵੱਲੋ ਦਿੱਤਾ ਜਾਂਦਾ ਹੈ । ਇਹ ਪੁਰਸਕਾਰ ਸ. ਅਵਤਾਰ ਸਿੰਘ ਸਪਰਿੰਗਫੀਲਡ ਨੇ ਮੇਅਰ ਬੌਬ ਸਟੋਨ ਤੇ ਵਾਇਸ ਮੇਅਰ ਜੋਨਾ ਗਰਸ਼ੀਆ ਪਾਸੋਂ ਪ੍ਰਾਪਤ ਕੀਤਾ। ਇਸ ਪ੍ਰੇਡ ਵਿਚ ਵੀ ਸਥਾਨਕ ਸਮਾਜ ਸੇਵੀ ਸੰਸਥਾਵਾਂ, ਵੱਖ ਵੱਖ ਵਿਭਾਗ, ਵਪਾਰਕ ਅਤੇ ਹੋਰ ਅਦਾਰਿਆਂ ਵੱਲੋਂ ਝਾਕੀਆਂ ਕੱਢੀਆਂ ਗਈਆਂ ਤੇ ਵਿੱਦਿਅਕ ਅਦਾਰਿਆਂ ਦੇ ਬੈਂਡਾਂ ਨੇ ਭਾਗ ਲਿਆ।

ਪਰੇਡ ਦੀ ਸ਼ੁਰੂਆਤ ਬੀਵਰਕਰੀਕ ਪੁਲੀਸ ਅਤੇ ਸਮੁੰਦਰੀ ਫ਼ੌਜ਼ ਵੱਲੋਂ ਕੀਤੀ ਗਈ। ਅਮਰੀਕੀ ਝੰਡਿਆਂ, ਬੈਨਰਾਂ, ਪੋਸਟਰਾਂ ਨਾਲ ਸਜਾਈ ਗਈ ਸਿੱਖ ਝਾਕੀ ਦਾ ਸੜਕਾਂ ਕੰਢੇ ਪ੍ਰਵਾਰਾਂ ਸਮੇਤ ਬੈਠੇ ਹਜ਼ਾਰਾਂ ਦਰਸ਼ਕਾਂ ਨੇ ਭਰਵਾਂ ਸੁਆਗਤ ਕੀਤਾ। ਫਲੋਟ ਉਪਰ ਲਗਾਏ ਬੈਨਰਾਂ ਰਾਹੀਂ ਸਿੱਖਾਂ ਦੀ ਤਰਫੋਂ ਸਭ ਨੂੰ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ ਗਈ ਸੀ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਹੈਪੀ ਫੋਰਥ ਜੁਲਾਈ, ਹੈਪੀ ਇੰਡੀਪੈਂਨਡੈਂਨਸ ਡੇਅ ਕਹਿ ਕੇ ਸੁਆਗਤ ਕਰ ਰਹੇ ਸਨ।ਸਿੱਖਾਂ ਦੀ ਨਵੇਕਲੀ ਪਛਾਣ ਵੀ ਪਰੇਡ ਵਿਚ ਵਿਸ਼ੇਸ਼ ਖਿਚ ਦਾ ਕੇਂਦਰ ਰਹੀ ਅਤੇ ਕਈਆਂ ਨੇ ਇਸ ਬਾਰੇ ਜਾਣਕਾਈ ਲੈਣ ਵਿਚ ਦਿਲਚਸਪੀ ਦਿਖਾਈ।

ਸਿੱਖਾਂ ਬਾਰੇ ਜਾਣਕਾਰੀ ਵਧਾਉਣ ਲਈ ਲਿਟਰੇਚਰ ਵੀ ਵੰਡਿਆ ਗਿਆ। ਅਮਰੀਕਾ ਵਿੱਚ ਨਿਕਲਦੀਆਂ ਪਰੇਡਾਂ ਵਿਚ ਸਿੱਖ ਭਾਈਚਾਰੇ ਅਤੇ ਸੰਸਥਾਵਾਂ ਨੂੰ ਵੱਖ-ਵੱਖ ਦਿਵਸਾਂ ਨਾਲ ਸੰਬੰਧਤ ਫਲੋਟ ਤਿਆਰ ਕਰਕੇ ਸ਼ਮੂਲੀਅਤ ਕਰਨੀ ਚਾਹੀਦੀ ਹੈ। ਇਸ ਨਾਲ ਅਮਰੀਕੀ ਲੋਕਾਂ ਨੂੰ ਸਿੱਖਾਂ ਬਾਰੇ ਅਤੇ ਉਨ੍ਹਾਂ ਵਲੋਂ ਵੱਖ-ਵੱਖ ਖੇਤਰਾਂ ਵਿਚ ਪਾਏ ਯੋਗਦਾਨ ਬਾਰੇ ਵੀ ਜਾਣੂ ਕਰਾਇਆ ਜਾ ਸਕਦਾ ਹੈ।

ਠੰਡੇ ਪਾਣੀ ਦੀਆਂ ਬੋਤਲਾਂ ਨਾਲ ਲੋਕਾਂ ਦੀ ਸੇਵਾ ਕੀਤੀ ਗਈ। ਸ਼ਹਿਰ ਦੇ ਪਤਵੰਤੇ ਸੱਜਣ ਸਿੱਖਾਂ ਦੀ ਸੇਵਾ ਭਾਵਨਾ ਦੇਖ ਕੇ ਬਹੁਤ ਖੁਸ਼ ਹੋਏ।

ਅਮਰੀਕੀ ਝੰਡਿਆਂ ਦਾ ਇੱਥੇ ਬਹੁਤ ਸਤਿਕਾਰ ਕੀਤਾ ਜਾਂਦਾ ਹੈ। ਹਰ ਅਦਾਰੇ ਅੰਦਰ ਭਾਵੇਂ ਕਿ ਉਹ ਧਾਰਮਿਕ ਸਥਾਨ ਹੀ ਹੋਏ, ਅਮਰੀਕੀ ਝੰਡਾ ਝੂਲਦਾ ਨਜ਼ਰ ਆਵੇਗਾ। ਪ੍ਰੇਡ ਸਮੇਂ ਵੀ ਹਰ ਵਿਅਕਤੀ ਦੇ ਹੱਥ ਵਿੱਚ ਝੰਡਾ ਲਹਿਰਾ ਰਿਹਾ ਸੀ ਅਤੇ ਮੇਲੇ ਵਰਗਾ ਮਾਹੌਲ ਸੀ। ਇਸ ਮੌਕੇ ਏ.ਐਂਡ.ਏ. ਫੋਟੋਗ੍ਰਾਫੀ ਤੋਂ ਸੁਨੀਲ ਮੱਲੀ ਨੇ ਇਹਨਾਂ ਯਾਦਗਾਰੀ ਪਲਾਂ ਨੂੰ ਕੈਮਰਾਬੰਦ ਕਰਨ ਦੀ ਸੇਵਾ ਨਿਭਾਈ। ਸਿਨਸਿਨਾਇਟੀ ਤੋਂ ਵੀ ਬਹੁਤ ਦਰਸ਼ਕ ਆਏ।

ਕਮਿਊਨਿਟੀ ਦੀਆਂ ਭੈਣਾਂ ਅਤੇ ਬੱਚਿਆਂ ਨੇ ਵੀ ਵੱਧ ਚੜ ਕੇ ਹਿੱਸਾ ਲਿਆ। ਪਰੇਡ ਵਿੱਚ ਲੇਡੀਜ਼ ਦਾ ਕੰਮ ਸ਼ਲਾਘਾਯੋਗ ਰਿਹਾ। ਰਾਤ ਦੇ ਖਾਣੇ ਦਾ ਪ੍ਰਬੰਧ ਮਹਾਰਾਜੇ ਦੇ ਰੈਸਟੋਰੈਂਟ ਵਿੱਚ ਸੀ। ਦਰਸ਼ਕਾਂ ਨੇ ਖਾਣੇ ਦਾ ਖੂਬ ਆਨੰਦ ਮਾਣਿਆ। ਹਰਸ਼ਦੀਪ ਸਿੰਘ ਅਤੇ ਹਰਰੂਪ ਸਿੰਘ ਨੇ ਸਿੱਖ ਸਾਹਿਤ ਵੰਡਣ ਦੀ ਸੇਵਾ ਨਿਭਾਈ।ਸ. ਸਰਤਾਜ ਸਿੰਘ ਸਿੱਧੂ ਦੀ ਟੀਮ ਨੇ ਠੰਡੇ ਜਲ ਦੀਆਂ ਬੋਤਲਾਂ ਵੰਡਣ ਦੀ ਸੇਵਾ ਨਿਭਾਈ

**ਡਾ ਚਰਨਜੀਤ ਸਿੰਘ ਗੁਮਟਾਲਾ,**
1 9375739812




# ਬ੍ਰਿਟੇਨ ਨੂੰ 5 ਸਤੰਬਰ ਨੂੰ ਮਿਲ ਜਾਵੇਗਾ ਨਵਾਂ ਪ੍ਰਧਾਨ ਮੰਤਰੀ

ਲੰਡਨ- ਬ੍ਰਿਟੇਨ ਵਿਚ ਬੋਰਿਸ ਜੌਨਸਨ ਦੀ ਜਗ੍ਹਾ ਨਵੇਂ ਪ੍ਰਧਾਨ ਮੰਤਰੀ ਦੇ ਨਾਂ ਦਾ ਐਲਾਨ ਪੰਜ ਸਤੰਬਰ ਨੂੰ ਕੀਤਾ ਜਾਵੇਗਾ। ਕੰਜ਼ਰਵੇਟਿਵ ਪਾਰਟੀ ਦੇ ਨੇਤਾ ਦੀ ਚੋਣ ਕਰਨ ਵਾਲੀ ਸੰਸਦੀ ਕਮੇਟੀ ਨੇ ਇਸ ਦੀ ਜਾਣਕਾਰੀ ਦਿੱਤੀ।

ਕੰਜ਼ਰਵੇਟਿਵ ਬੈਕਬੈਂਚ ਸੰਸਦ ਮੈਂਬਰਾਂ ਦੀ 1922 ਕਮੇਟੀ ਨੇ ਸੋਮਵਾਰ ਨੂੰ ਪ੍ਰਧਾਨ ਮੰਤਰੀ ਦੀ ਚੋਣ ਲਈ ਸਮਾਂ ਸਾਰਣੀ ਅਤੇ ਨਿਯਮ ਤੈਅ ਕਰ ਦਿੱਤੇ। ਚੋਣ ਲਈ ਨਾਮਜ਼ਦਗੀ ਪ੍ਰਕਿਰਿਆ ਮੰਗਲਵਾਰ ਨੂੰ ਸ਼ੁਰੂ ਹੋ ਕੇ ਇਸੇ ਦਿਨ ਸਮਾਪਤ ਹੋ ਜਾਵੇਗੀ। ਨਾਮਜ਼ਦਗੀ ਲਈ ਘੱਟ ਤੋਂ ਘੱਟ 20 ਹੋਰ ਸੰਸਦ ਮੈਂਬਰਾਂ ਦਾ ਸਮਰਥਨ ਜ਼ਰੂਰੀ ਹੈ। ਪੀਐੱਮ ਅਹੁਦੇ ਲਈ ਹੁਣ ਤਕ 11 ਲੋਕ ਆਪਣੀ ਦਾਅਵੇਦਾਰੀ ਦਾ ਐਲਾਨ ਕਰ ਚੁੱਕੇ ਹਨ।


ਇਸ ਵਿਚ ਬੋਰਿਸ ਜੌਨਸਨ ਕੈਬਨਿਟ ਤੋਂ ਹਾਲ ਹੀ ਵਿਚ ਸਭ ਤੋਂ ਪਹਿਲਾਂ ਅਸਤੀਫ਼ਾ ਦੇਣ ਵਾਲੇ ਭਾਰਤੀ ਮੂਲ ਦੇ ਰਿਸ਼ੀ ਸੁਨਕ ਅਤੇ ਵਿਦੇਸ਼ ਮੰਤਰੀ ਲਿਜ਼ ਟਰਸ ਸ਼ਾਮਲ ਹਨ। 1922 ਕਮੇਟੀ ਦੇ ਪ੍ਰਧਾਨ ਗ੍ਰਾਹਮ ਬ੍ਰੈਡੀ ਨੇ ਕਿਹਾ, ਨਿਸ਼ਚਿਤ ਹੀ ਪੰਜ ਸਤੰਬਰ ਨੂੰ ਸਾਡੇ ਕੋਲ ਸਿੱਟਾ ਹੋਵੇਗਾ ਅਤੇ ਪਾਰਟੀ ਦੇ ਨਵੇਂ ਨੇਤਾ ਦਾ ਐਲਾਨ ਕਰ ਦਿੱਤਾ ਜਾਵੇਗਾ।

# ਰਾਸ਼ਟਰਪਤੀ ਚੋਣ 2022: ਚੋਣ ਸਮੱਗਰੀ ਸੁਰੱਖਿਅਤ ਢੰਗ ਨਾਲ ਪੰਜਾਬ ਪਹੁੰਚੀ

**ਚੰਡੀਗੜ੍ਹ –** ਪੰਜਾਬ ਦੇ ਮੁੱਖ ਚੋਣ ਅਫ਼ਸਰ (ਸੀਈ।ਓ) ਡਾ ਐਸ ਕਰੁਣਾ ਰਾਜੂ ਨੇ ਦੱਸਿਆ ਕਿ ਰਾਸ਼ਟਰਪਤੀ ਚੋਣ 2022 ਦੇ ਸੰਚਾਲਨ ਲਈ ਭਾਰਤੀ ਚੋਣ ਕਮਿਸ਼ਨ (ਈਸੀਆਈ) ਵੱਲੋਂ ਭੇਜੀ ਗਈ ਚੋਣ ਸਮੱਗਰੀ ਅੱਜ ਚੰਡੀਗੜ੍ਹ ਸਥਿਤ ਪੰਜਾਬ ਵਿਧਾਨ ਸਭਾ ਵਿਖੇ ਸੁਰੱਖਿਅਤ ਪਹੁੰਚ ਗਈ ਹੈ। ਰਾਸ਼ਟਰਪਤੀ ਚੋਣ 18 ਜੁਲਾਈ, 2022 ਨੂੰ ਹੋਣੀ ਹੈ। ਚੋਣ ਸਮੱਗਰੀ ਵਿੱਚ ਮਨੋਨੀਤ ਬੈਲਟ ਬਾਕਸ, ਬੈਲਟ ਪੇਪਰ, ਵਿਸ਼ੇਸ਼ ਪੈਨ ਅਤੇ ਹੋਰ ਸੀਲਬੰਦ ਚੋਣ ਸਮੱਗਰੀ ਸ਼ਾਮਲ ਹੈ ਜਿਸਨੂੰ ਚੰਡੀਗੜ੍ਹ ਹਵਾਈ ਅੱਡੇ ਤੋਂ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਪੰਜਾਬ ਵਿਧਾਨ ਸਭਾ ਵਿੱਚ ਲਿਆਂਦਾ ਗਿਆ।

ਸੀਈਓ ਡਾ। ਰਾਜੂ ਨੇ ਦੱਸਿਆ ਕਿ ਚੋਣ ਅਫ਼ਸਰ ਪੰਜਾਬ ਭਾਰਤ ਭੂਸ਼ਣ ਬਾਂਸਲ ਅਤੇ ਸੰਯੁਕਤ ਸਕੱਤਰ-ਕਮ-ਸਹਾਇਕ ਰਿਟਰਨਿੰਗ ਅਫ਼ਸਰ ਪੰਜਾਬ ਵਿਧਾਨ ਸਭਾ ਰਾਮ ਲੋਕ ਖਟਾਣਾ ਨੇ ਭਾਰਤੀ ਚੋਣ ਕਮਿਸ਼ਨ ਤੋਂ ਚੋਣ ਸਮੱਗਰੀ ਪ੍ਰਾਪਤ ਕਰਕੇ ਹਵਾਈ ਜਹਾਜ਼ ਰਾਹੀਂ ਪੰਜਾਬ ਲਿਆਂਦੀ ਹੈ।

ਉਨ੍ਹਾਂ ਦੱਸਿਆ ਕਿ ਚੋਣ ਸਮੱਗਰੀ ਨੂੰ ਸਕੱਤਰ ਵਿਧਾਨ ਸਭਾ ਸੁਰਿੰਦਰਪਾਲ ਸਿੰਘ ਦੀ ਦੇਖ-ਰੇਖ ਹੇਠ ਪੰਜਾਬ ਵਿਧਾਨ ਸਭਾ ਵਿਖੇ ਸਥਾਪਿਤ ਸਟਰਾਂਗ ਰੂਮ ਵਿੱਚ ਸਟੋਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਚੋਣ ਸਮੱਗਰੀ 24 ਘੰਟੇ ਸਖ਼ਤ ਨਿਗਰਾਨੀ ਹੇਠ ਰਹੇਗੀ।





Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html




My Struggle in Life:

Das Pawar, Ishwar: 9781682131558:

Amazon.com: Book

https://www.amazon.com/Struggle-Life-Ishwar-Das-Pawar/dp/1682131556


# ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਬਲਾਤਕਾਰ ਦੇ ਇੱਕ ਮਾਮਲੇ ਅਦਾਲਤ ਵਿੱਚ ਆਤਮ ਸਮਰਪਣ



ਹਰਦੀਪ ਸਿੰਘ ਚੁੰਬਰ
91-94636-01616

ਲੁਧਿਆਣਾ ਬਲਾਤਕਾਰ ਮਾਮਲੇ 'ਚ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਲੁਧਿਆਣਾ ਦੀ ਅਦਾਲਤ 'ਚ ਕੀਤਾ ਆਤਮ ਸਮਰਪਣ, 3 ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜਿਆ, ਸਵੇਰੇ 10|15 ਵਜੇ ਦੇ ਕਰੀਬ ਬੈਂਸ ਨੇ ਮੁਲਜ਼ਮ ਪਰਮਜੀਤ ਸਿੰਘ ਪੰਮਾ, ਜਸਬੀਰ ਕੌਰ, ਬਲਜਿੰਦਰ ਕੌਰ ਅਤੇ ਪਰਦੀਪ ਕੁਮਾਰ ਉਰਫ਼ ਗੋਗੀ ਸ਼ਰਮਾ ਸਮੇਤ ਜੁਡੀਸ਼ੀਅਲ ਮੈਜਿਸਟਰੇਟ ਹਰਸਿਮਰਨਜੀਤ ਕੌਰ ਦੀ ਅਦਾਲਤ ਵਿੱਚ ਆਤਮ ਸਮਰਪਣ ਕਰ ਦਿੱਤਾ।

ਲੋਕ ਇਨਸਾਫ਼ ਪਾਰਟੀ ਦੇ ਮੁਖੀ ਅਤੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਬਲਾਤਕਾਰ ਦੇ ਇੱਕ ਮਾਮਲੇ ਵਿੱਚ ਸੋਮਵਾਰ ਨੂੰ ਇੱਥੇ ਇੱਕ ਅਦਾਲਤ ਵਿੱਚ ਆਤਮ ਸਮਰਪਣ ਕਰ ਦਿੱਤਾ। 52 ਸਾਲਾ ਬੈਂਸ ਨੇ ਵਧੀਕ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਹਰਸਿਮਰਨਜੀਤ ਸਿੰਘ ਦੀ ਅਦਾਲਤ ਵਿੱਚ ਆਤਮ ਸਮਰਪਣ ਕਰ ਦਿੱਤਾ। ਅਦਾਲਤ ਨੇ ਸਾਬਕਾ ਵਿਧਾਇਕ ਨੂੰ ਤਿੰਨ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। ਸਵੇਰੇ 10|15 ਵਜੇ ਦੇ ਕਰੀਬ ਬੈਂਸ ਨੇ ਮੁਲਜ਼ਮ ਪਰਮਜੀਤ ਸਿੰਘ ਪੰਮਾ, ਜਸਬੀਰ ਕੌਰ, ਬਲਜਿੰਦਰ ਕੌਰ ਅਤੇ ਪਰਦੀਪ ਕੁਮਾਰ ਉਰਫ਼ ਗੋਗੀ ਸ਼ਰਮਾ ਸਮੇਤ ਅਦਾਲਤ ਵਿੱਚ ਆਤਮ ਸਮਰਪਣ ਕਰ ਦਿੱਤਾ।



ਅਦਾਲਤ ਨੇ ਹਾਲ ਹੀ ਵਿੱਚ ਬੈਂਸ ਦੀ ਜਾਇਦਾਦ ਕੁਰਕ ਕੀਤੀ ਸੀ। ਇਸ ਤੋਂ ਇਲਾਵਾ ਪਿੰਡ ਆਲਮਗੀਰ ਵਿਖੇ ਪਰਮਜੀਤ ਸਿੰਘ ਪੰਮਾ ਦੀ ਜਾਇਦਾਦ ਵੀ ਕੁਰਕ ਕੀਤੀ ਗਈ ਸੀ। ਉਸ ਨੂੰ ਹੋਰ ਮੁਲਜ਼ਮਾਂ ਸਮੇਤ 12 ਅਪਰੈਲ ਨੂੰ ਭਗੌੜਾ ਕਰਾਰ ਦਿੱਤਾ ਗਿਆ ਸੀ।ਉਸ ਦਿਨ ਵਧੀਕ ਸੈਸ਼ਨ ਜੱਜ ਰਸ਼ਮੀ ਸ਼ਰਮਾ ਦੀ ਅਦਾਲਤ ਨੇ ਉਸ ਦੀ ਜ਼ਮਾਨਤ ਪਟੀਸ਼ਨ ਵੀ ਖਾਰਜ ਕਰ ਦਿੱਤੀ ਸੀ। ਜਦੋਂ ਉਸ ਨੂੰ ਸੁਪਰੀਮ ਕੋਰਟ ਤੋਂ ਰਾਹਤ ਨਾ ਮਿਲੀ ਤਾਂ ਸਥਾਨਕ ਪੁਲੀਸ ਨੇ ਸਾਰੇ ਮੁਲਜ਼ਮਾਂ ਦੇ ਟਿਕਾਣਿਆਂ 'ਤੇ ਛਾਪੇਮਾਰੀ ਸ਼ੁਰੂ ਕਰ ਦਿੱਤੀ। ਜੁਲਾਈ 2021 ਵਿਚ ਸਥਾਨਕ ਅਦਾਲਤ ਦੇ ਹੁਕਮਾਂ 'ਤੇ ਉਸ ਦੇ ਖਿਲਾਫ ਐਫਆਈਆਰ ਦਰਜ ਕੀਤੀ ਗਈ ਸੀ। ਦਸੰਬਰ 2021 ਵਿਚ ਅਦਾਲਤ ਵਿਚ ਚਾਰ-ਜਸ਼ੀਟ ਦਾਇਰ ਕੀਤੀ ਗਈ ਸੀ। ਉਸ ਸਮੇਂ, ਕਿਸੇ ਵੀ ਦੋਸ਼ੀ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਸੀ।

ਸਥਾਨਕ ਪੁਲਿਸ ਨੇ ਹਾਲ ਹੀ ਵਿੱਚ ਇਸ ਮਾਮਲੇ ਵਿੱਚ ਉਸਦੇ ਭਰਾ ਕਰਮਜੀਤ ਸਿੰਘ ਬੈਂਸ ਅਤੇ ਪ੍ਰਾਪਰਟੀ ਡੀਲਰ ਸੁਖਚੈਨ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ ਅਤੇ ਉਹ ਨਿਆਂਇਕ ਹਿਰਾਸਤ ਵਿੱਚ ਹਨ। 16 ਨਵੰਬਰ 2020 ਨੂੰ ਔਰਤ ਨੇ ਲੁਧਿਆਣਾ ਦੇ ਪੁਲਿਸ ਕਮਿਸ਼ਨਰ ਨੂੰ ਵਿਧਾਇਕ ਬੈਂਸ, ਕਮਲਜੀਤ ਸਿੰਘ, ਬਲਜਿੰਦਰ ਕੌਰ, ਜਸਬੀਰ ਕੌਰ, ਸੁਖਚੈਨ ਸਿੰਘ, ਪਰਮਜੀਤ ਸਿੰਘ ਉਰਫ਼ ਪੰਮਾ ਅਤੇ ਗੋਗੀ ਸ਼ਰਮਾ ਖ਼ਿਲਾਫ਼ ਐਫਆਈਆਰ ਦਰਜ ਕਰਨ ਲਈ ਅਰਜ਼ੀ ਦਿੱਤੀ ਸੀ। ਉਹ ਐਫਆਈਆਰ ਦਰਜ ਕਰਨ ਦੀ ਮੰਗ ਨੂੰ ਲੈ ਕੇ ਕਮਿਸ਼ਨਰ ਦਫ਼ਤਰ ਦੇ ਬਾਹਰ ਲੰਮੇ ਸਮੇਂ ਤੱਕ ਧਰਨੇ 'ਤੇ ਬੈਠੀ ਰਹੀ।

**ਅਦਾਲਤ ਦੇ ਨਿਰਦੇਸ਼ ਤੋਂ ਬਾਅਦ ਜਾ ਕੇ ਹੋਈ ਸੀ ਐਫਆਈਆਰ ਦਰਜ**

ਗੁਰੂਆਂ ਪੀਰਾਂ ਦੀ ਧਰਤੀ ਜਿੱਥੇ ਨਾ ਜੁਲਮ ਕਰੋ ਨਾ ਹੀ ਜੁਲਮ ਸਹਿਣ ਕਰੋ ਦੀ ਸਿੱਖਿਆ ਦਸਵੇਂ ਗੁਰੂ ਨੇ ਆਪਣੇ ਪੂਰੇ ਪ੍ਰਵਾਰ ਨੂੰ ਕੁਰਬਾਨ ਕਰਕੇ ਦਿੱਤੀ। ਓਥੇ ਦੇ ਸਰਦਾਰ ਕਹਾਉਣ ਵਾਲੇ ਕਰਮਚਾਰੀ ਕਿਸੇ ਕਮਜੋਰ ਅਤੇ ਉਹ ਵੀ ਔਰਤ ਨੂੰ ਪੰਜਾਬ ਦੇ ਥਾਣਿਆਂ ਵਿੱਚੋ ਕਿਸੇ ਵੀ ਤਾਕਤਵਰ ਬੰਦੇ ਦੇ ਖਿਲਾਫ ਇਨਸਾਫ ਲੈਣ ਲਈ ਰਿਪੋਰਟ ਲਿਖਾਉਣਾ ਕਿੰਨਾ ਮੁਸ਼ਕਿਲ ਹੈ। ਓਹ ਕੋਮ ਜਿਹੜੀ ਮੁਗਲਾਂ ਦੁਆਰਾ ਹਿ-ਦੂਆਂ ਦੀਅਪਹਰਣ ਕੀਤੀਆਂ ਔਰਤਾਂ ਨੂੰ ਛੁਡਾਉਣ ਵਾਲੀ ਹੋਵੇ, ਉਹਨਾ ਦੇ ਉੱਤਰ ਅਧਿਕਾਰੀ ਨੋਜਵਾਨ ਇਨਸਾਫ ਲੈਣ ਆਈ ਔਰਤ ਦੀ ਸ਼ਿਕ-ਾਇਤ ਨਾ ਲਿਖਣ, ਔਰਤ ਨੂੰ ਸ਼ਿਕਾਇਤ ਲਿਖਾਉਣ ਲਈ ਅਦਾਲਤ ਤੋਂ ਹੁਕਮ ਲੈਣਾ ਪਵੇ। ਸ਼ਾਇਦ ਦੀਨ ਧਰਮ ਨੂੰ ਬਾਹਰ ਰੱਖਕੇ ਕਰਦੇ ਹਾਂ ਅਸੀਂ ਲੋਕ ਆਪਣੀ ਨੌਕਰੀਆਂ।

ਔਰਤ ਨੇ ਥਾਣੇ ਵਿੱਚ ਐਫਆਈਆਰ ਦਰਜ ਨਾ ਹੋਣ ਕਾਰਨ ਔਰਤ ਨੇ ਸਥਾਨਕ ਅਦਾਲਤ ਵਿੱਚ ਜਾ ਕੇ ਐ-ਫਆਈਆਰ ਦਰਜ ਕਰਨ ਦੇ ਨਿਰਦੇਸ਼ ਮੰਗੇ ਅਤੇ ਉਸ ਤੋਂ ਬਾਅਦ ਕੇਸ ਦਰਜ ਕੀਤਾ ਗਿਆ।ਅਦਾਲਤ ਦੇ ਹੁਕਮਾਂ ਅਨੁਸਾਰ ਕੇਸ ਸਿਮਰਜੀਤ ਬੈਂਸ, ਉਸ ਦੇ ਭਰਾਵਾਂ ਕਰਮਜੀਤ ਸਿੰਘ ਅਤੇ ਪਰਮਜੀਤ ਸਿੰਘ ਅਤੇ ਬਲਜਿੰਦਰ ਕੌਰ, ਸੁਖਚੈਨ ਸਿੰਘ, ਜਸਵੀਰ ਕੌਰ ਅਤੇ ਪਰਦੀਪ ਕੁਮਾਰ ਉਰਫ ਗੋਗੀ ਸਮੇਤ ਚਾਰ ਹੋਰਾਂ ਵਿਰੁੱਧ ਧਾਰਾ 376 (ਬਲਾਤਕਾਰ), 354 (ਔਰਤ ਨਾਲ ਕੁੱਟਮਾਰ ਜਾਂ ਅਪਰਾਧਿਕ ਜ਼ਬਰਦਸਤੀ) ਦੇ ਤਹਿਤ ਐਫ ਆਈ ਆਰ 10 ਜੁਲਾਈ, 2021 ਨੂੰ ਡਿਵੀਜ਼ਨ ਨੰਬਰ 6 ਥਾਣੇ ਵਿੱਚ ਆਈਪੀਸੀ ਦੀ ਧਾਰਾ 354ਏ (ਜਿਨਸੀ ਪਰੇਸ਼ਾਨੀ), 506 (ਅਪਰਾਧਿਕ ਧਮਕੀ) ਅਤੇ 120ਬੀ (ਸਾਜ਼ਿਸ਼) ਦਰਜ ਕਰਨ ਦੇ ਇਰਾਦੇ ਨਾਲ, ਪੁਲਿਸ ਨੇ ਮੁਲਜ਼ਮਾਂ ਦੀਆਂ ਜਾਇਦਾਦਾਂ ਨੂੰ ਵੀ ਕੁਰਕ ਕਰਨਾ ਸ਼ੁਰੂ ਕਰ ਦਿੱਤਾ ਹੈ।

ਸਵੇਰੇ 10|15 ਵਜੇ ਦੇ ਕਰੀਬ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਲੁਧਿਆਣਾ ਦੀ ਅਦਾਲਤ 'ਚ ਕੀਤਾ ਆਤਮ ਸਮਰਪਣ, 3 ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜਿਆ।

ਬੈਂਸ ਨੇ ਮੁਲਜ਼ਮ ਪਰਮਜੀਤ ਸਿੰਘ ਪੰਮਾ, ਜਸਬੀਰ ਕੌਰ, ਬਲਜਿੰਦਰ ਕੌਰ ਅਤੇ ਪਰਦੀਪ ਕੁਮਾਰ ਉਰਫ਼ ਗੋਗੀ ਸ਼ਰਮਾ ਸਮੇਤ ਜੁਡੀਸ਼ੀਅਲ ਮੈਜਿਸਟਰੇਟ ਹਰਸਿਮਰਨਜੀਤ ਕੌਰ ਦੀ ਅਦਾਲਤ ਵਿੱਚ ਆਤਮ ਸਮਰਪਣ ਕਰ ਦਿੱਤਾ।

# ਸਾਬਕਾ ਵਿਧਾਇਕ ਬੈਂਸ ਵਲੋਂ ਆਤਮ-ਸਮਰਪਣ: 'ਇਹ 'ਕਾਗਜੀ ਬਲਾਤਕਾਰ' ਹੈ'!

**ਲੁਧਿਆਣਾ-** ਸਾਬਕਾ ਵਿਧਾਇਕ ਸਿਮਰਜੀਤ ਬੈਂਸ ਨੇ ਬਲਾਤਕਾਰ ਮਾਮਲੇ 'ਚ ਸੋਮਵਾਰ ਨੂੰ ਅਦਾਲਤ 'ਚ ਆਤਮ ਸਮਰਪਣ ਕਰ ਦਿੱਤਾ। ਅਦਾਲਤ ਨੇ ਬੈਂਸ ਨੂੰ ਤਿੰਨ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਸਿਆਸੀ ਰੰਜਿਸ਼ ਕਾਰਨ ਉਨ੍ਹਾਂ ਨੂੰ ਬਲਾਤਕਾਰ ਦੇ ਕੇਸ ਵਿੱਚ ਫਸਾਇਆ ਜਾ ਰਿਹਾ ਹੈ। ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਉਨ੍ਹਾਂ 'ਤੇ ਇਹ ਦੋਸ਼ 'ਕਾਗਜ਼ੀ ਬਲਾਤਕਾਰ' ਦਾ ਹੈ। ਇਲਜ਼ਾਮ ਲਾਉਣ ਵਾਲੇ ਖੁਦ ਰੋਂਦੇ-ਰੋਂਦੇ ਸੱਚ ਦੱਸ ਦੇਣਗੇ। ਬੈਂਸ ਨੇ ਕਿਹਾ ਕਿ ਬਾਦਲ ਪਰਿਵਾਰ ਸਿਆਸੀ ਸਾਜ਼ਿਸ਼ ਰਚ ਰਿਹਾ ਹੈ, ਉਨ੍ਹਾਂ ਨੂੰ ਸਾਜ਼ਿਸ਼ ਤਹਿਤ ਫਸਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਦਾਲਤੀ ਨੂੰ ਨਿਆਂ ਪ੍ਰਣਾਲੀ 'ਤੇ ਪੂਰਾ ਭਰੋਸਾ ਹੈ। ਸਮਰਥਕਾਂ ਦਾ ਸਾਥ ਹੀ ਮੇਰੀ ਹਿੰਮਤ ਹੈ। ਬੈਂਸ ਨੂੰ ਥਾਣਾ ਡਵੀਜ਼ਨ ਨੰਬਰ 6 ਦੇ ਥਾਣੇ ਲਿਜਾਣ ਸਮੇਂ ਸਮਰਥਕਾਂ ਨੇ ਕਚਹਿਰੀ ਚੌਕ ਵਿੱਚ ਉਨ੍ਹਾਂ ਦੇ ਹੱਕ ਵਿੱਚ ਨਾਅਰੇਬਾਜ਼ੀ ਕੀਤੀ। ਦੱਸਿਆ ਜਾ ਰਿਹਾ ਹੈ ਕਿ ਬੈਂਸ ਦੇ ਕਰੀਬੀ ਕਾਫੀ ਸਮੇਂ ਤੋਂ ਉਨ੍ਹਾਂ ਨੂੰ ਅਦਾਲਤ 'ਚ ਪੇਸ਼ ਹੋਣ ਲਈ ਕਹਿ ਰਹੇ ਸਨ। ਪਾਰਟੀ ਦੇ ਸੀਨੀਅਰ ਆਗੂਆਂ ਨੂੰ ਡਰ ਸੀ ਕਿ ਪਾਰਟੀ ਜ਼ਮੀਨੀ ਪੱਧਰ 'ਤੇ ਕਮਜ਼ੋਰ ਹੋ ਗਈ ਹੈ। ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਦੱਸਿਆ ਕਿ ਸੋਮਵਾਰ ਨੂੰ ਉਨ੍ਹਾਂ ਦੇ ਵਕੀਲ ਨੇ ਅਦਾਲਤ 'ਚ ਬਹਿਸ ਕੀਤੀ ਅਤੇ ਉਹਨਾਂ ਨੇ ਖੁਦ ਵੀ ਬਹਿਸ ਕੀਤੀ। ਜਲਦੀ ਹੀ ਸੱਚ ਸਾਹਮਣੇ ਆ ਜਾਵੇਗਾ।

ਇਸ ਦੇ ਨਾਲ ਹੀ ਪੀੜਤ ਦੇ ਵਕੀਲ ਪਰਮਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਨੇ 5 ਦਿਨ ਦਾ ਰਿਮਾਂਡ ਮੰਗਿਆ ਸੀ ਪਰ 3 ਦਿਨ ਦਾ ਹੀ ਰਿਮਾਂਡ ਮਿਲਿਆ ਹੈ। ਇਸ ਦੌਰਾਨ ਮੁਲਜ਼ਮ ਕਿੱਥੇ ਲੁਕੇ ਹੋਏ ਸਨ, ਇਸ ਬਾਰੇ ਵੀ ਪੁੱਛਗਿੱਛ ਕੀਤੀ ਜਾਵੇਗੀ। ਜਿਨ੍ਹਾਂ ਨੇ ਦੋਸ਼ੀਆਂ ਨੂੰ ਪਨਾਹ ਦਿੱਤੀ ਸੀ, ਉਨ੍ਹਾਂ ਦੀ ਵੀ ਪੁੱਛਗਿੱਛ ਹੋਵੇਗੀ। ਇਸ ਦੇ ਨਾਲ ਹੀ ਪੁਲੀਸ ਮੁਲਜ਼ਮਾਂ ਦੇ ਪਾਸਪੋਰਟ ਵੀ ਕਬਜ਼ੇ ਵਿੱਚ ਲਵੇਗੀ, ਤਾਂ ਜੋ ਇਹ ਪਤਾ ਲੱਗ ਸਕੇ ਕਿ ਮੁਲਜ਼ਮ ਭਗੌੜਾ ਐਲਾਨੇ ਜਾਣ ਮਗਰੋਂ ਵਿਦੇਸ਼ ਤਾਂ ਨਹੀਂ ਗਿਆ ਸੀ।

ਲੁਧਿਆਣਾ ਪੁਲਿਸ ਨੇ ਬਲਾਤਕਾਰ ਮਾਮਲੇ ਦੇ ਮੁਲਜ਼ਮ ਸਾਬਕਾ ਵਿਧਾਇਕ ਸਿਮਰਜੀਤ ਬੈਂਸ ਦਾ 3 ਦਿਨ ਦਾ ਰਿਮਾਂਡ ਹਾਸਲ ਕੀਤਾ ਹੈ। ਭਗੌੜੇ ਲੋਕ ਇਨਸਾਫ਼ ਪਾਰਟੀ ਦੇ ਮੁਖੀ ਬੈਂਸ ਅਤੇ ਚਾਰ ਹੋਰ ਮੁਲਜ਼ਮਾਂ ਪਰਮਜੀਤ ਸਿੰਘ ਪੰਮਾ, ਪ੍ਰਦੀਪ ਸ਼ਰਮਾ ਗੋਗੀ, ਬਲਜਿੰਦਰ ਕੌਰ ਅਤੇ ਜਸਬੀਰ ਕੌਰ ਉਰਫ਼ ਭਾਬੀ ਨੇ ਸੋਮਵਾਰ ਸਵੇਰੇ ਅਦਾਲਤ ਵਿੱਚ ਆਤਮ ਸਮਰਪਣ ਕਰ ਦਿੱਤਾ ਸੀ। ਇਸ ਤੋਂ ਬਾਅਦ ਪੁਲਿਸ ਨੇ ਦੋਸ਼ੀਆਂ ਨੂੰ ਅਦਾਲਤ 'ਚ ਪੇਸ਼ ਕੀਤਾ ਅਤੇ ਅਦਾਲਤ ਨੇ ਸਾਰਿਆਂ ਨੂੰ 3 ਦਿਨ ਦੇ ਰਿਮਾਂਡ 'ਤੇ ਭੇਜ ਦਿੱਤਾ। ਸਾਬਕਾ ਵਿਧਾਇਕ ਸਿਮਰਜੀਤ ਬੈਂਸ ਦਾ ਭਰਾ ਕਰਮਜੀਤ ਸਿੰਘ ਅਤੇ ਪੀਏ ਸੁਖਚੈਨ ਸਿੰਘ ਪਹਿਲਾਂ ਹੀ ਪੁਲਿਸ ਹਿਰਾਸਤ ਵਿੱਚ ਹਨ।

ਕੱਲ੍ਹ ਸਵੇਰੇ 10:30 ਵਜੇ ਸਿਮਰਜੀਤ ਸਿੰਘ ਬੈਂਸ ਵੀ ਜ਼ਿਲ੍ਹਾ ਅਦਾਲਤ ਵਿੱਚ ਪਿਛਲੇ ਰਸਤੇ ਰਾਹੀਂ ਅਦਾਲਤ ਵਿੱਚ ਦਾਖ਼ਲ ਹੋਏ। ਇਸ ਮੌਕੇ ਉਨ੍ਹਾਂ ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰ ਅਤੇ ਸਮਰਥਕ ਸੰਨੀ ਕੈਂਥ ਆਦਿ ਹਾਜ਼ਰ ਸਨ। ਬੈਂਸ ਨੇ ਮੂੰਹ 'ਤੇ ਕੱਪੜਾ ਬੰਨ੍ਹਿਆ ਹੋਇਆ ਸੀ। ਜੱਜ ਸਾਹਿਬ ਕੋਲ ਜਾ ਕੇ ਬੈਂਸ ਨੇ ਮੂੰਹ ਤੋਂ ਕੱਪੜਾ ਲਾਹ ਲਿਆ। ਬੈਂਸ ਦੀ ਜ਼ਮਾਨਤ ਅਰਜ਼ੀ ਲੁਧਿਆਣਾ ਜ਼ਿਲ੍ਹਾ ਅਦਾਲਤ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਖਾਰਜ ਕਰ ਦਿੱਤੀ ਸੀ। ਬੈਂਸ ਨੂੰ ਸੁਪਰੀਮ ਕੋਰਟ ਤੋਂ ਵੀ ਰਾਹਤ ਨਹੀਂ ਮਿਲੀ, ਜਿਸ ਤੋਂ ਬਾਅਦ ਬੈਂਸ ਕੋਲ ਬਚਣ ਜਾਂ ਆਤਮ ਸਮਰਪਣ ਕਰਨ ਦੇ ਦੋ ਹੀ ਰਸਤੇ ਬਚੇ ਸਨ। ਹੁਣ ਲੁਧਿਆਣਾ ਪੁਲਿਸ ਨੇ ਬੈਂਸ ਦਾ ਰਿਮਾਂਡ ਲੈ ਲਿਆ ਹੈ। 3 ਦਿਨਾਂ ਦੇ ਸਮੇਂ ਦੌਰਾਨ ਬਲਾਤਕਾਰ ਦੇ ਮਾਮਲੇ 'ਚ ਦੋਸ਼ੀਆਂ ਤੋਂ ਪੁੱਛਗਿੱਛ ਕੀਤੀ ਜਾਵੇਗੀ। ਵਰਨਣਯੋਗ ਹੈ ਕਿ 16 ਨਵੰਬਰ 2020 ਨੂੰ ਇੱਕ ਔਰਤ ਨੇ ਵਿਧਾਇਕ ਸਿਮਰਜੀਤ ਸਿੰਘ ਬੈਂਸ, ਕਮਲਜੀਤ ਸਿੰਘ, ਬਲਜਿੰਦਰ ਕੌਰ, ਜਸਬੀਰ ਕੌਰ ਉਰਫ ਭਾਬੀ, ਸੁਖਚੈਨ ਸਿੰਘ, ਪਰਮਜੀਤ ਸਿੰਘ ਉਰਫ ਪੰਮਾ ਅਤੇ ਗੋਗੀ ਸ਼ਰਮਾ ਖਿਲਾਫ ਪੁਲਸ ਕਮਿਸ਼ਨਰ ਨੂੰ ਬਲਾਤਕਾਰ ਦੀ ਸ਼ਿਕਾਇਤ ਦਿੱਤੀ ਸੀ। ਉਸ ਨੇ ਦੋਸ਼ ਲਾਇਆ ਕਿ ਵਿਧਾਇਕ ਬੈਂਸ ਨੇ ਘਰ ਦੇ ਪੈਸਿਆਂ ਦਾ ਲੈਣ-ਦੇਣ ਕਰਨ ਬਦਲੇ ਉਸ ਦਾ ਸਰੀਰਕ ਸ਼ੋਸ਼ਣ ਕੀਤਾ। ਜਦੋਂ ਪੁਲਸ ਨੇ ਪੀੜਤਾ ਦੀ ਸ਼ਿਕਾਇਤ 'ਤੇ ਕੋਈ ਕਾਰਵਾਈ ਨਾ ਕੀਤੀ ਅਤੇ ਜਾਂਚ ਦੇ ਨਾਂ 'ਤੇ ਮਾਮਲਾ ਲਟਕਾਇਆ ਤਾਂ ਪੀੜਤ ਔਰਤ ਨੇ ਅਦਾਲਤ ਦੀ ਸ਼ਰਨ ਲਈ। ਵਿਧਾਇਕ ਸਿਮਰਜੀਤ ਸਿੰਘ ਬੈਂਸ 'ਤੇ ਦੋਸ਼ ਲਗਾਉਣ ਵਾਲੀ ਔਰਤ ਪਿਛਲੇ ਇਕ ਸਾਲ ਤੋਂ ਪੁਲਿਸ ਕਮਿਸ਼ਨਰ ਦਫ਼ਤਰ ਦੇ ਬਾਹਰ ਧਰਨੇ 'ਤੇ ਬੈਠੀ ਰਹੀ। ਪਹਿਲਾਂ ਉਹ ਵਿਧਾਇਕ ਖਿਲਾਫ ਅਪਰਾਧਿਕ ਮਾਮਲਾ ਦਰਜ ਕਰਨ ਅਤੇ ਹੁਣ ਗ੍ਰਿਫਤਾਰ ਕਰਨ ਦੀ ਮੰਗ ਕਰ ਰਹੀ ਸੀ। ਉਸਨੇ ਇੱਕ ਸਾਲ ਪਹਿਲਾਂ ਸ਼ਿਕਾਇਤ ਕੀਤੀ ਸੀ, ਪੁਲਿਸ ਨੇ ਨਹੀਂ ਸੁਣੀ, ਇਸ ਲਈ ਉਸਨੇ ਅਦਾਲਤ ਤੱਕ ਪਹੁੰਚ ਕੀਤੀ। 7 ਜੁਲਾਈ 2021 ਨੂੰ ਵਧੀਕ ਚੀਫ਼ ਜੁਡੀਸ਼ੀਅਲ ਮੈ-ਜਿਸਟਰੇਟ ਹਰਸਿਮਰਨਜੀਤ ਸਿੰਘ ਦੀ ਅਦਾਲਤ ਨੇ ਥਾਣਾ ਡਵੀਜ਼ਨ ਨੰਬਰ 6 ਨੂੰ ਐਫਆਈਆਰ ਦਰਜ ਕਰਨ ਦਾ ਹੁਕਮ ਦਿੱਤਾ।

ਵਿਧਾਇਕ ਬੈਂਸ ਨੇ ਇਨ੍ਹਾਂ ਹੁਕਮਾਂ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ ਪਰ ਹਾਈ ਕੋਰਟ ਨੇ ਉਨ੍ਹਾਂ ਦੀ ਪਟੀਸ਼ਨ ਖਾਰਜ ਕਰ ਦਿੱਤੀ ਸੀ ਅਤੇ ਉਨ੍ਹਾਂ ਖ਼ਿਲਾਫ਼ ਥਾਣੇ ਵਿੱਚ ਐਫਆਈਆਰ ਦਰਜ ਕੀਤੀ ਗਈ ਸੀ। ਬੈਂਸ ਖਿਲਾਫ 10 ਜੁਲਾਈ 2021 ਨੂੰ ਬਲਾਤਕਾਰ ਦਾ ਕੇਸ ਦਰਜ ਕੀਤਾ ਗਿਆ ਸੀ ਪਰ ਬੈਂਸ ਅਦਾਲਤ ਦੀ ਪੇਸ਼ੀ 'ਤੇ ਹਾਜ਼ਰ ਨਹੀਂ ਹੋਏ। ਇਸ ਲਈ ਲੁਧਿਆਣਾ ਦੀ ਅਦਾਲਤ ਨੇ ਬੈਂਸ ਅਤੇ ਉਸ ਦੇ ਸਾਥੀਆਂ ਪਰਮਜੀਤ ਸਿੰਘ ਬੈਂਸ, ਪ੍ਰਦੀਪ ਕੁਮਾਰ ਗੋਗੀ, ਬਲਜਿੰਦਰ ਕੌਰ ਅਤੇ ਜਸਬੀਰ ਕੌਰ ਨੂੰ ਭਗੌੜਾ ਐਲਾਨ ਦਿੱਤਾ ਸੀ ਅਤੇ ਪੁਲੀਸ ਨੇ ਸ਼ਹਿਰ ਵਿੱਚ ਇਹਨਾਂ ਦੇ ਭਗੌੜੇ ਹੋਣ ਦੇ ਪੋਸਟਰ ਵੀ ਲਾਏ ਹੋਏ ਸਨ। ਲੁਧਿਆਣਾ ਪੁਲਿਸ ਬੈਂਸ ਨੂੰ ਫੜਨ ਵਿੱਚ ਅਸਮਰਥ ਸਾਬਤ ਹੋਈ। ਭਗੌੜਾ ਐਲਾਨੇ ਜਾਣ ਤੋਂ ਬਾਅਦ ਵੀ ਬੈਂਸ ਸੋਸ਼ਲ ਮੀਡੀਆ 'ਤੇ ਲਗਾਤਾਰ ਸਰਗਰਮ ਸਨ। ਸੂਤਰ ਇਹ ਵੀ ਦੱਸਦੇ ਹਨ ਕਿ ਕਿਤੇ ਨਾ ਕਿਤੇ ਪੁਲਿਸ 'ਤੇ ਸਿਆਸੀ ਦਬਾਅ ਵੀ ਰਿਹਾ ਹੈ, ਜਿਸ ਕਾਰਨ ਪੁਲਿਸ ਬੈਂਸ 'ਤੇ ਹੱਥ ਪਾਉਣ ਤੋਂ ਕੰਨੀ ਕਤਰਾਉਂਦੀ ਸੀ। ਸਾਬਕਾ ਵਿਧਾਇਕ ਸਿਮਰਜੀਤ ਬੈਂਸ ਨੇ ਬਲਾਤਕਾਰ ਮਾਮਲੇ 'ਚ ਸੋਮਵਾਰ ਨੂੰ ਅਦਾਲਤ 'ਚ ਆਤਮ ਸਮਰਪਣ ਕਰ ਦਿੱਤਾ। ਬੈਂਸ ਦੇ ਭਰਾ ਕਰਮਜੀਤ ਬੈਂਸ ਨੂੰ ਪੁਲਿਸ ਨੇ 2 ਜੁਲਾਈ ਨੂੰ ਉਸ ਦੀ ਫੈਕਟਰੀ ਤੋਂ ਫੜਿਆ ਸੀ ਜਦਕਿ ਦੂਜੇ ਮੁਲਜ਼ਮ ਪੀਏ ਸੁਖਚੈਨ ਸਿੰਘ ਨੂੰ ਮਲੇਰਕੋਟਲਾ ਤੋਂ ਫੜਿਆ ਗਿਆ ਸੀ।

# ਰੂਸੀ ਸੰਸਦ ਨੇ ਬੁਲਾਈ ਐਮਰਜੈਂਸੀ ਬੈਠਕ, ਯੂਕਰੇਨ ਦੇ ਨਾਲ ਜਾਰੀ ਜੰਗ ਦੇ ਵਿਚਕਾਰ ਹੋ ਸਕਦਾ ਹੈ ਵੱਡਾ ਐਲਾਨ

**ਖਾਰਕੀਵ** – ਰੂਸੀ ਸੰਸਦ ਦੀ ਪ੍ਰਬੰਧਕੀ ਪ੍ਰੀਸ਼ਦ ਨੇ ਸੋਮਵਾਰ ਨੂੰ 15 ਜੁਲਾਈ ਨੂੰ ਸੰਸਦ ਦੀ ਅਸਾਧਾਰਨ ਬੈਠਕ ਬੁਲਾਉਣ ਬਾਰੇ ਫੈਸਲਾ ਕਰਨ ਲਈ ਮੀਟਿੰਗ ਕੀਤੀ। ਇਹ ਬੈਠਕ ਕਿਉਂ ਬੁਲਾਈ ਗਈ ਤੇ ਕਿਹੜੇ ਮੁੱਦਿਆਂ 'ਤੇ ਚਰਚਾ ਹੋਈ, ਇਹ ਅਜੇ ਸਪੱਸ਼ਟ ਨਹੀਂ ਹੈ। ਸੰਸਦ ਦੇ ਹੇਠਲੇ ਸਦਨ ਨੇ ਕਿਹਾ ਕਿ ਮੀ-ਟਿੰਗ ਇਸ ਲਈ ਬੁਲਾਈ ਗਈ ਸੀ ਤਾਂ ਜੋ ਜ਼ਰੂਰੀ ਮੁੱਦਿਆਂ ਨੂੰ ਹੱਲ ਕੀਤਾ ਜਾ ਸਕੇ ਤੇ ਸਰਕਾਰੀ ਪਹਿਲਕਦਮੀਆਂ 'ਤੇ ਵਿਚਾਰ ਕੀਤਾ ਜਾ ਸਕੇ। ਦੱਸ ਦਈਏ ਕਿ ਪ੍ਰੀਸ਼ਦ ਦੀ ਬੈਠਕ 'ਚ ਸ਼ੁਰੂ 'ਚ ਕੋਈ ਏਜੰਡਾ ਨਹੀਂ ਸੀ।

ਦੂਜੇ ਪਾਸੇ ਸੋਮਵਾਰ ਨੂੰ ਉੱਤਰ-ਪੂਰਬੀ ਯੂਕਰੇਨ ਦੇ ਖਾਰਕੀਵ ਸ਼ਹਿਰ 'ਤੇ ਰੂਸੀ ਬਲਾਂ ਦੇ ਹਮਲੇ 'ਚ ਤਿੰਨ ਲੋਕ ਮਾਰੇ ਗਏ। ਜਦਕਿ 22 ਲੋਕ ਜ਼ਖਮੀ ਹੋ ਗਏ। ਖੇਤਰੀ ਗਵਰਨਰ ਨੇ ਇਹ ਜਾਣਕਾਰੀ ਦਿੱਤੀ।



ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਯੂਕਰੇਨ ਨਾਲ ਚੱਲ ਰਹੀ ਜੰਗ ਦਰਮਿਆਨ ਪੱਛਮੀ ਦੇਸ਼ਾਂ ਨੂੰ ਚਿਤਾਵਨੀ ਦਿੱਤੀ ਹੈ।ਉਨ੍ਹਾਂ ਕਿਹਾ ਕਿ ਜੇਕਰ ਪੱਛਮ ਦੇ ਪਰਮਾਣੂ ਹਥਿਆਰਬੰਦ ਦੇਸ਼ਾਂ ਨੇ ਮਾਸਕੋ ਵਿਰੁੱਧ ਕੋਈ ਕਾਰਵਾਈ ਕੀਤੀ ਜਾਂ ਸਾਜ਼ਿਸ਼ ਰਚੀ ਤਾਂ ਇਸ ਦੇ ਗੰਭੀਰ ਨਤੀਜੇ ਨਿਕਲਣਗੇ।

– ਪੁਤਿਨ ਨੇ ਸੰਸਦ ਰਾਹੀਂ ਰੂਸੀ ਯੋਜਨਾ ਦੀ ਰੂਪ ਰੇਖਾ ਉਲੀਕੀ ਅਤੇ ਆਪਣੇ ਦੇਸ਼ ਦੇ ਲੋਕਾਂ ਦਾ ਧਿਆਨ ਇਸ ਗੱਲ ਵੱਲ ਖਿੱਚਿਆ ਕਿ ਪੱਛਮੀ ਦੇਸ਼ ਰੂਸ ਨੂੰ ਘੇਰਾ ਪਾ ਕੇ ਅਤੇ ਉਸ ਦੇ ਅਕਸ ਨੂੰ ਖਰਾਬ ਕਰਕੇ ਹਰਾਉਣਾ ਚਾਹੁੰਦੇ ਹਨ।

– ਚੀਨ 'ਤੇ ਅਮਰੀਕਾ ਦੇ ਵਧਦੇ ਦਬਾਅ ਦਰਮਿਆਨ ਰੂਸ ਨੇ ਯੂਕਰੇਨ ਯੁੱਧ ਨੂੰ ਤੇਜ਼ ਕਰਨ ਦੀ ਚਿਤਾਵਨੀ ਦਿੱਤੀ ਹੈ।

– ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਯੂਕਰੇਨ 'ਤੇ ਰੂਸੀ ਹਮਲੇ ਦੀ ਨਿੰਦਾ ਕਰਨ ਦੀ ਅਪੀਲ ਕੀਤੀ ਹੈ।

ਤੁਹਾਨੂੰ ਦੱਸ ਦੇਈਏ ਕਿ ਰੂਸ ਦੇ ਖਿਲਾਫ ਲਿਥੁਆਨੀਆ ਨੇ ਸੋਮਵਾਰ ਨੂੰ ਰੂਸ ਦੇ ਕੈਲਿਨਿਨਗ੍ਰਾਦ ਦੇ ਬਾਲਟਿਕ ਐਕਸਕਲੇਵ ਵਿੱਚ ਆਪਣੇ ਖੇਤਰ ਦੇ ਜ਼ਰੀਏ ਵਪਾਰ 'ਤੇ ਪਾਬੰਦੀਆਂ ਦਾ ਵਿਸਥਾਰ ਕੀਤਾ। ਲਿਥੁਆਨੀਆ ਦੇ ਕਸਟਮ ਦੇ ਬੁਲਾਰੇ ਨੇ ਕਿਹਾ ਕਿ ਸੋਮਵਾਰ ਸਵੇਰ ਤੋਂ ਪਾਬੰਦੀਸ਼ੁਦਾ ਵਾਧੂ ਵਸਤੂਆਂ ਵਿੱਚ ਕੰਕਰੀਟ, ਲੱਕੜ, ਅਲਕੋਹਲ ਅਤੇ ਅਲਕੋਹਲ ਅਧਾਰਤ ਉਦਯੋਗਿਕ ਰਸਾਇਣ ਸ਼ਾਮਲ ਹਨ।

# ਡੀਜੀਪੀ ਪੰਜਾਬ ਗੌਰਵ ਯਾਦਵ ਦੀ ਅਗਵਾਈ ਵਿੱਚ ਪੰਜਾਬ ਪੁਲਿਸ ਨੇ ਸੂਬੇ ਭਰ 'ਚ ਕੀਤੇ ਕਾਰਡਨ ਅਤੇ ਸਰਚ ਆਪਰੇਸ਼ਨ

**ਚੰਡੀਗੜ** – ਸਮਾਜ ਵਿਰੋਧੀ ਅਨਸਰਾਂ ਵਿੱਚ ਡਰ ਪੈਦਾ ਕਰਨ ਦੇ ਨਾਲ-ਨਾਲ ਆਮ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਲਈ, ਡਾਇਰੈਕਟਰ ਜਨਰਲ ਆਫ ਪੁਲਿਸ (ਡੀ।ਜੀ।ਪੀ।) ਪੰਜਾਬ ਗੌਰਵ ਯਾਦਵ ਦੀ ਅਗਵਾਈ ਵਿੱਚ ਅੱਜ ਸਮੁੱਚੀ ਪੁਲਿਸ ਫੋਰਸ ਵੱਲੋਂ ਪੰਜਾਬ ਦੇ ਸਾਰੇ 28 ਪੁਲਿਸ ਜ਼ਿਲਿਆਂ ਵਿੱਚ ਕਾਰਡਨ ਅਤੇ ਸਰਚ ਆਪਰੇਸ਼ਨ (ਸੀ।ਏ।ਐਸ।ਓ।) ਚਲਾਏ ਗਏ।

ਇਹ ਆਪਰੇਸ਼ਨ ਸੂਬੇ ਭਰ ਵਿੱਚ ਇੱਕੋ ਸਮੇਂ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਚਲਾਇਆ ਗਿਆ ਅਤੇ ਪੰਜਾਬ ਪੁਲਿਸ ਹੈੱਡਕੁਆਰਟਰ ਦੇ ਏਡੀਜੀਪੀ/ਆਈਜੀਪੀ ਰੈਂਕ ਦੇ ਅਧਿਕਾਰੀਆਂ ਨੂੰ ਹਰੇਕ ਪੁਲਿਸ ਜ਼ਿਲੇ ਵਿੱਚ ਨਿੱਜੀ ਤੌਰ 'ਤੇ ਆਪਰੇਸ਼ਨ ਦੀ ਨਿਗਰਾਨੀ ਕਰਨ ਲਈ ਤਾਇਨਾਤ ਕੀਤਾ ਗਿਆ ਸੀ। ਸੀਪੀਜ਼/ਐਸਐਸਪੀਜ ਨੇ ਪੁਲਿਸ ਫੋਰਸ ਦੀ ਭਾਰੀ ਤੈਨਾਤੀ ਦੌਰਾਨ ਇਸ ਆਪਰੇਸ਼ਨ ਨੂੰ ਅੰਜਾਮ ਦੇਣ ਲਈ ਬਦਨਾਮ ਮੁਹੱਲਿਆਂ/ਪਿੰਡਾਂ ਦੀ ਸਨਾਖਤ ਕੀਤੀ ਜਿੱਥੇ ਨਸ਼ਿਆਂ ਦੀ ਭਰਮਾਰ ਹੈ ਜਾਂ ਕੁਝ ਖੇਤਰ ਜੋ ਅਪਰਾਧੀਆਂ ਅਤੇ ਸਮਾਜ ਵਿਰੋਧੀ ਅਨਸਰਾਂ ਲਈ ਪਨਾਹਗਾਹ/ਸੁਰੱਖਿਅਤ ਟਿਕਾਣਾ ਬਣ ਚੁੱਕੇ ਹਨ। ਡੀਜੀਪੀ ਗੌਰਵ ਯਾਦਵ, ਜੋ ਮੁਹਾਲੀ ਵਿੱਚ ਏਡੀ-ਜੀਪੀ ਕਾਨੂੰਨ ਤੇ ਵਿਵਸਥਾ ਈਸਵਰ ਸਿੰਘ ਨਾਲ ਵੱਖ-ਵੱਖ ਸੁਸਾਇਟੀਆਂ ਵਿੱਚ ਆਪਰੇਸ਼ਨ ਦੌਰਾਨ ਸ਼ਾਮਲ ਹੋਏ, ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਨਸ਼ਿਆਂ ਅਤੇ ਗੈਂਗਸਟਰਾਂ ਵਿਰੁੱਧ ਜੀਰੋ ਸਹਿਣਸ਼ੀਲਤਾ ਨੀਤੀ ਅਪਣਾਈ ਹੈ ਅਤੇ ਅਜਿਹੇ ਆਪਰੇਸ਼ਨ ਉਦੋਂ ਤੱਕ ਜਾਰੀ ਰਹਿਣਗੇ ਜਦੋਂ ਤੱਕ ਪੰਜਾਬ ਵਿੱਚੋਂ ਨਸ਼ਿਆਂ ਅਤੇ ਗੈਂਗਸਟਰਾਂ ਦਾ ਖਾਤਮਾ ਨਹੀਂ ਹੋ ਜਾਂਦਾ। ਇਸ ਮੌਕੇ ਡੀਜੀਪੀ ਨਾਲ ਡੀਆਈਜੀ ਰੋਪੜ ਰੇਂਜ ਗੁਰਪ੍ਰੀਤ ਸਿੰਘ ਭੁੱਲਰ ਅਤੇ ਐਸਐਸਪੀ ਐਸਏਐਸ ਨਗਰ ਵਿਵੇਕ ਸੀਲ ਸੋਨੀ ਵੀ ਮੌਜੂਦ ਸਨ। ਡੀਜੀਪੀ ਨੇ ਕਿਹਾ ਕਿ ਅਸੀਂ ਨਸਾ ਤਸਕਰਾਂ ਅਤੇ ਗੈਂਗਸਟਰਾਂ 'ਤੇ ਸ਼ਿਕ-ਜਾ ਕੱਸ ਦਿੱਤਾ ਹੈ ਅਤੇ ਮੈਂ ਅਜਿਹੇ ਸਮਾਜ ਵਿਰੋਧੀ ਅਨਸਰਾਂ ਨੂੰ ਚੇਤਾਵਨੀ ਦਿੰਦੇ ਹਾਂ ਕਿ ਉਹ ਸਵੈ-ਇੱਛਾ ਨਾਲ ਸੂਬੇ ਨੂੰ ਛੱਡ ਦੇਣ, ਨਹੀਂ ਤਾਂ ਪੰਜਾਬ ਪੁਲਿਸ ਉਨਾਂ ਨਾਲ ਸਖਤੀ ਨਾਲ ਨਜਿੱਠੇਗੀ।



ਆਪਰੇਸ਼ਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣ-ਾਉਣ ਲਈ ਨਸ਼ਿਆਂ ਖ਼ਿਲਾਫ ਲੜਾਈ ਨੂੰ ਹੋਰ ਮਜਬੂਤ ਕਰਨ ਦੇ ਨਾਲ-ਨਾਲ ਗੈਂਗਸਟਰ ਕਲਚਰ ਨੂੰ ਖਤਮ ਕਰਨਾ, ਅਮਨ-ਕਾਨੂੰਨ ਨੂੰ ਕਾਇਮ ਰੱਖਣਾ ਅਤੇ ਅਪਰਾਧ ਦਾ ਪਤਾ ਲਗਾਉਣਾ ਹੈ। ਉਨਾਂ ਕਿਹਾ ਕਿ ਬੁਨਿਆਦੀ ਪੁਲਿਸਿੰਗ ਜਿਸ ਵਿੱਚ ਸੰਵੇਦਨਸ਼ੀਲ ਥਾਵਾਂ 'ਤੇ ਚੌਕਸੀ ਰੱਖਣਾ ਅਤੇ ਕਿਸੇ ਵੀ ਅਣਸੁਖਾਵੀਂ ਸਥਿਤੀ ਨਾਲ ਨਜਿੱਠਣ ਲਈ ਅਗਾਊਂ ਤਿਆਰੀਆਂ ਕਰਨਾ ਸ਼ਾਮਲ ਹੈ, ਨੂੰ ਮੁੜ ਸੁਰਜੀਤ ਕਰਨ ਦੇ ਨਾਲ-ਨਾਲ ਥਾਣਿਆਂ ਨੂੰ ਅਪਗ੍ਰੇਡ ਵੀ ਕੀਤਾ ਜਾਵੇਗਾ। ਇਸ ਆਪਰੇਸ਼ਨ ਨਾਲ ਇਲਾਕਾ ਨਿਵਾਸੀਆਂ ਨੂੰ ਪਰੇਸ਼ਾਨੀ ਹੋਣ ਸਬੰਧੀ ਸਵਾਲ ਦੇ ਜਵਾਬ ਵਿੱਚ ਉਨਾਂ ਕਿਹਾ ਕਿ ਇਹ ਆਪਰੇਸ਼ਨ ਨਿਵਾਸੀਆਂ ਦੀ ਸੁਰੱਖਿਆ ਲਈ ਹੀ ਚਲਾਇਆ ਜਾ ਰਿਹਾ ਹੈ ਅਤੇ ਇਸ ਆਪਰੇਸ਼ਨ ਨੂੰ ਚਲਾਉਣ ਤੋਂ ਪਹਿਲਾਂ ਰੈਜੀਡੈਂਟਸ ਵੈਲਫੇਅਰ ਸੋਸਾਇਟੀਆਂ ਨੂੰ ਵੀ ਭਰੋਸੇ ਵਿੱਚ ਲਿਆ ਗਿਆ ਸੀ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਅਸੀਂ ਸਾਰੇ ਪੁਲਿਸ ਮੁਲਾਜਮਾਂ ਨੂੰ ਇਸ ਆਪਰੇਸ਼ਨ ਦੌਰਾਨ ਘਰ-ਘਰ ਜਾ ਕੇ ਚੈਕਿੰਗ ਕਰਨ ਸਮੇਂ ਹਰੇਕ ਨਿਵਾਸੀ ਨਾਲ ਦੋਸਤਾਨਾ ਅਤੇ ਨਿਮਰਤਾ ਨਾਲ ਪੇਸ਼ ਆਉਣ ਦੀ ਸਖਤ ਹਦਾਇਤ ਕੀਤੀ ਹੈ। ਉਨਾਂ ਕਿਹਾ ਕਿ ਵਸਨੀਕਾਂ ਨੇ ਪੰਜਾਬ ਪੁਲਿਸ ਦੇ ਇਸ ਆਪਰੇਸ਼ਨ ਦੀ ਸ਼ਲਾਘਾ ਵੀ ਕੀਤੀ। ਅਜਿਹੇ ਅਪਰੇਸਨ ਲੋਕਾਂ ਨਾਲ ਸਿੱਧਾ ਸੰਪਰਕ ਕਾਇਮ ਕਰਦਿਆਂ ਪੁਲਿਸ ਫੋਰਸ ਨੂੰ ਸਰਗਰਮ ਅਤੇ ਲਾਮਬੰਦ ਕਰਨ ਵਿੱਚ ਵੀ ਸਹਾਈ ਹੋਣਗੇ।

# ਐਸਸੀ ਸਮਾਜ ਹੱਕਾਂ ਪ੍ਰਤੀ ਸੁਚੇਤ, ਮਹਿੰਗੀ ਪੈ ਸਕਦੀ ਹੈ ਨਰਾਜਗੀ



ਹਰਦੀਪ ਸਿੰਘ ਚੁੰਬਰ
91-94636-01616

ਪੰਜਾਬ ਵਿੱਚ 2011 ਦੀ ਜਨਗਣਨਾ ਅਨੁਸਾਰ 32% ਐਸਸੀ ਜਨਸੰਖਿਆ ਹੈ। ਇਸ ਸਮੇਂ ਇਹ ਜਨਸੰਖਿਆ 36% ਤੋਂ ਵੱਧ ਹੋਣ ਦੀ ਉਮੀਦ ਹੈ। ਕਈ ਖਾਸ ਜਿਲ੍ਹਿਆਂ ਵਿੱਚ 40% ਤੋਂ ਵੀ ਐਸਸੀ ਜਨਗਣਨਾ ਮੁਤਾਬਿਕ ਬਣਦੀ ਹੈ। ਮੋਟੇ ਤੌਰਤੇ ਕਹਿ ਲਈਏ ਪੰਜਾਬ ਦਾ ਤੀਜਾ ਬੰਦਾ ਐਸਸੀ ਸਮਾਜ ਦਾ ਹੈ। 2022 ਵਿੱਚ ਪੰਜਾਬ ਦੇ ਐਸਸੀ ਸਮਾਜ ਨੇ ਆਪ ਪਾਰਟੀ ਨੂੰ ਵੱਧ ਚੜਕੇ ਵੋਟਾਂ ਪਾਈਆਂ। ਕਿਹਾ ਜਾ ਸਕਦਾ ਹੈ 42% ਵਿੱਚੋ 21% ਵੋਟ ਆਪ ਪਾਰਟੀ ਨੂੰ ਐਸਸੀ ਸਮਾਜ ਦੀ ਪਈ। ਬਸਪਾ ਐਸਸੀ ਸਮਾਜ ਦੀ ਆਪਣੀ ਪਾਰਟੀ ਮੰਨੀ ਜਾਂਦੀ ਹੈ ਪਰ ਲੰਮੇ ਸਮੇਂ ਤੋ ਬਸਪਾ ਨੂੰ 2% ਤੋਂ ਘੱਟ ਵੋਟ ਹੀ ਮਿਲ ਦੀ ਰਹੀ। ਗਠਜੋੜ ਦਾ ਵਿਧਾਨ ਸਭਾ ਵਿੱਚ ਬਾਦਲਾਂ ਨੂੰ ਵੀ ਕੋਈ ਲਾਭ ਨਹੀਂ ਹੋਇਆ, ਪਰ ਬਸਪਾ ਨੇ ਇੱਕ ਸ਼ੀਟ ਉੱਤੇ ਜਰੂਰ ਕਬਜਾ ਕਰ ਲਿਆ ਹੈ। ਬਾਦਲ ਬਸਪਾ ਦੇ ਪ੍ਰਦਰਸ਼ਨ ਦਾ ਸੰਗਰੂਰ ਲੋਕਸਭਾ 2022 ਵਿੱਚ ਸਭ ਨਾਲੋਂ ਮਾੜ ਹਾਲ ਕਿਹਾ ਜਾ ਸਕਦਾ ਹੈ, ਪਾਰਟੀਆਂ ਵਿੱਚ ਸਭ ਨਾਲੋ ਆਖਰ ਉੱਤੇ ਰਹੇ ਅਤੇ ਜਮਾਨਤ ਵੀ ਜਬਤ ਹੋ ਗਈ। ਪੰਜਾਬ ਦਾ ਐਸਸੀ ਵੋਟਰ ਸੁਚੇਤ ਹੋਇਆ ਹੈ ਸੰਗਠਤ ਨਹੀਂ।

ਪੰਜਾਬ ਵਿੱਚ ਆਮ ਆਦਮੀ ਦੇ ਨਾਮ ਨਾਲ ਬਣੀ ਪਾਰਟੀ ਦੀ ਸਰਕਾਰ ਨੂੰ ਪੰਜਾਬ ਦਾ ਐਸਸੀ ਵਰਗ ਅਤੇ ਬੀਸੀ ਵਰਗ ਦੂਰ ਹੁੰਦੀ ਨਜ਼ਰ ਆ ਰਹੀ ਹੈ। ਇਸ ਸਰਕਾਰ ਲਈ ਸੁਭ ਸੰਕੇਤ ਨਹੀਂ ਹੈ। ਕਿਸਾਨਾਂ ਦਾ ਹਰ ਸਮੇਂ ਆਪਣੀਆਂ ਮੰਗਾਂ ਨੂੰ ਲੈਕੇ ਧਰਨੇ ਮੁਜਾਹਰੇ, ਪਹਿਲ ਦਾ ਅਧਾਰ ਉੱਤੇ ਸਰਕਾਰ ਦਾ ਉਹਨਾ ਦੀਆਂ ਮੰਗਾਂ ਨੂੰ ਮੰਨਣ ਲਈ ਮੀਟਿਗਾਂ ਕਰ ਉਹਨੂੰ ਉਹਨਾ ਨਾਲ ਨੇੜਤਾ ਹੋਣ ਦਾ ਅਹਿਸਾਸ ਕਰਵਾਉਣਾ, ਮੁੱਖਮੰਤਰੀ ਦਾ ਇਹ ਕਹਿਣਾ ਕਿ ਪੰਜਾਬ ਦੇ ਕਿਸਾਨ ਨੂੰ ਘਾਟਾ ਨਹੀਂ ਹੋਣ ਦੇਵਾਂਗਾ, ਇੱਕ ਰੁਪਈਆ ਵੀ ਨੁਕਸਾਨ ਹੁੰਦਾ ਹੈ ਮੈਂ ਦੇਵਾਂਗਾ। ਇਹੋ ਜਿਹੀਆਂ ਹੋਰ ਕਈ ਕਾਰਵਾਈਆਂ ਅਤੇ ਕੰਮਾਂ ਕਾਰਨ ਪੰਜਾਬ ਦੇ ਐਸਸੀ ਸਮਾਜ ਨੂੰ ਸਰਕਾਰ ਤੋਂ ਦੂਰ ਹੋ ਰਿਹਾ ਹੈ ਅਤੇ ਸਰਕਾਰ ਤੋਂ ਉਹਨਾ ਨਾਲ ਪੱਖਪਾਤੀ ਰਵੀਆ ਹੋ ਰਿਹਾ ਮਹਿਸੂਸ ਕਰ ਰਿਹਾ ਹੈ। ਉਹਨਾ ਇਸ ਨਰਾਜਗੀ ਦਾ ਸੈਂਪਲ ਆਪ ਪਾਰਟੀ ਨੂੰ ਸੰਗਰੂਰ ਦੀ ਲੋਕ ਸਭਾ ਦੀ 2022 ਦੇ ਚੋਣਾਂ ਵਿੱਚ ਹਾਰ ਦੇ ਨਤੀਜੇ ਨੇ ਦਿਖਾ ਦਿੱਤਾ ਹੈ। ਇਹਨਾ ਨਤੀਜਿਆਂ ਨੂੰ ਬਹੁਤ ਸਾਰੇ ਚੋਣ ਵਿਸ਼ਲੇਸ਼ਨ ਕਰਨ ਵਾਲੇ ਆਪਣੇਆਪਣੇ ਨਜਰੀਏ ਨਾਲ ਦੇਖਦੇ ਹਨ।

ਅਸੀਂ ਵਿਸ਼ਲੇਸ਼ਨ ਕਰੀਏ, ਤਾਂ ਸੰਗਰੂਰ ਲੋਕ ਸਭਾ ਹਲਕੇ ਵਿੱਚ 9 ਵਿਧਾਨ ਸਭਾ ਹਲਕੇ ਪੈਂਦੇ ਹਨ। ਇਸ ਵਿੱਚਵਿਧਾਨ ਸਭਾ ਹਲਕਾ ਨੰਬਰ 99 ਤੋ ਲੈਕੇ 108 ਤੱਕ ਕਰਮਵਾਰ ਲਹਿਰਾ, ਦਿੜਬਾ, ਸੁਨਾਮ, ਭਦੋੜ, ਬਰਨਾਲਾ, ਮਹਿਲਕਲਾ, ਮਲੇਰਕੋਟਲਾ,ਧੂਰੀ ਅਤੇ ਸੰਗਰੂਰ ਹਨ। ਇਹਨਾ 9 ਵਿਧਾਨ ਸਭਾ ਹਲਕਿਆਂ ਵਿੱਚ 3 ਹਲਕੇ ਰਿਜਰਵ, 6 ਜਰਨਲ ਹਨ। ਇਸ ਨੂੰ ਹੋਰ ਅੱਗੇ ਵਿਸ਼ਲੇਸ਼ਨ ਕਰਕੇ ਦੇਖੀਏ ਤਾਂ ਮਲੇਰਕੋਟਲਾ ਮੁਸਲਿਮ ਬਹੁਗਿਣਤੀ ਇਲਾਕਾ ਹੈ। ਬਰਨਾਲਾ ਵਿਧਾਨ ਸਭਾ ਹਲਕਾ ਵੀ ਐਸਸੀ ਬਹੁਗਿਣਤੀ ਦਾ ਇਲਾਕਾ ਹੈ।

ਜਰਨਲ ਬਹੁਲ ਵੋਟ ਵਾਲੇ ਹਲਕੇ ਧੂਰੀ, ਸੰਗਰੂਰ, ਸੁਨਾਮ, ਲਹਿਰਾ ਆਪ ਪਾਰਟੀ ਸਭ ਨਾਲੋਂ ਅੱਗੇ ਰਹੀ ਹੈ। ਰਿਜਰਵ ਹਲਕੇ ਦਿੜਬਾ ਭਦੌੜ ਵਿੱਚ 7 ਹਜਾਰ ਤੋਂ ਵੱਧ ਵੋਟਾਂ ਨਾਲ ਪਿੱਛੇ ਰਹੀ, ਇੱਕ ਹਲਕਾ ਕੇਵਲ ਮਹਿਲਕਲਾਂ 203 ਵੋਟਾਂ ਨਾਲ ਆਪ ਨੂੰ ਜਿੱਤ ਦਵਾ ਸਕਿਆ। ਜਿੱਤੇ ਇੱਕ ਰਿਜਰਵ ਹਲਕੇ ਵਿੱਚ ਮਾਮੂਲੀ 2 ਸੌ ਵੋਟਾਂ ਨਾਲ ਅੱਗੇ ਰਹੀ ਹੈ, ਓਥੇ ਹੀ ਬਰਨਾਲਾ ਜਿਸ ਹਲਕੇ ਵਿੱਚ ਐਸਸੀ ਵੋਟ ਅਧਿਕ ਹੈ ਪਰ ਹਲਕਾ ਜਰਨਲ ਹੈ ਉਸ ਜਰਨਲ ਵਿੱਚੋਂ 2295 ਵੋਟਾਂ ਨਾਲ ਆਪ ਪਾਰਟੀ ਪਿੱਛੇ ਰਹੀ ਹੈ। ਐਨਾ ਹੀ ਨਹੀਂ ਐਸਸੀ ਅਤੇ ਮੁਸਲਿਮ ਬਹੁਗਿਣਤੀ ਵਾਲਾ ਵਿਧਾਨ ਸਭਾ ਹਲਕਾ 8100 ਵੋਟਾਂ ਨਾਲ ਆਮ ਆਦਮੀ ਨੂੰ ਹਰਾਉਣ ਅਤੇ ਮਾਨ ਨੂੰ ਜਿੱਤ ਦਵਾਉਣ ਵਿੱਚ ਸਭ ਨਾਲੋਂ ਮੋਹਰੀ ਰਿਹਾ ਹੈ। ਇਸ ਤਰਾਂ ਐਸਸੀ ਵੋਟਰਾਂ ਦੀ ਇਸ ਚੋਣ ਵਿੱਚ ਭੂਮਿਕਾ ਦਿਖਾਈ ਦਿੰਦੀ ਹੈ। ਸਰਵੇਖਣ ਕਰਨ ਵਾਲੇ ਬਹੁਤ ਸਾਰੇ ਬੁੱਧੀਜੀਵੀ ਹੋਰ ਵੀ ਫੈਕਟਰ ਜੋੜ ਸਕਦੇ ਹਨ।

ਕਾਂਗਰਸ, ਬਾਦਲ ਅਤੇ ਭਾਜਪਾ ਨੂੰ ਲੈਕੇ ਕਈ ਸਵਾਲ ਜਵਾਬ ਬਣ ਸਕਦੇ ਹਨ ਪਰ ਸਿਮਰਨਜੀਤ ਮਾਨ ਦੀ ਜਿੱਤ ਦੇ ਪਿੱਛੇ ਐਸਸੀ ਅਤੇ ਮੁਸਲਿਮ ਵਰਗ ਦਾ ਵੱਡਾ ਹੱਥ ਹੋਣ ਨੂੰ ਕੋਈ ਵੀ ਨਕਾਰ ਨਹੀਂ ਸਕਦਾ। ਸਿੱਧੂ ਮੂਸੇਵਾਲ ਦਾ ਕਤਲ ਜਾ ਹੋਰ ਕਈ ਘਟਨਾਵਾਂ ਦਾ ਜਿੱਤ ਵਿੱਚ ਸਹਿਯੋਗ ਵੀ ਰਿਹਾ ਹੈ। ਬਾਦਲਾਂ ਦੀ ਨਕਾਰਾ ਰਾਜਨੀਤਕ ਕਾਰਗੁਜਾਰੀ ਅਤੇ ਕਾਂਗਰਸ ਤੋਂ ਦੂਰੀ ਵੀ ਕੁਝ ਲਾਭ ਦਾ ਕਾਰਨ ਬਣੀ ਹੈ। ਬਾਦਲ-ਬਸਪਾ ਦੇ ਨਾਲੋਂ ਪਹਿਲੀ ਵਾਰ ਮੈਦਾਨ ਵਿੱਚ ਆਉਣ ਵਾਲੀ ਪਾਰਟੀ ਭਾਜਪਾ 66 ਹਜਾਰ ਤੋਂ ਵੱਧ ਡੇਢ ਗੁਣਾ ਬਾਦਲ ਦਲ ਦੀਆਂ 44 ਹਜਾਰ ਜਿਆਦਾ ਵੋਟ ਲੈਣ ਵਿੱਚ ਕਾਮਯਾਬ ਰਹੀ।

### ਕੀ ਪੰਜਾਬ ਸਰਕਾਰ ਕਮਜੋਰ ਵਰਗਾਂ ਦੀ ਹਿੱਸੇਦਾਰੀ ਖਤਮ ਕਰਨ ਦੇ ਰਾਹ 'ਤੇ ਹੈ?

ਪੰਜਾਬ ਸਰਕਾਰ ਲਗਾਤਾਰ ਵਖ ਵੱਖ ਮਹਿਕਮਿਆਂ ਵਿੱਚ ਭਰਤੀ ਦੀ ਪ੍ਰਕਿਰਿਆ ਨੂੰ ਅੱਗੇ ਵਧਾ ਰਹੀ ਹੈ। ਜਿੱਥੇ ਇਸ ਦੀ ਸਲਾਘਾ ਹੋ ਰਹੀ ਹੈ ਓਥੇ ਕੁਝ ਕਾਰਨ ਹਨ ਜਿਹਨਾਂ ਦੇ ਕਾਰਨ ਭਰਤੀ ਹੋਣ ਵਾਲੇ ਉਮੀਦਵਾਰਾਂ ਅਤੇ ਉਹਨਾ ਦੇ ਮਾਪਿਆਂ ਦੀਆਂ ਚਿੰਤਾਵਾਂ ਵਧੀਆਂ ਹੋਈਆਂ ਹਨ। ਇਹ ਬੇਚੈਨੀ ਪੰਜਾਬ ਦੇ ਐਸਸੀ ਐਸਟੀ ਵਰਗ ਵਿੱਚ ਹੈ।

ਪਹਿਲੀ ਚਰਚਾ ਪੰਜਾਬ ਦੀ ਪੁਲੀਸ ਭਰਤੀ ਵਿੱਚ ਲਗਭਗ ਡੇਢ ਸੌ ਦੇ ਕਰੀਬ ਓਪਨ ਕੰਪੀਟੀਸਨ ਵਿੱਚ ਆਉਣ ਵਾਲੇ ਰਿਜਰਵ ਕੋਟੇ ਵਾਲੇ ਉਮੀਦਵਾਰਾਂ ਨੂੰ ਕੰਪੀਟੀਸ਼ਨ ਤੋਂ ਬਾਹਰ ਕਰ ਦੇਣਾ ਹੈ। ਦੂਜੀ ਵੱਡੀ ਚਰਚਾ ਰਾਸ਼ਟਰੀ ਐਸਸੀ ਕਮਿਸ਼ਨ ਦੀਆਂ ਹਦਾਇਤਾਂ ਦਾ ਬਾਵਜੂਦ ਪੰਜਾਬ ਵਿੱਚ 178 ਲਾਅ ਅਫਸ਼ਰਾਂ ਦੀ ਭਰਤੀ ਵਿੱਚ ਰਿਜਰਵੇਸ਼ਨ ਨਾ ਦੇਣਾ, ਅਤੇ ਪੰਜਾਬ ਸਰਕਾਰ ਦਾ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਵਿਰੋਧ ਕਰਦੇ ਹੋਏ ਕੰਮ ਵਿੱਚ ਗੁਣਵੱਤਾ ਦਾ ਸਵਾਲ ਖੜਾ ਕਰਨਾ, ਉਸ ਨੂੰ ਕਾਰਨ ਬਣਾਕੇ ਉਸ ਵਿੱਚ ਕਿਸੇ ਐਸਸੀ ਜਾ ਬੀਸੀ ਵਰਗ ਨੂੰ ਪ੍ਰਤੀਨਿਧਤਾ ਦੇਣ ਤੋਂ ਇਨਕਾਰ ਕਰਨਾ ਹੈ।

ਤੀਜਾ ਪੰਜਾਬ ਵਿੱਚ 6635 ਈਟੀਟੀ ਅਧਿਆਪਕਾਂ ਦਾ ਭਰਤੀ ਦੇ ਨਤੀਜੇ ਵਿੱਚ ਪਾਰਦਰਸ਼ਤਾ ਨਾ ਹੋਣਾ ਹੈ। ਇਸ ਨਤੀਜੇ ਵਿੱਚ ਪਹਿਲਾ ਕਾਲਮ ਸੰਖਿਆ ਨੰਬਰ ਦੂਜਾ ਰੋਲ ਨੰਬਰ ਤੀਜਾ ਉਮੀਦਵਾਰ ਦਾ ਨਾਮ ਚੌਥਾ ਪਿਤਾ ਦਾ ਨਾਮ ਪੰਜਵਾ ਮਾਤਾ ਦਾ ਨਾਮ ਛੇਵਾਂ ਕਾਲਮਜਨਮ ਮਿਤੀ ਅਤੇ ਸਤਵਾਂ ਪ੍ਰਾਪਤ ਕੀਤੇ ਨੰਬਰ % ਦਾ ਵੇਰਵਾ ਦਿਤਾ ਗਿਆ ਹੈ। ਇਸ ਵਿੱਚ ਵਰਗ ਦਾ ਖਾਨਾ ਹੀ ਨਹੀਂ ਬਣਾਇਆ ਗਿਆ। ਜਿਹੜਾ ਜਰੂਰੀ ਸੀ। ਦੂਜੇ ਹਿੱਸੇ ਵਿੱਚ ਨਤੀਜੇ ਦੀ ਵਰਗ ਦੇ ਹਿਸਾਬ ਨਾਲ ਬਣਾਈ ਸਾਰਨੀ ਵਿੱਚ ਵਰਗ ਅਤੇ ਉਸ ਵਿੱਚ ਸਲੈਕਟ ਹੋਣ ਵਾਲੇ ਉਮੀਦਵਾਰਾਂ ਦੇ ਵਰਗਾਂ ਦੇ ਵਖਰੇ ਵਖਰੇ ਕਟ ਔਫ ਮਾਰਕਸ ਦਿੱਤਾ ਗਿਆ ਹੈ। ਇਸ ਵਿੱਚ ਇਹ ਨਤੀਜੇ ਪਾਰਦਰਸ਼ਤਾ ਨਹੀਂ ਦਿਖਾਉਂਦੇ ਕਿ 6635 ਉਮੀਦਵਾਰਾਂ ਵਿੱਚ ਕਿੰਨੇ ਓਪਨ, ਐਸਸੀ, ਬੀਸੀ ਜਾ ਕਿਸੇ ਹੋਰ ਵਰਗ ਵਿੱਚ ਸਲੈਕਟ ਹੋਏ ਹਨ। ਇਸ ਵਿੱਚ ਪਾਰਦ੍ਰਸ਼ਤਾ ਨਾ ਰਖਣਾ ਕਿਸੇ ਵੱਡੀ ਹੇਰਾਫੇਰੀ ਹੋਣ ਦੀ ਗੁੰਜਾਇਸ ਪੈਦਾ ਕਰਦਾ ਹੈ।

2022 ਵਿੱਚ ਪੰਜਾਬ ਵਿਚ ਭਰਤੀ 2022 ਕੀਤੀਆਂ ਜਾ ਰਹੀਆਂ ਭਰਤੀਆਂ ਜੋ ਪੰਜਾਬ ਸਰਕਾਰ ਮੁਹੱਲਾ ਕਲੀਨਿਕਾਂ ਵਿੱਚ ਡਾਕਟਰ ਅਤੇ ਹੋਰ ਸਹਾਇਕ ਸਟਾਫ ਕਰਨ ਦੀ ਭਰਤੀ ਪ੍ਰਕਿਰਿਆ ਕਰ ਰਹੀ ਹੈ ਉਸ ਭਰਤੀ ਵਿੱਚ ਰਿਜਰਵੇਸ਼ਨ ਜੋ ਸਾਮਜ ਦੇ ਕਮਜੋਰ ਵਰਗਾਂ ਦੀ ਸੰਵਿਧਾਨ ਤੋਰ ਤੇ ਦਿੱਤੀ ਗਈ ਹਿੱਸੇਦਾਰੀ ਹੈ ਉਸ ਨੂੰ ਖਤਮ ਕਰ ਦਿੱਤਾ ਗਿਆ ਹੈ, ਕਮਜੋਰ ਵਰਗਾਂ ਦੀਦੀ ਰਾਖਵੇਂ ਕੋਟੇ ਤਹਿਤ ਐਂਟਰੀ ਹੀ ਬੰਦ ਕਰ ਦਿੱਤੀ ਗਈ ਹੈ। ਪੰਜਾਬ ਸਰਕਾਰ ਦੀ ਇਹ ਸੰਵਿਧਾਨ ਦੀ ਭਾਵਨਾ ਦੇ ਉਲਟ ਅਤੇ ਸਮਾਜ ਵਾਸਤੇ ਘਾਤਕ ਕਾਰਵਾਈ ਹੈ, ਇਸ ਤਰਾਂ ਭਵਿੱਖ ਵਿੱਚ ਸਰਕਾਰ ਉੱਤੇ ਐਸਸੀ ਸਮਾਜ ਬੇਭਰੋਸਗੀ ਨੂੰ ਵਧਾ ਸਕਦਾ ਹੈ।

ਐਸਸੀ ਸਮਾਜ ਦੀ ਨਰਾਜਗੀ ਉਹਨਾ ਦੇ ਦਿਹਾੜੀ ਮਜਦੂਰੀ ਨੂੰ ਵਧਾਉਣ ਦੇ ਮਾਮਲੇ ਨੂੰ ਲੈਕੇ ਅਤੇ ਝੋਨੇ ਦੀ ਲਵਾਈ ਦੇ ਠੇਕੇ ਨੂੰ ਲੈਕੇ ਬਹੁਤ ਲੰਮੇ ਸਮੇਂ ਤੋਂ ਚਲਦੀ ਆ ਰਹੀ ਹੈ। ਸੀਐਮ ਦੀ ਕੋਠੀ ਅੱਗੇ ਧਰਨੇ ਅਤੇ ਬੇਰੋਜਗਾਰਾਂ ਦੀ ਭੀੜ ਵੀ ਨਰਾਜਗੀ ਦਾ ਮੁਜਾਹਰਾ ਹੀ ਹੈ।

ਐਸਸੀ ਅਤੇ ਮਜਦੂਰ ਨੇਤਾਵਾ ਨਾਲ ਸਰਕਾਰ ਦਾ ਗਲਬਾਤ ਨਾਂ ਕਰਨਾ ਮਸ਼ਲੇ ਨਾਂ ਸੁਣਨਾ ਸਹੀ ਨਹੀਂਹੈ। ਕਿਸਾਨਾਂ ਨਾਲ ਤਾਲਮੇਲ ਅਤੇ ਸਰਕਾਰ ਦੀ ਮੁਲਾਕਾਤ ਮਜਦੂਰਾਂ ਤੋਂ ਦੂਰੀ ਸਮਝਾਉਂਦੀ ਹੈ। ਇਸ ਦੂਰੀ ਨੇ ਸੰਗਰੂਰ ਦੀ ਨਤੀਜੇਦਿਖਾ ਦਿੱਤਾ ਹਨ। ਪੰਜਾਬ ਦੇ ਬਜਟ ਵਿੱਚ ਜਿੱਥੇ ਸਾਢੇ 11 ਹਜਾਰ ਕਰੋੜ ਦਾ ਕਿਸਾਨਾਂ ਲਈ ਰਖਿਆ ਅਤੇ ਪ੍ਰਚਾਰਿਆ ਜਾ ਰਿਹਾ ਹੈ ਓਥੇ ਬਜਟ ਅਤੇ ਸਰਕਾਰ ਦੇ ਪ੍ਰਚਾਰ ਸਾਧਨਾਂ ਵਿੱਚ ਮਜਦੂਰ ਸ਼ਬਦ ਦੇ 4 ਅੱਖਰ ਵੀ ਨਜ਼ਰ ਨਹੀਂ ਆਏ, ਕਿਤੇ ਲੁਕਵੇਂ ਲਿਖ ਰਖੇ ਹੋਣ ਕਿਹਾ ਨਹੀਂ ਜਾ ਸਕਦਾ। ਬਜਟ ਵਿੱਚ ਮਜਦੂਰਾਂ ਦੇ ਵਿਕਾਸ ਰੋਜਗਾਰ ਲਈ ਕੁੱਝ ਵੀ ਨਹੀਂ। ਗਰੀਬ ਦਾ ਬੱਚਾ ਜੇ ਕਰ ਪੜ੍ਹ ਵੀ ਜਾਵੇ ਤਾਂ ਕਮਜੋਰ ਵਰਗ ਲਈ ਸੰਵਿਧਾਨਿਕ ਪ੍ਰਬੰਧ ਤਹਿਤ ਕੀਤੀ ਸਮਾਜਿਕ ਹਿੱਸੇਦਾਰੀ ਦਾ ਰਿਜਰਵ ਕੋਟਾ ਵੀ ਖਤਰੇ ਵਿੱਚ ਨਜਰ ਆਉਂਦਾ ਦਿਖਾਈ ਦਿੰਦਾ ਹੈ।ਆਪ ਨੂੰ ਪਈ 42% ਵੋਟ ਵਿੱਚੋਂ ਲਗਭਗ ਅੱਧੀ ਵੋਟ ਐਸਸੀ ਸਮਾਜ ਦੀ ਹੀ ਹੈ।

ਇਹਨੀ ਦਿਨੀ ਪੰਜਾਬ ਦਾਪੜਿਆ ਲਿਖਿਆ ਐਸਸੀ ਸਮਾਜ ਕੋਟੇ ਦੇ ਮਾਮਲੇ ਨੂੰ ਲੈਕੇ ਦਿੱਲੀ ਰਾਸ਼ਟਰੀ ਕਮਿਸ਼ਨ ਦੇ ਦਫਤਰਾਂ ਤੋਂ ਰਾਹਤ ਦੀ ਉਮੀਦ ਕਰਦਾ ਕਮਿਸ਼ਨ ਦੇ ਮੁਖੀ ਸਾਂਪਲਾ ਸਾਹਬ ਨਾਲ ਮੀਟਿੰਗਾ ਕਰ ਰਿਹਾ ਹੈ, ਅਤੇ ਸਹਾਇਤਾ ਦੀ ਉਮੀਦ ਵੀ ਕਰਦਾ ਹੈ। ਅਜਿਹੇ ਮਹੌਲ ਵਿੱਚ ਸਾਂਪਲਾ ਸਾਹਬ ਅਤੇ ਉਸ ਦੀ ਪਾਰਟੀ ਦੀ ਲੋੜ ਵਧ ਸਕਦੀ ਹੈ ਜਦੋਂ ਪੰਜਾਬ ਸਰਕਾਰ ਦੀਆਂ ਭਰਤੀਆਂ ਵਿੱਚ ਕੋਟੇ ਦਾ ਰੌਲਾ ਅਤੇ ਮਹਲਾ ਕਲੀਨਿਕਾਂ ਵਿੱਚ ਕੋਟਾ ਖਤਮ ਕਰਨ ਵਰਗੀਆਂ ਕੁਝ ਅਜਿਹੀਆਂ ਕਾਰਵਾਈਆਂ ਕਰੇਗੀ। ਐਸਸੀ ਸਮਾਜ ਅਕਾਲੀਆਂ ਅਤੇ ਕਾਂਗਰਸੀਆਂ ਤੋਂ ਸੱਤਾ, ਸਰਕਾਰ ਨਾ ਹੋਣ ਕਾਰਨ ਲਾਭ ਦੀ ਉਮੀਦ ਨਹੀਂ ਕਰ ਸਕਦਾ, ਬੇਚੈਨੀ ਦੀ ਹਾਲਤ ਵਿੱਚ ਉਹਨਾ ਦੇ ਵਿਰੋਧ ਪ੍ਰਦਰਸ਼ਨਾ ਵਿੱਚ ਭੀੜ ਕੁੱਝ ਹਿੱਸਾ ਜਰੂਰ ਬਣ ਸਕਦਾ ਹੈ। ਇਸ ਹਾਲਤ ਵਿੱਚ ਜਾਣੇ ਅਣਜਾਣੇ ਵਿੱਚ ਪੰਜਾਬ ਸਰਕਾਰ ਲੋਕਸਭਾ ਚੋਣਾਂ 2024 ਵਿੱਚ ਐਸਸੀ ਸਮਾਜ ਨੂੰ ਭਾਜਪਾ ਦੇ ਪਾਲੇ ਵੱਲ਼ ਧੱਕਕੇ ਉਸ ਨੂੰ ਲਾਭ ਪਹੁੰਚਾਉਣ ਵਿੱਚ ਸਫਲ ਹੋ ਸਕਦੀ। ਐਸਸੀ ਸਮਾਜ ਲਈ ਰਿਜਰਨੇਸ਼ਨ ਦੇ ਮਾਮਲੇ ਵਿੱਚ ਅਜੀਬ ਸਥਿਤੀ ਹੋ ਸਕਦੀ ਹੈ, ਉਹ ਆਪ ਵੱਲ ਜਾਵੇ ਜਾ ਭਾਜਪਾ ਵੱਲ? ਇਹ ਸਥਿਤੀ ਵਿੱਚ ਪੰਜਾਬ ਦੇ ਹੋਰ ਸਮਾਜ ਦੇ ਲੋਕਾਂ ਲਈ ਵਿੱਚ ਨੇੜੇ ਭਵਿੱਖ ਵਿੱਚ ਦੋ ਹੀ ਔਪਸਨ ਬਾਕੀ ਰਹਿ ਸਕਦੀ ਹੈ ਭਾਜਪਾ ਜਾਂ ਆਪ। ਲੇਕਿਨ ਇਹ ਇਹੋ ਹੀ ਸਮਾਂ ਹੋ ਸਕਦਾ ਹੈ ਜਦੋਂ ਪੰਜਾਬ ਦੇ ਐਸਸੀ ਬੀਸੀ ਸਮਾਜ ਦੀ ਰਾਜਨੀਤੀ ਵਿੱਚ ਕੋਈ ਨਵਾਂ ਇਨਕਲਾਬ ਹੋ ਸਕਦਾ ਹੈ।

# ਰਿਸ਼ੀ ਸੁਨਕ, ਸੁਏਲਾ ਬ੍ਰੇਵਰਮੈਨ: ਯੂਕੇ ਦੇ ਪ੍ਰਧਾਨ ਮੰਤਰੀ ਦੀ ਦੌੜ ਵਿੱਚ ਭਾਰਤੀ ਮੂਲ ਦੇ ਮਨਪਸੰਦ

ਬੋਰਿਸ ਜੌਹਨਸਨ ਦੇ ਅਸਤੀਫ਼ੇ ਤੋਂ ਬਾਅਦ ਯੂਨਾਈਟਿਡ ਕਿੰਗਡਮ (ਯੂਕੇ) ਵਿੱਚ ਪੈਦਾ ਹੋਏ ਰਾਜਨੀਤਿਕ ਸੰਕਟ ਅਤੇ ਉਨ੍ਹਾਂ ਦੇ ਕਾਰਜਕਾਰੀ ਪ੍ਰਧਾਨ ਮੰਤਰੀ (ਪੀ। ਐੱਮ।) ਦੇ ਅਹੁਦੇ ਤੋਂ ਹਟਾਏ ਜਾਣ ਦੇ ਨਾਲ, ਰਿਸ਼ੀ ਸੁਨਕ, ਸਾਬਕਾ ਵਿੱਤ ਮੰਤਰੀ, ਅਗਲੇ ਬ੍ਰਿਟਿਸ਼ ਪ੍ਰਧਾਨ ਮੰਤਰੀ ਵਜੋਂ ਜੌਹਨਸਨ ਦੀ ਥਾਂ ਲੈਣ ਦੇ ਮਨਪਸੰਦਾਂ ਵਿੱਚੋਂ ਇੱਕ ਹਨ। ਜੇਕਰ ਅਜਿਹਾ ਹੁੰਦਾ ਹੈ, ਤਾਂ 42 ਸਾਲਾ ਬ੍ਰਿਟੇਨ ਦੇ ਪਹਿਲੇ ਭਾਰਤੀ ਮੂਲ ਦੇ ਪ੍ਰਧਾਨ ਮੰਤਰੀ ਬਣ ਸਕਦੇ ਹਨ।

ਵਿਦੇਸ਼ ਸਕੱਤਰ ਲਿਜ਼ ਟਰਸ, ਗ੍ਰਹਿ ਸਕੱਤਰ ਪ੍ਰੀਤੀ ਪਟੇਲ, ਅਤੇ ਭਾਰਤੀ ਮੂਲ ਦੀ ਇੱਕ ਹੋਰ ਸੰਸਦ ਮੈਂਬਰ ਸੁਏਲਾ ਬ੍ਰੇਵਰਮੈਨ ਚੋਟੀ ਦੇ ਅਹੁਦੇ ਲਈ ਅੱਗੇ ਹਨ। ਸੁਨਕ ਨੇ ਮੰਗਲਵਾਰ ਨੂੰ ਵਿੱਤ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਕਿਹਾ ਕਿ ਬ੍ਰਿਟਿਸ਼ ਜਨਤਾ ਸਰਕਾਰ ਤੋਂ ਸਹੀ, ਗੰਭੀਰਤਾ ਅਤੇ ਯੋਗਤਾ ਨਾਲ ਕੰਮ ਕਰਨ ਦੀ ਉਮੀਦ ਕਰਦੀ ਹੈ।

ਕੋਵਿਡ-19 ਆਰਥਿਕ ਬਚਾਅ ਪੈਕੇਜ ਲਈ ਉਸਦੀ ਪ੍ਰਸ਼ੰਸਾ ਕੀਤੀ ਗਈ ਸੀ, ਜਿਸ ਵਿੱਚ ਇੱਕ ਮਹਿੰਗੇ ਨੌਕਰੀਆਂ ਨੂੰ ਸੰਭਾਲਣ ਦਾ ਪ੍ਰੋਗਰਾਮ ਸ਼ਾਮਲ ਸੀ ਜਿਸ ਨੇ ਦੇਸ਼ ਵਿੱਚ ਵਿਆਪਕ ਬੇਰੁਜ਼ਗਾਰੀ ਨੂੰ ਰੋਕਿਆ ਸੀ। ਹਾਲਾਂਕਿ, ਸੁਨਕ ਦੀ ਘਰਾਂ ਨੂੰ ਲੋੜੀਂਦੀ ਲਾਗਤ-ਸਹਾਇਤਾ ਪ੍ਰਦਾਨ ਨਾ ਕਰਨ ਲਈ ਵੀ ਆਲੋਚਨਾ ਕੀਤੀ ਗਈ ਸੀ। ਉਸਦੀ ਅਮੀਰ ਪਤਨੀ ਦੀ ਗੈਰ-ਨਿਵਾਸ ਟੈਕਸ ਸਥਿਤੀ ਅਤੇ ਜੌਹਨਸਨ ਦੇ ਨਾਲ, ਕੋਵਿਡ ਲਾਕਡਾਊਨ ਨਿਯਮਾਂ ਦੀ ਉਲੰਘਣਾ ਕਰਨ ਲਈ ਉਸਨੂੰ ਪ੍ਰਾਪਤ ਹੋਏ ਜੁਰਮਾਨੇ ਬਾਰੇ ਖੁਲਾਸੇ ਦੁਆਰਾ ਉਸਦੀ ਸਥਿਤੀ ਨੂੰ ਨੁਕਸਾਨ ਪਹੁੰਚਿਆ ਸੀ।

ਬ੍ਰਿਟੇਨ ਦੇ ਪ੍ਰਧਾਨ ਮੰਤਰੀ ਅਹੁਦੇ ਦੀ ਦੌੜ ਦੱਖਣੀ ਏਸ਼ੀਆਈ ਚਿਹਰਿਆਂ ਨਾਲ ਭਰੀ ਹੋਈ ਹੈ। ਰਿਸ਼ੀ ਸੁਨਕ, ਪ੍ਰੀਤੀ ਪਟੇਲ, ਸੁਏਲਾ ਬ੍ਰੇਵਰਮੈਨ ਅਤੇ ਸਾਜਿਦ ਜਾਵਿਦ ਚੋਟੀ ਦੇ ਦਾਅਵੇਦਾਰਾਂ ਵਿੱਚ ਸ਼ਾਮਲ ਹਨ। ਹਾਲਾਂਕਿ ਸਾਬਕਾ ਕੁਲਪਤੀ ਰਿਸ਼ੀ ਸੁਨਕ ਨੂੰ ਇਸ ਦੌੜ 'ਚ ਚਹੇਤੇ ਵਜੋਂ ਦੇਖਿਆ ਜਾ ਰਿਹਾ ਹੈ। ਜੇਕਰ ਇਹਨਾਂ ਵਿੱਚੋਂ ਕੋਈ ਵੀ ਦਾਅਵੇਦਾਰ ਯੂਨਾਈਟਿਡ ਕਿੰਗਡਮ ਵਿੱਚ ਚੋਟੀ ਦੇ ਅਹੁਦੇ 'ਤੇ ਪਹੁੰਚ ਜਾਂਦਾ ਹੈਤਾਂ ਇਤਿਹਾਸ ਸਕ੍ਰਿਪਟ ਕੀਤਾ ਜਾਵੇਗਾ। ਇਸ ਰਿਪੋਰਟ ਵਿੱਚ ਅਸੀਂ ਤੁਹਾਨੂੰ ਇਨ੍ਹਾਂ ਸਾਰੇ ਨੇਤਾਵਾਂ ਬਾਰੇ ਦੱਸਦੇ ਹਾਂ ਜੋ ਬ੍ਰਿਟੇਨ ਦੇ ਅਗਲੇ ਪ੍ਰਧਾਨ ਮੰਤਰੀ ਹੋ ਸਕਦੇ ਹਨ।

ਯੂਕੇ ਦੇ ਸਾਊਥਹੈਂਪਟਨ ਖੇਤਰ ਵਿੱਚ ਇੱਕ ਭਾਰਤੀ ਪਰਿਵਾਰ ਵਿੱਚ ਜਨਮੇ, ਰਿਸ਼ੀ ਸੁਨਕ ਇੱਕ ਫਾਰਮਾਸਿਸਟ ਮਾਂ ਅਤੇ ਇੱਕ ਨੈਸ਼ਨਲ ਹੈਲਥ ਸਰਵਿਸ ਦੇ ਜਨਰਲ ਪ੍ਰੈਕਟੀਸ਼ਨਰ ਪਿਤਾ ਦਾ ਪੁੱਤਰ ਹੈ। ਉਸ ਦੇ ਦਾਦਾ-ਦਾਦੀ ਪੰਜਾਬ ਤੋਂ ਹਨ। ਰਿਪੋਰਟਾਂ ਦੇ ਅਨੁਸਾਰ, ਸੁਨਕ ਦਾ ਪਰਿਵਾਰ ਪੂਰਬੀ ਅਫਰੀਕਾ ਵਿੱਚ ਇੱਕ ਬਿਹਤਰ ਜੀਵਨ ਦੀ ਭਾਲ ਲਈ ਪਰਵਾਸ ਕਰ ਗਿਆ ਸੀ, ਪਰ ਜਦੋਂ ਭਾਰਤੀਆਂ ਦੇ ਵਿਰੁੱਧ ਵਿਆਪਕ ਭਾਵਨਾਵਾਂ ਦੇ ਵਿਚਕਾਰ ਖੇਤਰ ਵਿੱਚ ਮੁਸੀਬਤ ਸ਼ੁਰੂ ਹੋਈ, ਤਾਂ ਉਸਦੇ ਦਾਦਾ ਨੇ ਬ੍ਰਿਟੇਨ ਵਿੱਚ ਆਪਣਾ ਅਧਾਰ ਤਬਦੀਲ ਕਰ ਦਿੱਤਾ। ਸੁਨਕ ਇੱਕ ਆਕਸਫੋਰਡ ਯੂਨੀਵਰਸਿਟੀ ਅਤੇ ਸਟੈਨਫੋਰਡ ਗ੍ਰੈਜੂਏਟ ਹੈ। ਉਸਦਾ ਵਿਆਹ ਇਨਫੋਸਿਸ ਦੇ ਸਹਿ-ਸੰਸਥਾਪਕ ਨਰਾਇਣ ਮੂਰਤੀ ਦੀ ਧੀ ਅਕਸ਼ਾ ਮੂਰਤੀ ਨਾਲ ਹੋਇਆ ਹੈ। 2009 ਵਿੱਚ ਵਿਆਹ ਦੇ ਬੰਧਨ ਵਿੱਚ ਬੱਝਣ ਵਾਲੇ ਇਸ ਜੋੜੇ ਦੀਆਂ ਦੋ ਬੇਟੀਆਂ ਹਨ, ਅਨੁਸ਼ਕਾ ਅਤੇ ਕ੍ਰਿਸ਼ਨਾ।



### ਯੂਕੇ ਦੀ ਰਾਜਨੀਤੀ ਵਿੱਚ

### ਰਿਸ਼ੀ ਸੁਨਕ ਦੀ ਸ਼ੁਰੂਆਤੀ ਪਾਰੀ

ਰਿਚਮੰਡ, ਯੌਰਕਸ਼ਾਇਰ ਤੋਂ ਚੁਣੇ ਜਾਣ ਤੋਂ ਬਾਅਦ ਸੁਨਕ ਪਹਿਲੀ ਵਾਰ 2015 ਵਿੱਚ ਸੰਸਦ ਮੈਂਬਰ (ਐਮਪੀ) ਬਣਿਆ। ਉਹ ਕੰਜ਼ਰਵੇਟਿਵ ਪਾਰਟੀ ਦੇ ਰੈਂਕਾਂ ਵਿੱਚੋਂ ਤੇਜ਼ੀ ਨਾਲ ਉੱਠਿਆ ਅਤੇ 'ਬ੍ਰੈਕਸਿਟ' ਲਈ ਕਾਲਾਂ ਦਾ ਸਮਰਥਨ ਕੀਤਾ। ਸੁਨਕ ਆਪਣੀ 'ਈਯੂ ਛੱਡੋ' ਮੁਹਿੰਮ ਦੌਰਾਨ ਜੌਹਨਸਨ ਦੇ ਸਮਰਥਕਾਂ ਵਿੱਚੋਂ ਇੱਕ ਸੀ। ਉਸਨੇ ਫਰਵਰੀ 2020 ਵਿੱਚ ਇਤਿਹਾਸ ਰਚਿਆ ਜਦੋਂ ਉਸਨੂੰ ਖਜ਼ਾਨੇ ਦਾ ਚਾਂਸਲਰ ਨਿਯੁਕਤ ਕੀਤਾ ਗਿਆ, ਜੋ ਕਿ ਯੂਕੇ ਕੈਬਨਿਟ ਦਾ ਸਭ ਤੋਂ ਮਹੱਤਵਪੂਰਨ ਅਹੁਦਾ ਹੈ। ਸੁਨਕ ਕੋਵਿਡ-19 ਮਹਾਂਮਾਰੀ ਦੌਰਾਨ ਕਰਮਚਾਰੀਆਂ ਅਤੇ ਕਾਰੋਬਾਰਾਂ ਦਾ ਸਮਰਥਨ ਕਰਨ ਲਈ ਆਪਣੇ ਆਰਥਿਕ ਪੈਕੇਜ ਲਈ ਪ੍ਰਸਿੱਧ ਹੋ ਗਿਆ ਸੀ, ਜਿਸ ਵਿੱਚ ਨੌਕਰੀਆਂ ਦੀ ਧਾਰਨਾ ਪ੍ਰੋਗਰਾਮ ਸ਼ਾਮਲ ਸੀ, ਜਿਸ ਨੇ ਕਥਿਤ ਤੌਰ 'ਤੇ ਯੂਕੇ ਵਿੱਚ ਵਿਆਪਕ ਬੇਰੁਜ਼ਗਾਰੀ ਨੂੰ ਰੋਕਿਆ ਸੀ।

### ਬਹੁਤ ਸਾਰੇ ਵਿਵਾਦ

ਪਰ, ਸੁਨਕ ਦੀ ਪ੍ਰਸਿੱਧੀ 'ਪਾਰਟੀਗੇਟ' ਸਕੈਂਡਲ, ਕੋਵਿਡ -19 ਨਿਯਮਾਂ ਦੀ ਉਲੰਘਣਾ ਕਰਨ ਅਤੇ ਸਰਕਾਰੀ ਦਫਤਰਾਂ ਵਿੱਚ ਲੌਕਡਾਊਨ ਪਾਰਟੀਆਂ ਆਯੋਜਿਤ ਕਰਨ ਤੋਂ ਬਾਅਦ ਪ੍ਰਭਾਵਿਤ ਹੋਈ। ਇਸ ਦੇ ਫਲਸਰੂਪ ਜੌਹਨਸਨ ਸਰਕਾਰ ਵਿੱਚ ਸੰਕਟ ਪੈਦਾ ਹੋ ਗਿਆ।ਸੁਨਕ ਨੂੰ ਆਪਣੀ ਅਮੀਰ ਪਤਨੀ ਦੀ ਗੈਰ-ਨਿਵਾਸੀ ਟੈਕਸ ਸਥਿਤੀ ਲਈ ਵੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ। ਟੈਕਸ ਸਥਿਤੀ ਉਸ ਵਿਅਕਤੀ ਨੂੰ ਇਜਾਜ਼ਤ ਦਿੰਦੀ ਹੈ ਜੋ ਕਿਸੇ ਹੋਰ ਦੇਸ਼ ਵਿੱਚ ਪੈਦਾ ਹੋਇਆ ਸੀ, ਜਾਂ ਜੇਕਰ ਉਸਦੇ ਮਾਤਾ-ਪਿਤਾ ਕਿਸੇ ਹੋਰ ਦੇਸ਼ ਤੋਂ ਹਨ, ਤਾਂ ਯੂਕੇ ਵਿੱਚ ਟੈਕਸ ਦਾ ਭੁਗਤਾਨ ਕਰਨ ਲਈ ਸਿਰਫ਼ ਉਸ ਦੇਸ਼ ਵਿੱਚ ਕਮਾਈ ਕੀਤੀ ਜਾਂਦੀ ਹੈ। ਇਹ ਖੁਲਾਸਾ ਹੋਇਆ ਕਿ ਅਕਸ਼ਾ, ਜੋ ਅਜੇ ਵੀ ਭਾਰਤੀ ਨਾਗਰਿਕ ਹੈ, ਦਾ ਯੂਕੇ ਵਿੱਚ ਗੈਰ-ਨਿਵਾਸ ਦਰਜਾ ਸੀ। ਇਸਨੇ ਉਸਨੂੰ ਆਪਣੀ ਵਿਦੇਸ਼ ਕਮਾਈ 'ਤੇ ਟੈਕਸ ਅਦਾ ਕਰਨ ਤੋਂ ਬਚਣ ਦੀ ਇਜਾਜ਼ਤ ਦਿੱਤੀ ਕਿਉਂਕਿ ਉਸਨੇ ਉੱਥੇ ਰਹਿਣ ਲਈ ਭਾਰਤ ਵਾਪਸ ਆਉਣ ਬਾਰੇ ਸੋਚਿਆ। ਰਿਪੋਰਟਾਂ ਦੇ ਅਨੁਸਾਰ, ਅਕਸ਼ਿਤਾ ਦਾ ਇੱਕ ਗੈਰ-ਨਿਵਾਸ ਹੋਣ ਦਾ ਦਰਜਾ ਉਸ ਨੂੰ ਭਾਰਤ ਦੀ ਦੂਜੀ ਸਭ ਤੋਂ ਵੱਡੀ ਆਈਟੀ ਕੰਪਨੀ - ਇਨਫੋਸਿਸ ਵਿੱਚ ਰੱਖੇ ਸ਼ੇਅਰਾਂ ਤੋਂ ਲਾਭਅੰਸ਼ਾਂ 'ਤੇ ਟੈਕਸਾਂ ਵਿੱਚ ਲਗਭਗ 20 ਮਿਲੀਅਨ ਪੌਂਡ ਦੀ ਬਚਤ ਕਰਨ ਦਿੰਦਾ ਹੈ। ਜਦੋਂ ਤੋਂ ਸੁਨਕ ਨੇ ਚਾਂਸਲਰ ਦਾ ਅਹੁਦਾ ਸੰਭਾਲਿਆ ਹੈ, ਬ੍ਰਿਟੇਨ ਦੇ ਮੀਡੀਆ ਵਿੱਚ ਉਨ੍ਹਾਂ ਦੇ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਨਜ਼ਰ ਰੱਖਣ ਬਾਰੇ ਬਹੁਤ ਸਾਰੇ ਅੰਦਾਜ਼ੇ ਲਗਾਏ ਜਾ ਰਹੇ ਹਨ।ਬੇਸ਼ੱਕ, ਯੂਕੇ ਵਿੱਚ ਅਕਤੂਬਰ ਤੋਂ ਇੱਕ ਨਵਾਂ ਪ੍ਰਧਾਨ ਮੰਤਰੀ ਹੋਵੇਗਾ ਅਤੇ ਸੁਨਕ ਦੇਸ਼ ਅਤੇ ਪਾਰਟੀ ਨੂੰ ਚਲਾਉਣ ਵਾਲਾ ਪਹਿਲਾ ਭਾਰਤੀ ਮੂਲ ਦਾ ਵਿਅਕਤੀ ਬਣ ਸਕਦਾ ਹੈ।



ਹਰਦੀਪ ਸਿੰਘ ਚੁੰਬਰ
+91-94636-01616

# ਰਾਜ ਸਭਾ ਮੈਂਬਰ ਰਾਘਵ ਚੱਢਾ ਪੰਜਾਬ ਸਰਕਾਰ ਦੀ ਸਲਾਹਕਾਰ ਕਮੇਟੀ ਦਾ ਚੇਅਰਮੈਨ

## ਵਿਰੋਧੀ ਧਿਰ ਨੇ ਸਲਾਹਕਾਰ ਸੰਸਥਾ ਦੀ ਕਾਨੂੰਨੀਤਾ ’ਤੇ ਸਵਾਲ ਚੁੱਕੇ ਹਨ

ਪੰਜਾਬ ਸਰਕਾਰ ਨੇ ਰਾਜ ਸਭਾ ਮੈਂਬਰ ਅਤੇ 'ਆਪ' ਨੇਤਾ ਰਾਘਵ ਚੱਢਾ ਨੂੰ ਲੋਕ ਹਿੱਤ ਦੇ ਮਾਮਲਿਆਂ 'ਤੇ ਸਲਾਹਕਾਰ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਰਾਜ ਸਰਕਾਰ ਨੇ ਹਾਲ ਹੀ ਵਿੱਚ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਜਿਸ ਵਿੱਚ ਜਨਤਕ ਹਿੱਤਾਂ ਦੇ ਮਾਮਲਿਆਂ 'ਤੇ ਸਲਾਹਕਾਰ ਸੰਸਥਾ ਦੇ ਗਠਨ ਦੀ ਘੋਸ਼ਣਾ ਕੀਤੀ ਗਈ ਸੀ - ਇੱਕ ਅਜਿਹਾ ਵਿਕਾਸ ਜੋ ਮੁਸੀਬਤ ਵਿੱਚ ਪੈ ਗਿਆ ਕਿਉਂਕਿ ਵਿਰੋਧੀ ਧਿਰ ਨੇ ਸੰਸਥਾ ਦੀ ਕਾਨੂੰਨੀਤਾ 'ਤੇ ਸਵਾਲ ਉਠਾਏ ਹਨ।

ਇਸ ਤੋਂ ਪਹਿਲਾਂ ਇਸ ਘਟਨਾਕ੍ਰਮ 'ਤੇ ਪ੍ਰਤੀਕਿ-ਰਿਆ ਦਿੰਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਟਵੀਟ ਕੀਤਾ ਸੀ, 'ਮਾਨ ਸਾਹਿਬ ਤੁਸੀਂ ਅਸਲ ਸ਼ਕਤੀ ਨਾਲ ਵਾਧੂ ਸੰਵਿਧਾਨਕ ਅਥਾਰਟੀਆਂ ਕਿਉਂ ਬਣਾ ਰਹੇ ਹੋ ਪਰ ਕੋਈ ਜਵਾਬਦੇਹੀ ਨਹੀਂ। ਕੀ 'ਆਪ' 'ਚ ਸੁਪਰ ਕੈਬਿਨੇਟ ਅਤੇ ਸੁਪਰ ਛੰ ਬਣਾਉਣ ਦੀ ਅਸਲ ਸ਼ਕਤੀਆਂ ਦੀ ਕੋਈ ਸਾਜ਼ਿਸ਼ ਹੈ? ਕਿਰਪਾ ਕਰਕੇ ਪੰਜਾਬ ਨੂੰ ਦੱਸੋ ਕਿ ਤੁਸੀਂ ਅਜਿਹੀ ਸਲਾਹ ਕਿਉਂ ਮੰਗ ਰਹੇ ਹੋ ਅਤੇ ਇਸ ਦੇ ਚੇਅਰਮੈਨ ਅਤੇ ਮੈਂਬਰ ਕੌਣ ਹੋਣਗੇ।

ਰਾਜ ਸਭਾ ਮੈਂਬਰ ਰਾਘਵ ਚੱਢਾ ਨੂੰ ਪੰਜਾਬ ਸਰਕਾਰ ਦੀ ਨਵੀਂ ਸਲਾਹਕਾਰ ਕਮੇਟੀ ਦਾ ਚੇਅਰਮੈਨ ਬਣ-ਾਇਆ ਗਿਆ ਹੈ। ਇਹ ਕਮੇਟੀ ਲੋਕ ਹਿੱਤ ਦੇ ਮੁੱਦਿਆਂ 'ਤੇ ਸਰਕਾਰ ਨੂੰ ਸਲਾਹ ਦੇਵੇਗੀ। ਰਾਜ ਦੇ ਨਵ-ਨਿਯੁਕਤ ਮੁੱਖ ਸਕੱਤਰ ਵਿਜੇ ਕੁਮਾਰ ਜੰਜੂਆ ਨੇ 8 ਜੁਲਾਈ ਨੂੰ 'ਜਨਤਕ ਮੁੱਦਿਆਂ 'ਤੇ ਸਲਾਹਕਾਰ ਕਮੇਟੀ' ਗਠਿਤ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਸੀ।ਜਾਰੀ ਕੀਤੇ ਗਏ ਨੋਟੀਫਿਕੇਸ਼ਨ ਅਨੁਸਾਰ ਕਮੇਟੀ ਵਿੱਚ ਇੱਕ ਚੇਅਰਮੈਨ ਅਤੇ ਹੋਰ ਮੈਂਬਰ ਹੋਣਗੇ। ਕਮੇਟੀ ਦੇ ਮੈਂਬਰ ਸਿੱਧੇ ਤੌਰ 'ਤੇ ਅਧਿਕਾਰੀਆਂ ਨੂੰ ਮਿਲ ਸਕਣਗੇ। ਇਸ ਕਮੇਟੀ ਦੇ ਬਣਨ ਨਾਲ ਇਸ ਦੇ ਚੇਅਰਮੈਨ ਰਾਘਵ ਚੱਢਾ ਕਿਸੇ ਵੀ ਸੀਨੀਅਰ ਸਰਕਾਰੀ ਅਧਿਕਾਰੀ ਨਾਲ ਅਧਿਕਾਰਤ ਮੀਟਿੰਗ ਕਰ ਸਕਣਗੇ।

ਇਸ ਕਮੇਟੀ ਰਾਹੀਂ ਦਿੱਲੀ ਅਤੇ ਪੰਜਾਬ ਸਰਕਾਰ ਦਰਮਿਆਨ ਗਿਆਨ ਵੰਡ ਸਮਝੌਤੇ ਨੂੰ ਲਾਗੂ ਕੀਤਾ ਜਾਵੇਗਾ। ਇਸ ਕਮੇਟੀ ਦੇ ਮੈਂਬਰਾਂ ਨੂੰ ਕੋਈ ਵਾਧੂ ਤਨਖਾਹ ਜਾਂ ਭੱਤਾ ਨਹੀਂ ਮਿਲੇਗਾ।ਪੰਜਾਬ ਸਰਕਾਰ ਅਨੁਸਾਰ ਇਸ ਕਮੇਟੀ ਦੇ ਗਠਨ ਦਾ ਕਾਰਨ ਸਰਕਾਰ ਦੇ ਪ੍ਰਸ਼ਾਸਨਿਕ ਕੰਮਾਂ ਵਿੱਚ ਤੇਜ਼ੀ ਆਉਣਾ ਹੈ। ਇਹ ਲੋਕ ਮਸਲਿਆਂ ਨਾਲ ਸਬੰਧਤ ਫੈਸਲਿਆਂ ਸਬੰਧੀ ਸਰਕਾਰ ਦਾ ਕੰਮ ਦੇਖੇਗਾ ਅਤੇ ਲੋੜ ਪੈਣ ’ਤੇ ਸੁਧਾਰਾਂ ਦੀ ਸਿਫਾਰਸ਼ ਵੀ ਕਰੇਗਾ।



ਰਾਜ ਸਰਕਾਰ ਨੇ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਹੈ, ਜਿਸ ਵਿੱਚ ਜਨਤਕ ਹਿੱਤਾਂ ਦੇ ਮਾਮਲਿਆਂ 'ਤੇ ਇੱਕ ਸਲਾਹਕਾਰ ਸੰਸਥਾ ਦੇ ਗਠਨ ਦੀ ਘੋਸ਼ਣਾ ਕੀਤੀ ਗਈ ਹੈ - ਇੱਕ ਅਜਿਹਾ ਵਿਕਾਸ ਜੋ ਮੁਸ਼ਕਲ ਵਿੱਚ ਪੈ ਗਿਆ ਹੈ, ਕਿਉਂਕਿ ਵਿਰੋਧੀ ਧਿਰ ਨੇ ਸਲਾਹਕਾਰ ਸੰਸਥਾ ਦੀ ਕਾਨੂੰਨੀਤਾ 'ਤੇ ਸਵਾਲ ਉਠਾਏ ਹਨ।

ਜਨਤਕ ਪ੍ਰਸ਼ਾਸਨ ਨਾਲ ਸਬੰਧਤ ਜਨਤਕ ਮਹੱਤਤਾ ਦੇ ਮਾਮਲਿਆਂ 'ਤੇ ਸਰਕਾਰ ਨੂੰ ਸਲਾਹ ਦੇਣ ਲਈ ਇੱਕ ਅਸਥਾਈ ਅਤੇ ਐਡਹਾਕ ਕਮੇਟੀ ਹੋਵੇਗੀ। ਕਮੇਟੀ ਵਿੱਚ ਇੱਕ ਚੇਅਰਮੈਨ ਅਤੇ ਹੋਰ ਮੈਂਬਰ ਹੋਣਗੇ। ਚੇਅਰਮੈਨ ਅਤੇ ਮੈਂਬਰਾਂ ਦਾ ਦਫ਼ਤਰ ਕਿਸੇ ਮੁਆਵਜ਼ੇ ਦਾ ਹੱਕਦਾਰ ਨਹੀਂ ਹੋਵੇਗਾ। ਸਲਾਹਕਾਰ ਸੰਸਥਾ ਨੂੰ ਚੰਡੀਗੜ੍ਹ ਵਿੱਚ ਦਿੱਲੀ ਸਰਕਾਰ ਦੇ ਪਿਛਲੇ ਦਰਵਾਜ਼ੇ ਦੇ ਰੂਪ ਵਿੱਚ ਦੇਖਿਆ ਜਾਣਾ ਚਾਹੀਦਾ ਹੈ। ਮੈਂ ਪੰਜਾਬ ਦੇ ਹਿੱਤਾਂ ਦੇ ਰਾਖੇ ਵਜੋਂ ਕੰਮ ਕਰਨ ਲਈ ਰਾਜਪਾਲ ਦੇ ਦਖਲ ਦੀ ਮੰਗ ਕਰਾਂਗਾ। - ਪ੍ਰਤਾਪ ਸਿੰਘ ਬਾਜਵਾ, ਸੀਐਲਪੀ ਆਗੂ, ਇਹ ਸਰਕਾਰ, ਕੈ-ਬਨਿਟ ਨੂੰ ਕਮਜ਼ੋਰ ਕਰੇਗਾ, ਇਹ ਬਿਨਾਂ ਕਿਸੇ ਜਵਾਬਦੇਹੀ ਦੇ ਇੱਕ ਵਾਧੂ-ਸੰਵਿਧਾਨਕ ਅਥਾਰਟੀ ਬਣਾਉਣ ਦੇ ਬਰਾਬਰ ਹੈ। ਇਹ ਚੁਣੀ ਹੋਈ ਸਰਕਾਰ ਅਤੇ ਮੰਤਰੀ ਮੰਡਲ ਦੇ ਫਤਵੇ ਨੂੰ ਕਮਜ਼ੋਰ ਕਰੇਗਾ। - ਰਾਜਾ ਵੜਿੰਗ, ਪ੍ਰਦੇਸ਼ ਕਾਂਗਰਸ ਪ੍ਰਧਾਨ।

ਅੱਜ ਮੀਡੀਆ ਹਲਕਿਆਂ ਵਿੱਚ ਜ਼ੋਰਦਾਰ ਚਰਚਾ ਸੀ ਕਿ ਸਲਾਹਕਾਰ ਸੰਸਥਾ ਬਣਾਉਣ ਦਾ ਫੈਸਲਾ ਰਾਜ ਸਭਾ ਮੈਂਬਰ ਰਾਘਵ ਚੱਢਾ ਨੂੰ ਇਸ ਦਾ ਚੇਅਰਮੈਨ ਬਣਾਉਣ ਦਾ ਇੱਕ ਤਰੀਕਾ ਸੀ।ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ "ਜਨਤਕ ਪ੍ਰਸ਼ਾਸਨ ਨਾਲ ਸਬੰਧਤ ਜਨਤਕ ਮਹੱਤਤਾ ਦੇ ਮਾਮਲਿਆਂ ਵਿੱਚ ਸਰਕਾਰ ਨੂੰ ਸਲਾਹ ਦੇਣ ਲਈ ਇੱਕ ਅਸਥਾਈ ਅਤੇ ਐਡਹਾਕ ਕਮੇਟੀ ਹੋਵੇਗੀ"।ਨੋਟੀਫਿਕੇਸ਼ਨ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਕਮੇਟੀ ਵਿੱਚ “ਇੱਕ ਚੇਅਰਮੈਨ ਅਤੇ ਹੋਰ ਮੈਂਬਰ ਹੋਣਗੇ। ਚੇਅਰਮੈਨ ਅਤੇ ਮੈਂਬਰਾਂ ਦਾ ਦਫ਼ਤਰ ਕਿਸੇ ਵੀ ਮੁਆਵਜ਼ੇ ਦਾ ਹੱਕਦਾਰ ਨਹੀਂ ਹੋਵੇਗਾ।'ਆਪ' ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ, ਕਾਂਗਰਸ ਵਿਧਾਇਕ ਦਲ (ਸੀਐਲਪੀ) ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਲੋਕ ਪ੍ਰਸ਼ਾਸਨ ਦੇ ਮਾਮਲਿਆਂ 'ਤੇ ਸਰਕਾਰ ਨੂੰ ਸਲਾਹ ਦੇਣ ਲਈ ਇੱਕ ਅਸਥਾਈ ਸੰਸਥਾ ਦਾ ਗਠਨ ਕਰਨ ਦਾ ਉਦੇਸ਼ ਚੱਢਾ ਨੂੰ "ਪੰਜਾਬ ਦਾ ਰੀਜੈਂਟ" ਨਿ-ਯੁਕਤ ਕਰਨਾ ਸੀ।

ਇਸ ਦਾ ਮਤਲਬ ਹੈ ਕਿ ਮੁੱਖ ਮੰਤਰੀ ਹਰ ਪੰਜਾਬੀ ਦੇ ਹਿੱਤਾਂ ਦੀ ਰਾਖੀ ਕਰਨ ਦੇ ਅਸਮਰੱਥ ਹਨ। ਹੁਣ, ਦਿੱਲੀ ਦੀ 'ਆਪ' ਸਰਕਾਰ ਕੋਲ ਪੰਜਾਬ 'ਤੇ ਕਾਬਜ਼ ਹੋਣ ਦਾ ਇੱਕ ਜਾਇਜ਼ ਤਰੀਕਾ ਹੋਵੇਗਾ, ਜਿਸ ਨਾਲ ਇਸ ਧਾਰਨਾ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ ਕਿ ਭਗਵੰਤ ਮਾਨ ਦਿੱਲੀ ਦੇ ਮੁੱਖ ਮੰਤਰੀ ਦੀ ਕਠਪੁਤਲੀ ਹੈ, ”ਕਾਂਗਰਸ ਨੇਤਾ ਨੇ ਕਿਹਾ।ਸੂਬਾ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਸਲਾਹਕਾਰ ਸੰਸਥਾ ਦਾ ਚੇਅਰਮੈਨ ਆਖਰਕਾਰ ਸੂਬੇ ਦਾ ਮੁੱਖ ਮੰਤਰੀ ਬਣ ਸਕਦਾ ਹੈ।

“ਇਹ ਬਿਨਾਂ ਕਿਸੇ ਜਵਾਬਦੇਹੀ ਦੇ ਇੱਕ ਵਾਧੂ-ਸੰਵਿਧਾਨਕ ਅਥਾਰਟੀ ਬਣਾਉਣ ਦੇ ਬਰਾਬਰ ਹੈ। ਇਹ ਇੱਕ ਚੁਣੀ ਹੋਈ ਸਰਕਾਰ ਅਤੇ ਮੰਤਰੀ ਮੰਡਲ ਦੇ ਸੰਵਿਧਾਨਕ ਆਦੇਸ਼ ਨੂੰ ਕਮਜ਼ੋਰ ਕਰੇਗਾ। ਸਰਕਾਰ ਨੂੰ ਇਸ ਕਮੇਟੀ ਦੇ ਪਿੱਛੇ ਦੇ ਮਕਸਦ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਅਤੇ ਸਪੱਸ਼ਟ ਕਰਨਾ ਚਾਹੀਦਾ ਹੈ, ”ਉਸਨੇ ਕਿਹਾ।

ਬਾਅਦ ਵਿੱਚ ਸ਼ਾਮ ਨੂੰ, ਸਰਕਾਰ ਨੇ ਇੱਕ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ “ਰਾਜ ਵਿੱਚ ਕਿਸੇ ਨੂੰ ਉਪ ਮੁੱਖ ਮੰਤਰੀ ਨਿਯੁਕਤ ਕਰਨ ਦੀ ਕੋਈ ਤਜਵੀਜ਼ ਨਹੀਂ ਹੈ”।ਇਕ ਸਰਕਾਰੀ ਬੁਲਾਰੇ ਨੇ ਕਿਹਾ ਕਿ ਅਜਿਹੀਆਂ ਸਾਰੀਆਂ ਖਬਰਾਂ ਪੂਰੀ ਤਰ੍ਹਾਂ ਨਿਰਮਿਤ, ਪ੍ਰੇਰਿਤ ਅਤੇ ਬਿਨਾਂ ਕਿਸੇ ਆਧਾਰ ਦੇ ਹਨ। ਪਿਛਲੀ ਕਾਂਗਰਸ ਸਰਕਾਰ ਨੇ ਉਸ ਵੇਲੇ ਦੀ ਸੱਤਾਧ-ਾਰੀ ਪਾਰਟੀ ਅਤੇ ਸੂਬਾ ਸਰਕਾਰ ਦਰਮਿਆਨ ਬਿਹਤਰ ਤਾਲਮੇਲ ਯਕੀਨੀ ਬਣਾਉਣ ਲਈ 10 ਮੈਂਬਰੀ ‘ਰਣਨੀਤਕ ਨੀਤੀ ਗਰੁੱਪ’ ਦਾ ਗਠਨ ਕੀਤਾ ਸੀ।

– ਇੰਜੀ ਹਰਦੀਪ ਸਿੰਘ ਚੁੰਬਰ

# ਪੀਟੀਆਈ ਅਧਿਆਪਕਾਂ ਤੇ ਪੁਲਿਸ ਮੁਲਾਜ਼ਮਾਂ ਵੱਲੋਂ ਸੰਗਰੂਰ ਵਿਖੇ ਕੀਤੇ ਲਾਠੀਚਾਰਜ ਦੀ ਨਿੰਦਾ-ਜਥੇਬੰਦੀ

ਐੱਸਸੀ।/ਬੀਸੀ ਅਧਿਆਪਕ ਯੂਨੀਅਨ ਪੰਜਾਬ ਦੇ ਪ੍ਰਧਾਨ ਬਲਜੀਤ ਸਿੰਘ ਸਲਾਣਾ, ਕਾਰਜਕਾਰੀ ਪ੍ਰਧਾਨ ਕਰਿਸ਼ਨ ਸਿੰਘ ਦੁਗਾਂ, ਜਨਰਲ ਸਕੱਤਰ ਲਛਮਣ ਸਿੰਘ ਨਬੀਪੁਰ, ਸੀਨੀ। ਮੀਤ ਪ੍ਰਧਾਨ ਬਲਵਿੰਦਰ ਸਿੰਘ ਲਤਾਲਾ, ਹਰਬੰਸ ਲਾਲ ਪਾਰਜੀਆਂ, ਮੀਤ ਪ੍ਰਧਾਨ ਗੁਰਸੇਵਕ ਸਿੰਘ ਕਲੇਰ, ਪਰਮਿੰਦਰ ਭਾਰਤੀ ਤੇ ਵਿੱਤ ਸਕੱਤਰ ਗੁਰਪ੍ਰੀਤ ਸਿੰਘ ਗੁਰੂ ਨੇ ਇੱਕ ਸਾਂਝੇ ਪ੍ਰੈੱਸ ਬਿਆਨ ਰਾਹੀਂ ਸੰਗਰੂਰ ਵਿਖੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਕੋਠੀ ਸਾਹਮਣੇ ਰੈਗੂਲਰ ਭਰਤੀ ਲਈ ਸੰਘਰਸ਼ ਕਰ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰ ਰਹੇ ਪੀ।ਟੀ।ਆਈ। ਅਧਿਆਪਕਾਂ ਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਹੁਕਮ ਤੇ ਪੁਲਿਸ ਮੁਲਾਜ਼ਮਾਂ ਵੱਲੋਂ ਕੀਤੇ ਲਾਠੀਚਾਰਜ ਦੀ ਜਥੇਬੰਦੀ ਘੋਰ ਨਿੰਦਾ ਕਰਦੀ ਹੈ। ਇਸ ਕਰੂਰਤਾ ਭਰੇ ਲਾਠੀਚਾਰਜ 'ਚ ਔਰਤ ਅਧਿਆਪਕਾਂ ਨੂੰ ਵੀ ਬਖਸ਼ਿਆ ਨਹੀਂ ਗਿਆ।ਜਦੋਂ ਕਿ ਵਿਰੋਧੀ ਧਿਰ ਹੁੰਦੇ ਹੋਏ ਇਹ ਪਾਰਟੀ ਮੁਲਾਜ਼ਮਾਂ ਦੀ ਰੈਗੂਲਰ ਭਰਤੀ ਦੇ ਹੱਕ ਵਿੱਚ ਬੋਲਦੀ ਰਹੀ ਹੈ। ਐੱਸਸੀ।/ਬੀਸੀ ਅਧਿਆਪਕ ਯੂਨੀਅਨ ਪੰਜਾਬ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਦੋਹਰੇ ਮਾਪਦੰਡਾਂ ਤੇ ਚਿਹਰੇ ਦੀ ਘੋਰ ਨਿੰਦਾ ਕਰਦੀ ਹੈ। ਆਗੂਆਂ ਨੇ ਪੰਜਾਬ ਸਰਕਾਰ ਦੀ ਇਸ ਗੱਲੋਂ ਵੀ ਨਿੰਦਾ ਕੀਤੀ ਕੇ ਹਰ ਕੀਤੀ ਜਾਣ ਵਾਲ਼ੀ ਭਰਤੀ ਚਾਹੇ ਓਹ ਈਟੀਟੀ ਅਧਿਆਪਕਾਂ ਦੀ ਹੋਵੇ, ਪੁਲਿਸ ਭਰਤੀ, ਫਾਰਮਾਸਿਸਟ ਤੇ ਮੈਡੀਕਲ ਅਫ਼ਸਰਾਂ ਦੀ ਭਰਤੀ ਹੋਵੇ ਅਤੇ ਭਾਵੇਂ ਲਾਅ ਅਫ਼ਸਰਾਂ ਦੀ ਭਰਤੀ ਹੋਵੇ, ਸਭ ਭਰਤੀਆਂ ਵਿੱਚ ਪੰਜਾਬ ਸਰਕਾਰ ਰਾਖਵੇਂਕਰਨ ਦਾ ਘਾਣ ਕਰ ਰਹੀ ਹੈ।ਜਿਸ ਦੇ ਖ਼ਿਲਾਫ਼ ਜਲਦੀ ਹੀ ਤਿੱਖਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।



– ਇੰਜੀ ਹਰਦੀਪ ਸਿੰਘ ਚੁੰਬਰ 9463601616

# ਨਵੀਂ ਸੋਚ, ਨਵੇਂ ਰਾਹ

# ਪਹਾੜ ਜਿਹਾ ਤੇ ਪਹਾੜ ਵਰਗੀਆਂ ਪ੍ਰਾਪਤੀਆਂ ਵਾਲਾ ਵਿਰਾਸਤੀ ਪਿੰਡ ਗੁਣਾਚੌਰ 100 ਤੋਂ ਵੱਧ ਚੋਟੀ ਦੇ ਖਿਡਾਰੀਆਂ ਦਾ ਨਿਵੇਕਲਾ ਪਿੰਡ!



ਸੰਤੋਖ ਸਿੰਘ ਜੱਸੀ
91-70876-19800

**ਉਲੰਪੀਅਨ ਸੁਰਿੰਦਰ ਸਿੰਘ ਸੋਢੀ, ਉਲੰਪੀਅਨ ਜਸਵੀਰ ਸਿੰਘ ਕਰਨਾਣਾ,ਆਈ.ਏ.ਐੱਸ. ਸੁਖਦੇਵ ਕੁਮਾਰ ਸੋਖੀ, ਡਾ. ਕੁਲਵੰਤ ਸਿੰਘ ਗਿੱਲ ਡਿਪਟੀ ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਰਾਸ਼ਟਰਪਤੀ ਵੱਲੋਂ ਸਨਮਾਨਿਤ ਕੈਪਟਨ ਪਰਸ ਰਾਮ, ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ, ਮਸ਼ਹੂਰ ਸੰਗੀਤਕਾਰ ਮਰਹੂਮ ਗ਼ੁਲਾਮ ਅਹਿਮਦ ਚਿਸ਼ਤੀ, ਢਾਡੀ ਦੀਦਾਰ ਸਿੰਘ ਰਟੈਂਡਾ, ਗੀਤਕਾਰ ਜਸਬੀਰ ਗੁਣਾਚੌਰੀਆ, ਮਿਸ ਵਰਲਡ ਪੰਜਾਬਣ ਅਰਸ਼ਦੀਪ ਕੌਰ ਗੋਸਲ, ਸਮਾਜ ਸੇਵੀ ਬਿਲ ਬਸਰਾ ਕਨੇਡਾ ਤੇ ਉਸਤਾਦਾਂ ਦੇ ਉਸਤਾਦ ਵੇਟਲਿਫਟਰ ਜਗਦੀਸ਼ ਗੁਰੂ ਨੇ ਵਿਸ਼ਵ ਭਰ ਵਿੱਚ ਬਣਾਈ ਵੱਖਰੀ ਤੇ ਨਿਵੇਕਲੀ ਪਹਿਚਾਣ।**





ਪਿੰਡ ਦੀ ਚੋਟੀ 'ਤੇ ਰਾਜਾ ਗੋਪੀ ਚੰਦ ਦੇ ਸਾਂਈ ਗੁਲਾਮ ਮੁਹੰਮਦ ਸ਼ਾਹ ਕਾਦਰੀ (ਗੁਲਾਮੀ ਸ਼ਾਹ) ਜੀ ਕਿਲ੍ਹੇ ਦਾ ਬਚੇ ਹੋਏ ਹਿੱਸੇ ਦਾ ਦ੍ਰਿਸ਼।



ਪਿੰਡ ਗੁਣਾਚੌਰ ਦਾ ਇੱਕ ਦ੍ਰਿਸ਼

ਹਰ ਪਿੰਡ ਦਾ ਆਪੋ-ਆਪਣਾ ਵਿਲੱਖਣ ਇਤਿਹਾਸ ਹੁੰਦਾ ਹੈ।ਪੰਜਾਬ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਦੇ ਪਹਾੜ ਵਰਗੇ ਪਿੰਡਾਂ ਵਿੱਚੋਂ ਇੱਕ ਵਿਰਾਸਤੀ ਪਿੰਡ ਹੈ ਗੁਣਾਚੌਰ । ਰਾਜਾ ਗੋਪੀ ਚੰਦ ਦਾ ਨਾਮ ਵੀ ਇਸ ਪਿੰਡ ਨਾਲ ਜੁੜਦਾ ਹੈ।ਜਿਸ ਦੇ ਕਿਲ੍ਹੇ ਦਾ ਕੁੱਝ ਹਿੱਸਾ ਅੱਜ ਵੀ ਪਿੰਡ ਦੀ ਚੋਟੀ 'ਤੇ ਸਥਿਤ ਹੈ। ਪਿੰਡ ਗੁਣਾਚੌਰ ਸਾਂਈ ਗੁਲਾਮ ਮੁਹੰਮਦ ਸ਼ਾਹ ਕਾਦਰੀ (ਗੁਲਾਮੀ ਸ਼ਾਹ) ਜੀ ਦਾ ਜੱਦੀ ਪਿੰਡ ਹੈ। ਜਿਹਨਾਂ ਦਾ ਸ਼ਹਿਰ ਬੰਗਾ ਦੇ ਮੁਹੱਲਾ ਡਾ. ਭੀਮ ਰਾਓ ਕਲੋਨੀ ਵਿੱਚ ਵਿਸ਼ਾਲ ਰੌਜ਼ਾ ਮੌਜੂਦ ਹੈ, ਜਿੱਥੇ ਹਰ ਸਾਲ ਸਤੰਬਰ ਮਹੀਨੇ 'ਚ ਪੰਜਾਬ ਦੇ ਉੱਚ ਕੋਟੀ ਦੇ ਕਲਾਕਾਰ ਆਪੋ-ਆਪਣੇ ਫ਼ਨ ਦਾ ਮੁਜ਼ਾਹਰਾ ਕਰਦੇ ਹਨ।ਬਾਜ਼ੀਗਰ ਭਾਈਚਾਰੇ ਦਾ ਉੱਤਰੀ-ਭਾਰਤ ਦਾ ਪ੍ਰਸਿੱਧ ਤੀਰਥ ਅਸਥਾਨ "ਬਾਬਾ ਹਾਥੀ ਰਾਮ" ਦੀ ਯਾਦਗਾਰ ਵੀ ਪਿੰਡ ਗੁਣਾਚੌਰ ਵਿੱਚ ਸਥਿਤ ਹੈ। ਬਾਬਾ ਨੌਗੱਜਾ ਪੀਰ ਦੀ ਦਰਗਾਹ ਮੇਨ ਸੜਕ 'ਤੇ ਸਥਿਤ ਹੈ। ਸੁੰਡਾ ਗੋਤਰ ਦੇ ਜਠੇਰੇ ਵੀ ਇਸੇ ਪਿੰਡ ਵਿੱਚ ਸਥਿਤ ਹਨ। ਇਸ ਤੋਂ ਇਲਾਵਾ ਪਿੰਡ ਵਿੱਚ ਹੋਰ ਵੀ ਧਾਰਮਿਕ ਸਥਾਨ ਅਤੇ ਅਨੇਕਾਂ ਯਾਦਗਰਾਂ ਮੌਜੂਦ ਹਨ। ਇਸੇ ਪਿੰਡ ਦੇ ਰਾਮੂੰ ਨਾਮ ਦੇ ਮੁਸਲਮਾਨ ਨੇ ਨਜ਼ਦੀਕੀ ਪਿੰਡ ਚੱਕ ਕਲਾਲ ਵੀ ਵਸਾ ਕੇ ਇੱਕ ਹੋਰ ਨਵਾਂ ਇਤਿਹਾਸ ਸਿਰਜਿਆ ਹੈ। ਗੁਣਾਚੌਰ ਪਿੰਡਬੰਗਾ-ਫਿਲੌਰ ਰੋਡ 'ਤੇ ਸਥਿਤ ਹੈ ਅਤੇ ਸ਼ਹਿਰ ਬੰਗਾ ਤੋਂ ਸਿਰਫ 4 ਕਿਲੋਮੀਟਰ ਦੀ ਦੂਰੀ 'ਤੇ ਹੈ।

ਮੌਜੂਦਾ ਸਮੇਂ ਵਿੱਚ ਪਿੰਡ ਗੁਣਾਚੌਰ ਦੀ ਕੁੱਲ ਆਬਾਦੀ 5007 ਹੈ ਤੇ 3030 ਵੋਟਰ ਹਨ।ਪਿੰਡ ਵਿੱਚ 1572 ਪੁਰਸ਼ ਅਤੇ 1448 ਇਸਤਰੀਆਂ ਹਨ।ਪਿੰਡ ਵਿੱਚ 2 ਆਂਗਣਵਾੜੀ ਸੈਂਟਰ ਹਨ। ਪਿੰਡ ਦੀ ਲਗਪਗ 800 ਏਕੜ ਜਮੀਨ ਹੈ। ਪਿੰਡ ਵਿੱਚ ਪ੍ਰਾਇਮਰੀ ਸਕੂਲ, ਹਾਈ ਸਕੂਲ ਤੇ ਸੀਨੀਅਰ ਸੈਕੰਡਰੀ ਸਕੂਲ ਹਨ। ਕੋਆਪ੍ਰੇਟਿਵ ਸੁਸਾਇਟੀ, ਪੰਜਾਬ ਐਂਡ ਸਿੰਧ ਬੈਂਕ, ਪਟਰੋਲ ਪੰਪ ਹੈ ਅਤੇ ਬੱਸ ਅੱਡੇ 'ਚ ਕਰੀਬ ਭਿੰਨ-ਭਿੰਨ ਪ੍ਰਕਾਰ ਦਾ ਸਮਾਨ ਰੋਜਾਨਾ ਖਰੀਦਿਆ ਤੇ ਵੇਚਿਆ ਜਾਂਦਾ ਹੈ। ਬੱਸ ਅੱਡੇ 'ਤੇ ਪੂਰੀ ਤਰ੍ਹਾਂ ਚਹਿਲ-ਪਹਿਲ ਰਹਿੰਦੀ ਹੈ।ਖੁਰਾਣਾ ਸਵੀਟਸ ਤੇ ਨਿਊ ਸਵੀਟਸ ਦੀਆਂ ਮਠਿਆਈ ਵਾਲੀਆਂ ਦੁਕਾਨਾਂ ਤੋਂ ਦੂਰ-ਦੁਰੇਡੇ ਤੋਂ ਲੋਕ ਰੋਜ਼ਾਨਾ ਖਰੀਦੋ-ਫ਼ਰੋਖਤ ਕਰਦੇ ਦੇਖੇ ਜਾਂਦੇ ਹਨ।ਇੱਥੇ ਕਿਸੇ ਛੋਟੇ ਸ਼ਹਿਰ ਵਾਂਗ ਹਰ ਪ੍ਰਕਾਰ ਦਾ ਸਮਾਨ ਉਪਲਬਧ ਹੈ।

ਕਿਸੇ ਵੇਲੇ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਮੁੱਖਆਗੂ ਤੇ ਦੋ ਵਾਰ ਸਾਂਸਦ ਰਹੇ ਹਰਭਜਨ ਲਾਖਾ ਅਤੇ ਉਹਨਾਂ ਦੇ ਛੋਟੇ ਭਰਾ ਸ਼ਿੰਗਾਰਾ ਰਾਮ ਲਾਖਾ ਆਈ.ਏ.ਐਸ. ਅਫ਼ਸਰ ਵੀ ਗੁਣਾਚੌਰ ਸਕੂਲ ਦੇ ਇੱਕ ਸਮੇਂ ਵਿਦਿਆਰਥੀ ਰਹੇ। ਆਈ.ਏ.ਐੱਸ. ਸੁਖਦੇਵ ਕੁਮਾਰ ਸੋਖੀ, ਪੰਜਾਬ ਵਿਧਾਨ ਸਭਾ ਵਿੱਚ ਲਗਾਤਾਰ ਦੋ ਵਾਰ ਜਿੱਤਣ ਵਾਲੇ ਤੇ ਮੌਜੂਦਾ ਵਿਧਾਇਕ ਹਲਕਾ ਬੰਗਾ ਡਾ. ਸੁਖਵਿੰਦਰ ਕੁਮਾਰ ਸੁੱਖੀ ਅਤੇ ਡਾ. ਸੁੱਖੀ ਦੇ ਪਿਤਾ ਸ਼੍ਰੀਰਾਮ ਕਿਸ਼ਨ (ਤਹਿਸੀਲਦਾਰ) ਦਾ ਜਨਮ ਵੀ ਇਸੇ ਪਿੰਡ ਦਾ ਤਾਜ ਹਨ। ਜ਼ਿਲ੍ਹਾ ਜਲੰਧਰ ਵੇਲੇ ਨਵਾਂਸ਼ਹਿਰ ਸਬ-ਡਵੀਜਨ ਮੈਜਿਸਟ੍ਰੇਟ ਦੇ ਸਹਾਇਕ ਵਜੋਂ ਸ਼੍ਰੀ ਮੇਹਰ ਚੰਦ ਵਾਸੀ ਗੁਣਾਚੌਰ ਆਪਣੀਆਂ ਸੇਵਾਵਾਂ ਨਿਭਾ ਚੁੱਕੇ ਹਨ।

**ਪਿੰਡ ਦਾ ਸਿੱਖਿਆ ਖੇਤਰ :** ਸਿੱਖਿਆ ਦੇ ਖੇਤਰ ਵਿੱਚ ਪਿੰਡ ਦੀਆਂ ਵੱਡੀਆਂ ਮੱਲਾਂ ਹਨ। ਵੱਖ-ਵੱਖ ਖੇਤਰਾਂ ਵਿੱਚ ਹੋਣਹਾਰ, ਕਾਬਲ, ਬੁੱਧੀਮਾਨ, ਦੂਰਅੰਦੇਸ਼ੀ ਵਿਦਿਆਰਥੀਆਂ ਨੇ ਵੱਡੀਆਂ ਮੱਲਾਂ ਮਾਰੀਆਂ ਹਨ। ਉਹਨਾਂ ਵਿੱਚ ਜੇਕਰ ਡਾ. ਕੁਲਵੰਤ ਸਿੰਘ ਗਿੱਲ ਦਾ ਵਰਣਨ ਨਾ ਕੀਤਾ ਜਾਵੇ ਤਾਂ ਵਿਦਿਅਕ ਖੇਤਰ ਅਧੂਰਾ ਨਹੀਂ, ਸਗੋਂ ਹਾਸ਼ੀਏ 'ਤੇ ਹੋ ਜਾਵੇਗਾ। ਡਾ. ਕੁਲਵੰਤ ਸਿੰਘ ਗਿੱਲ ਦਾ ਇੱਥੇ ਵਰਣਨ ਕਰਨਾ ਅਤਿਅੰਤ ਜਰੂਰੀ ਹੈ। ਉਹ ਸਟੇਟ ਇੰਸਟੀਚਿਊਟ ਆਫ ਐਜ਼ੂਕੇਸ਼ਨ ਚੰਡੀਗੜ੍ਹ ਵਿਖੇ ਡਿਪਟੀ ਡਾਇਰੈਕਟਰ ਵੀ ਰਹਿ ਚੁੱਕੇ ਹਨ। ਉਹਨਾਂ ਨੇ ਇਲਾਕੇ ਵਿੱਚ ਬਹੁਤ ਸਾਰੇ ਸਮਾਜ ਭਲਾਈ ਦੇ ਕੰਮ ਕੀਤੇ ਹਨ। ਉਹਨਾਂ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਲਈ 1 ਕਰੋੜ ਰੁਪਏ ਦੀ ਰਾਸ਼ੀ ਦਾਨ ਕੀਤੀ ਸੀ ਅਤੇ ਉਹਨਾਂ ਨੇ ਆਪਣੇ ਪਿਤਾ ਜੀ ਡਾ. ਮਹਿੰਦਰ ਸਿੰਘ ਗਿੱਲ ਜੀ ਦੀ ਯਾਦ ਵਿੱਚ ਪਿੰਡ ਗੁਣਾਚੌਰ ਵਿਖੇ ਖੇਡ ਸਟੇਡੀਅਮ ਵੀ ਉਸਾਰਿਆ ਹੈ।

ਵਿੱਦਿਆ ਸੰਬੰਧੀ ਕਿਹਾ ਜਾਂਦਾ ਹੈ ਕਿ ਹਰ ਚੀਜ ਦੀ ਵੰਡ ਹੋ ਸਕਦੀ ਹੈ ਪਰ ਤੁਹਾਡੀ ਹਾਸਲ ਕੀਤੀ-ਵਿੱਦਿਆ/ਗਿਆਨ ਕਦੇ ਵੰਡ ਨਹੀਂ ਹੋ ਸਕਦਾ। ਸਿੱਖਿਆ ਦੇ ਖੇਤਰ ਵਿੱਚ ਸ੍ਰੀ ਵਰਿੰਦਰ ਕੁਮਾਰ ਉੱਪ ਜਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਦੀ ਨਵ-ਨਿਯੁਕਤੀ ਹੋਈ ਹੈ। ਕਿਸੇ ਵੇਲੇ ਮਰਹੂਮ ਸ੍ਰੀ ਗੁਲਜਾਰੀ ਲਾਲ ਬਲਾਕ ਸਿੱਖਿਆ

(ਬਾਕੀ ਅਗਲੇ ਸਫੇ 'ਤੇ)



ਰਾਮ ਕ੍ਰਿਸ਼ਨ ਸੇਵਾ ਮੁਕਤ ਤਹਿਸੀਲਦਾਰ



ਡਾ. ਸੁਖਵਿੰਦਰ ਕੁਮਾਰ ਸੁਖੀ ਵਿਧਾਇਕ, ਹਲਕਾ ਬੰਗਾ




ਸਵ: ਸ਼੍ਰੀ ਮੇਹਰ ਚੰਦ ਸਹਾਇਕ ਉੱਪ ਮੰਡਲ ਮੈਜਿਸਟ੍ਰੇਟ ਨਵਾਂਸ਼ਹਿਰ



ਸਵ. ਹਰਭਜਨ ਲਾਖਾ ਕਰਨਾਣਾ ਸਾਬਕਾ ਐੱਮ.ਪੀ.



ਸ਼ਿੰਗਾਰਾ ਰਾਮ ਲਾਖਾ ਕਰਨਾਣਾ ਮੁੱਖੀ ਯੂ.ਪੀ.ਐੱਸ.ਸੀ (ਉੱਤਰ ਪ੍ਰਦੇਸ਼)



ਡਾ. ਕੁਲਵੰਤ ਸਿੰਘ ਗਿੱਲ ਡਿਪਟੀ ਡਾਇਰੈਕਟਰ ਸਟੇਟ ਇੰਸਟੀਚਿਊਟ ਆਫ ਐਜ਼ੂਕੇਸ਼ਨ ਚੰਡੀਗੜ੍ਹ



ਸ਼੍ਰੀ ਵਰਿੰਦਰ ਕੁਮਾਰ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ਼ਹੀਦ ਭਗਤ ਸਿੰਘ ਨਗਰ



ਸਵ: ਗੁਲਜਾਰੀ ਰਾਮ ਬਲਾਕ ਸਿੱਖਿਆ ਅਫ਼ਸਰ



ਉਲੰਪੀਅਨ ਜਸਵੀਰ ਸਿੰਘ



ਉਲਪੀਅਨ ਸੁਰਿੰਦਰ ਸਿੰਘ ਸੋਢੀ (ਅਰਜੁਨ ਅਵਾਰਡੀ)



ਉੱਘੇ ਵੇਟ ਲਿਫਟਰ ਤੇ ਕੋਚ ਜਗਦੀਸ਼ ਗੁਰੂ



ਮਾਸਟਰ ਗੇਮ ਵਰਲਡ ਚੈਂਪੀਅਨ ਸੰਤੋਖ ਕੁਮਾਰ ਬਿੱਲਾ



ਅਮਰਜੀਤ ਗੁਰੂ ਵਰਲਡ ਸਲੈਕਟਿਡ




ਬਲਦੇਵ ਗੁਰੂ ਨੈਸ਼ਨਲ ਗੇਮ ਚੈਂਪੀਅਨ



ਹਰਜੀਤ ਕੁਮਾਰ ਪਾਵਰ ਲਿਫਟਰ ਚੈਂਪੀਅਨ



ਉੱਭਰਦਾ ਵੇਟ ਲਿਫਟਰ ਅਦਿੱਤਿਆ ਗੁਰੂ




'ਰਾਜਾ ਸਾਹਿਬ ਸਪੋਰਟਸ ਕਲੱਬ ਗੁਣਾਚੌਰ' ਦੇ ਹੋਣਹਾਰ ਵੇਟ ਲਿਫਟਰ

(ਸਫਾ 27 ਦੀ ਬਾਕੀ)

ਅਫਸਰ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ। ਉਹਨਾਂ ਦਾ ਬੇਟਾ ਨਰੇਸ਼ ਕੁਮਾਰ ਸੇਵਾ ਮੁਕਤ ਪ੍ਰਿੰਸੀਪਲ ਹਨ। ਪਿੰਡ ਦੇ ਦਰਜਨ ਤੋਂ ਵੀ ਵੱਧ ਵੱਖ-ਵੱਖ ਵਿਸ਼ਿਆਂ ਦੇ ਮਾਹਿਰ ਅਧਿਆਪਕ ਹਨ।

**ਖੇਡ ਖੇਤਰ**

ਜੇਕਰ ਖੇਡਾਂ ਦੀ ਗੱਲ ਕਰੀਏ ਤਾਂ ਸੁਰਿੰਦਰ ਸਿੰਘ ਸੋਢੀ ਭਾਰਤ ਦੀ ਹਾਕੀ ਟੀਮ ਦਾ ਮੈਂਬਰ ਰਿਹਾ ਹੈ। ਜਿਹਨਾਂ ਨੇ 1982 ਦੀਆਂ ਮਾਸਕੋ (ਰੂਸ) ਉਲੰਪਿਕ ਖੇਡਾਂ ਵਿੱਚ ਹਿੱਸਾ ਲਿਆ ਸੀ।ਜਿਸ ਵਿੱਚ ਭਾਰਤ ਲਈ ਸੋਨੇ ਦਾ ਤਗ਼ਮਾ ਹਾਸਲ ਕੀਤਾ। ਭਾਰਤ ਸਰਕਾਰ ਨੇ ਉਹਨਾਂ ਨੂੰ 'ਅਰਜਨ ਐਵਾਰਡ' ਨਾਲ ਸਨਮਾਨਿਤ ਕੀਤਾ। ਉਹ ਲੰਮਾ ਸਮਾਂ ਪੁਲਿਸ ਵਿਭਾਗ ਵਿੱਚ ਵੱਖ-ਵੱਖ ਅਹੁੱਦਿਆਂ'ਤੇ ਤਾਇਨਤ ਰਹੇ। ਇੱਕ ਸਮੇਂ ਉਹ ਜ਼ਿਲ੍ਹਾ ਨਵਾਂਸ਼ਹਿਰ ਦੇ ਐਸ.ਐਸ.ਪੀ. ਵਜੋਂ ਵੀ ਸੇਵਾਵਾਂਨਿਭਾ ਚੁੱਕੇ ਹਨ।

**ਆਜ਼ਾਦੀ ਘੁਲਾਟੀਏ:** ਪਿੰਡ ਗੁਣਾਚੌਰ ਦੇ ਪੰਡਿਤ ਦੀਨਾ ਨਾਥ ਜਿੱਥੇ ਆਜ਼ਾਦੀ ਘੁਲਾਟੀਏ ਸਨ, ਉੱਥੇ ਇੱਕ ਮਹਾਂਦਾਨੀ ਪੁਰਸ਼ ਵੀ ਸਨ। ਉਹਨਾਂ ਦੀ ਸ਼ਖਸੀਅਤ ਵਾਰੇ ਉਹਨਾਂ ਦੇ ਪੋਤੇ ਸ਼੍ਰੀਕਾਂਤ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਡਿਤ ਜੀ ਦੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰ. ਜਵਾਹਰ ਲਾਲ ਨਹਿਰੂ ਅਤੇ ਨਹਿਰੂ ਪਰਿਵਾਰ ਨਾਲ ਡੂੰਘੇ ਸੰਬੰਧ ਰਹੇ ਹਨ। ਉਹਨਾਂ ਦੇ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਨਾਲ ਵੀ ਗੂੜੇ ਸੰਬੰਧ ਰਹੇ ਸਨ। ਉਹ ਕਈ ਵਾਰ ਜੇਲ੍ਹ ਵੀ ਗਏ ਅਤੇ ਸਰਕਾਰ ਵਲੋਂ ਉਹਨਾਂ ਨੂੰ 'ਤਾਮਰ ਪੱਤਰ' ਨਾਲ ਸਨਮਾਨਿਤ ਕੀਤਾ ਗਿਆ। ਉਹ ਡਬਲ ਐਮ.ਏ. ਸਨ, ਉਹ ਆਯੁਰਵੈਦ ਵਾਰੇ ਵੀ ਗੂੜ ਗਿਆਨ ਰੱਖਦੇ ਸਨ। ਉਹਨਾਂ ਦੇ ਭਰਾ ਜਗਨ ਨਾਥ ਵੀ ਸੁਤੰਤਰਤਾ ਸੰਗਰਾਮੀ ਸਨ। ਜਿਸ ਕਾਰਨ ਦੋਨਾਂ ਭਰਾਵਾਂ ਨੂੰ ਭਾਰਤ ਸਰਕਾਰ ਵਲੋਂ 10-10 ਏਕੜ ਜਮੀਨ ਵੀ ਮਿਲੀ ਸੀ। ਪਰ ਦੋਨਾਂ ਭਰਾਵਾਂ ਨੇ ਸਰਕਾਰ ਵਲੋਂ ਮਿਲੀ ਜਮੀਨ ਨਹੀਂ ਲਈ। ਉਹਨਾਂ ਨੂੰ ਆਜ਼ਾਦੀ ਘੁਲਾਟੀਏ ਹੋਣ ਕਾਰਨ ਕੇਂਦਰ ਸਰਕਾਰ ਵਲੋਂ ਪੈਨਸ਼ਨ ਵੀ ਲੱਗੀ ਹੋਈ ਸੀ। ਉਹ ਇਹ ਪੈਨਸ਼ਨ ਆਰ.ਕੇ. ਆਰੀਆ ਕਾਲਜ ਨਵਾਂਸ਼ਹਿਰ ਨੂੰ ਦਾਨ ਕਰ ਦਿੰਦੇ ਸਨ। ਪੰਡਿਤ ਜੀ ਦਾ ਜਨਮ 1889 ਵਿੱਚ ਹੋਇਆ ਅਤੇ 1990 ਵਿੱਚ ਉਹ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਪੰਡਿਤ ਦੀਨਾ ਨਾਥ ਇਲਾਕੇ ਭਰ ਵਿੱਚ ਨਾਮਵਰ ਵੈਦ ਮੰਨਿਆ ਗਿਆ। ਜਿਸ ਕੋਲ ਹਰ ਮਰਜ ਦੀ ਦਵਾਈ ਸੀ। ਜਿਸ ਦਾ ਘਰ ਉੱਚੀ ਘਾਟੀ 'ਤੇ ਸਥਿਤ ਸੀ। ਇੱਕ ਵਾਰ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੀ ਪੰਡਿਤ ਦੀਨਾ ਨਾਥ ਨੂੰ ਮਿਲਣ ਪਿੰਡ ਗੁਣਾਚੌਰ ਵਿਖੇ ਆਈ ਸੀ। ਉਹਨਾਂ ਨਾਲ ਕਾਫੀ ਲੀਡਰ ਵੀ ਆਏ ਸਨ। ਉਸ ਵੇਲੇ ਪਿੰਡ ਵਾਸੀਆਂ ਨੇ ਇੱਕ ਡਿਸਪੈਂਸਰੀ ਦੀ ਮੰਗ ਕੀਤੀ ਸੀ ਅਤੇ ਅੱਜ ਵੀ ਪਿੰਡ ਵਿੱਚ ਆਯੁਰਵੈਦਿਕ ਡਿਸਪੈਂਸਰੀ ਚੱਲ ਰਹੀ ਹੈ।



ਰਾਸ਼ਟਰਪਤੀ ਵੱਲੋ ਸਨਮਾਨਿਤ ਕੈਪਟਨ ਪਰਸ ਰਾਮ



ਅਮੋਲਕ ਸਿੰਘ ਸਿੱਧੂ ਬਿਜਨਸਮੈਨ ਅਮਰੀਕਾ



ਉਂਕਾਰ ਸਿੰਘ ਕਾਰੀ ਚਾਇਨਾ ਬਿਜਨਸਮੈਨ



ਮਨਧੀਰ ਸਿੰਘ ਚੱਠਾ ਬਿਜਨਸਮੈਨ

ਇਸੇ ਤਰ੍ਹਾਂ ਲਾਗਲੇ ਪਿੰਡ ਕਰਨਾਣਾ ਦਾ ਨੌਜਵਾਨ ਜਸਵੀਰ ਸਿੰਘ ਉਲੰਪੀਅਨ ਨੇ ਪਿੰਡ ਗੁਣਾਚੌਰ ਦੇ 'ਰਾਜਾ ਸਾਹਿਬ ਸਪੋਰਟਸ ਕਲੱਬ' ਤੋਂ ਮੁੱਢਲੀ ਸਿਖਲਾਈ ਲਈ। ਜਸਵੀਰ ਸਿੰਘ ਦੇ ਕੋਚ ਜਗਦੀਸ਼ ਗੁਰੂ ਦਾ ਕਹਿਣਾ ਹੈ ਕਿ ਗਰੀਬੀ ਦੀ ਹਾਲਤ ਦੇ ਬਾਵਜੂਦ ਉਸਨੇ ਆਪਣੀ ਕਾਬਲੀਅਤ,



Read more www.ambedkartimes.com

ਲਗਨ, ਮਿਹਨਤ ਨਾਲ ਵਿਸ਼ਵ ਪੱਧਰ ਤੇ ਪਹਿਚਾਣ ਬਣਾਈ।ਐੱਨ.ਆਰ.ਆਈ. ਬਲਦੇਵ ਸਿੰਘ ਮਾਨ ਦਾ ਸਹਿਯੋਗ ਅਨੇਕਾਂ ਖਿਡਾਰੀਆਂ ਲਈ ਸੋਨੇ ਤੇ ਸੁਹਾਗਾ ਸਾਬਿਤ ਹੋਇਆ। ਇਸ ਪਿੰਡ ਦੇ 100 ਦੇ ਕਰੀਬ ਖਿਡਾਰੀਆਂ ਨੇ ਵੱਖ-ਵੱਖ ਖੇਡਾਂ 'ਚ ਹਿੱਸਾ ਲੈ ਕੇ ਨੈਸ਼ਨਲ ਪੱਧਰ, ਆੱਲ ਇੰਡੀਆ ਇੰਟਰ ਯੂਨੀਵਰਸਿਟੀ ਪੱਧਰ, ਉਲੰਪਿਕ ਪੱਧਰ 'ਤੇ ਪ੍ਰਾਪਤੀਆਂ ਹਾਸਲ ਕੀਤੀਆਂ ਅਤੇ ਮੌਜੂਦਾ ਸਮੇਂ ਵਿੱਚ ਅਨੇਕਾਂ ਹੋਰ ਨੌਜਵਾਨ ਖਿਡਾਰੀ ਦਿਨ-ਰਾਤ ਸਖ਼ਤ ਮਿਹਨਤ ਕਰਕੇ ਸਫ਼ਲਤਾ ਦੀਆਂ ਪੌੜ੍ਹੀਆਂ ਦਿਨ-ਬ-ਦਿਨ ਚੜ੍ਹ ਰਹੇ ਹਨ।

ਅਨੇਕਾਂ ਖਿਡਾਰੀਆਂ ਦੇ ਰਾਹ ਦਸੇਰਾ, ਮਾਰਗ ਦਰਸ਼ਕ ਤੇ ਗੁਰੂ :ਜਗਦੀਸ਼ ਗੁਰੂ ਨੇ ਖੁਦ ਵੇ੍ਟ ਲਿਫਟਿੰਗ ਵਿੱਚ ਆੱਲ ਇੰਡੀਆ ਇੰਟਰ ਯੂਨੀਵਰਸਿਟੀ ਵਿੱਚ ਦੋ ਵਾਰ ਸੋਨੇ ਦਾ ਤਗ਼ਮਾ ਹਾਸਲ ਕੀਤਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਟੀ ਅੰਮ੍ਰਿਤਸਰ ਦੀ ਟੀਮ ਦੇ ਕਪਤਾਨ ਵੀ ਰਹੇ, ਦੋ ਵਾਰ ਆੱਲ ਇੰਡੀਆਂ ਪੁਲਿਸ ਗੇਮ ਚੈਂਪੀਅਨ ਵੀ ਰਹੇ ਅਤੇ ਛੇ ਰਿਕਾਰਡ ਹੋਲਡਰ ਵੀ ਰਹੇ। ਜੋ ਕਿ ਜਗਦੀਸ਼ ਗੁਰੂ ਦੇ ਭਰਾ ਬਲਵਿੰਦਰ ਕੁਮਾਰ (ਜੋ ਅੱਜ ਅਸਟ੍ਰੇਲੀਆ ਵਿੱਚ ਸੈਟਲ ਹਨ)ਆੱਲ ਇੰਡੀਆਂ ਪੁਲਿਸ ਗੇਮ ਚੈਂਪੀਅਨ ਰਹੇ ਅਤੇ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ ਵਿੱਚੋਂ ਚਾਂਦੀ ਦਾ ਤਗ਼ਮਾ ਹਾਸਲ ਕੀਤਾ। ਜਗਦੀਸ਼ ਗੁਰੂ ਦੇ ਭਤੀਜੇ ਅਮਰਜੀਤ ਗੁਰੂ ਨੇ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ ਵਿੱਚੋਂ ਚਾਂਦੀ ਦਾ ਤਗ਼ਮਾ ਹਾਸਲ ਕੀਤਾ ਅਤੇ ਇੰਟਰ ਰੇਲਵੇ ਚੈਂਪੀਅਨਸ਼ਿੱਪ ਵਿੱਚ ਸੋਨੇ ਦਾ ਤਗ਼ਮਾ ਹਾਸਲ ਕੀਤਾ। ਇਸ ਸਾਲ 2022 'ਚ ਇੰਡੀਅਨ ਟੀਮ ਵਿੱਚ ਵਰਲਡ ਚੈਂਪੀਅਨਸ਼ਿਪ ਲਈ ਚੋਣ ਹੋਈ ਪਰ, ਚੋਟ ਲੱਗਣ ਕਾਰਨ ਜਾ ਨਹੀਂ ਸਕਿਆ, ਹੁਣ ਅਮਰਜੀਤ ਗੁਰੂ ਰੇਲਵੇ ਵਿਭਾਗ ਵਿੱਚ ਸਪੋਰਟਸ ਕੋਟੇ ਵਿੱਚ ਟੀ.ਸੀ.ਆਰ. ਦੀ ਸੇਵਾ ਨਿਭਾ ਰਿਹਾ ਹੈ ਅਤੇ ਦੁਬਾਰਾ ਖੇਡ ਲਈ ਤਿਆਰੀ ਕਰ ਰਿਹਾ ਹੈ। ਜਗਦੀਸ਼ ਗੁਰੂ ਦੇ ਦੂਜੇ ਭਤੀਜੇ ਬਲਦੇਵ ਗੁਰੂ ਨੇ ਨੈਸ਼ਨਲ ਚੈਂਪੀਅਨਸ਼ਿੱਪ ਵਿੱਚੋਂ ਸੋਨੇ ਦਾ ਤਗ਼ਮਾ ਹਾਸਲ ਕੀਤਾ। ਜਗਦੀਸ਼ ਗੁਰੂ ਦਾ ਸਪੁੱਤਰ ਅਦਿੱਤਿਆ ਗੁਰੂ ਤਿੰਨ ਵਾਰ ਪੰਜਾਬ ਚੈਂਪੀਅਨ ਬਣਿਆ ਅਤੇ ਉਸਨੇ ਸਕੂਲੀ ਨੈਸ਼ਨਲ ਗੇਮ ਵਿੱਚੋਂ ਚਾਂਦੀ ਦਾ ਤਗ਼ਮਾ ਹਾਸਲ ਕੀਤਾ।ਜੋ ਕਿ ਪਿੰਡ ਗੁਣਾਚੌਰ ਦੇ ਇੱਕੋ ਪਰਿਵਾਰ ਦੇ ਪੰਜ ਵੇ੍ਟ ਲਿਫਟਰ ਨੈਸ਼ਨਲ ਪੱਧਰ ਦੇ ਵਿਜੇਤਾ ਰਹੇ, ਜੋ ਆਪਣੇ-ਆਪ ਵਿੱਚ ਇੱਕ ਰਿਕਾਰਡ ਹੈ।

'ਰਾਜਾ ਸਾਹਿਬ ਸਪੋਰਟਸ ਕਲੱਬ ਪਿੰਡ ਗੁਣਾਚੌਰ' ਜਗਦੀਸ਼ ਗੁਰੂ ਵੇ੍ਟ-ਲਿਫਟਰ ਦੇ ਉੱਦਮ ਸਦਕਾ ਹੋਂਦ ਵਿੱਚ ਆਇਆ।

ਜਗਦੀਸ਼ ਗੁਰੂ ਸਿਰਫ ਆਪਣੇ ਪਰਿਵਾਰ ਤੱਕ ਹੀ ਸੀਮਿਤ ਨਹੀਂ ਰਿਹਾ, ਬਲਕਿ ਉਸਨੇ ਬਹੁਤ ਹੀ ਪਿਆਰ ਨਾਲ, ਪ੍ਰੇਰਕੇ ਹੋਰ ਵੀ ਕਈ ਨੌਜਵਾਨ ਵੇ੍ਟ-ਲਿਫਟਿੰਗ ਅਤੇ ਪਾਵਰ ਲਿਫਟਿੰਗ ਖੇਡਾਂ ਨਾਲ ਜੋੜੇ।ਜਿਵੇਂ ਹਰਜੀਤ ਕੁਮਾਰ ਪਾਵਰ ਲਿਫਟਰ ਤਿੰਨ ਵਾਰ ਆੱਲ ਇੰਡੀਆ ਇੰਟਰ ਯੂਨੀਵਰਸਿਟੀ ਦਾ ਚੈਂਪੀਅਨ ਰਿਹਾ। ਹਰਜੀਤ ਕੁਮਾਰ ਨੇ ਜਗਦੀਸ਼ ਗੁਰੂ ਤੋਂ ਟ੍ਰੇਨਿਗ ਲੈ ਕੇ ਇਲਾਕੇ ਵਿੱਚ ਹੋਰ ਪਾਵਰ ਲਿਫਟਰ ਤਿਆਰ ਕੀਤੇ। ਤਰਸੇਮ ਸਿੰਘ ਪੈਂਟਾ ਪਾਵਰ ਲਿਫਟਰ ਦੋ ਵਾਰ ਆੱਲ ਇੰਡੀਆ ਇੰਟਰ ਯੂਨੀਵਰਸਿਟੀ ਦਾ ਚੈਂਪੀਅਨ ਰਿਹਾ ਅਤੇ ਇੱਕ ਵਾਰੀ ਨੈਸ਼ਨਲ ਚੈਂਪੀਅਨ ਵੀ ਰਿਹਾ, ਹੁਣ ਵੀ ਮਾਸਟਰ ਗੇਮ ਖੇਡ ਰਿਹਾ ਹੈ। 'ਰਾਜਾ ਸਾਹਿਬ ਸਪੋਰਟਸ ਕਲੱਬ ਗੁਣਾਚੌਰ' ਤੋਂ ਤਿਆਰ ਹੋ ਕੇ ਅਮਰਜੀਤ,ਦਿਲਬਾਗ, ਬਹਾਦਰ ਇਹ ਤਿੰਨੇ ਆੱਲ ਇੰਡੀਆ ਇੰਟਰ ਯੂਨੀਵਰਸਿਟੀ ਪਾਵਰ ਲਿਫਟਰ ਚੈਂਪੀਅਨ ਰਹੇ।



ਇਸ ਸਮੇਂ ਵੀ ਸੰਤੋਖ ਕੁਮਾਰ ਦੀ ਦੇਖ-ਰੇਖ 'ਚ 'ਰਾਜਾ ਸਾਹਿਬ ਸਪੋਰਟਸ ਕਲੱਬ ਗੁਣਾਚੌਰ' ਵਿੱਚ ਬਹੁਤ ਹੀ ਵਧੀਆ ਵੇ੍ਟ ਲਿਫਟਰ ਤਿਆਰ ਹੋ ਰਹੇ ਹਨ। ਜਿਵੇਂ ਕਿ ਅਮਨਦੀਪ ਆੱਲ ਇੰਡੀਆ ਪੁਲਿਸ ਚੈਂਪੀਅਨ ਰਿਹਾ, ਸੁਖਵਿੰਦਰ ਸਿੰਘ ਆੱਲ ਇੰਡੀਆ ਪੁਲਿਸ ਚੈਂਪੀਅਨ ਰਿਹਾ, ਸੰਦੀਪ ਕੁਮਾਰ ਏਅਰ ਫੋਰਸ ਵਿੱਚ ਚੈਂਪੀਅਨ ਰਿਹਾ, ਮਾਈਕਲ ਆੱਲ ਇੰਡੀਆ ਇੰਟਰ ਯੂਨੀਵਰਸਿਟੀ ਵਿੱਚ ਖੇਡ ਚੁੱਕਾ ਹੈ। ਪਰਦੀਪ ਹੀਰਾ ਸੀ.ਆਈ.ਐੱਸ.ਐਫ. ਵੱਲੋਂ ਖੇਡ ਰਿਹਾ ਹੈ। ਗੁਰਪ੍ਰੀਤ ਰੱਲ੍ਹ ਬਹੁਤ ਹੀ ਵਧੀਆ ਉੱਭਰਦਾ ਵੇ੍ਟ ਲਿਫਟਰ ਹੈ। ਇਸੀ ਤਰ੍ਹਾਂ ਗੁਰਲਾਲ ਚੌਹਾਨ ਤਿੰਨ ਵਾਰ ਪੰਜਾਬ ਚੈਂਪੀਅਨ ਰਿਹਾ, ਉਸ ਤੋਂ ਵੀ ਬਹੁਤ ਉਮੀਦਾਂ ਹਨ। ਸਰਬਜੀਤ ਸੱਭਾ ਵੇ੍ਟ ਲਿਫਟਰ ਵੀ ਪੰਜਾਬ ਪੱਧਰ'ਤੇ ਵੇ੍ਟ ਲਿਫਟਰ ਚੈਂਪੀਅਨ ਰਿਹਾ, ਬਾਅਦ ਵਿੱਚ ਕਬੱਡੀ ਖੇਡਦਾ ਰਿਹਾ। ਜੋ ਕਿ ਇਸੀ ਕਲੱਬ ਦਾ ਮੈਂਬਰ ਹੌਲਦਾਰ ਮਨਜੀਤ ਕੁਮਾਰ ਆੱਲ ਇੰਡੀਆ ਪੁਲਿਸ ਚੈਂ-ਪੀਅਨ ਰਿਹਾ। ਜੋ ਕਿ ਜਗਦੀਸ਼ ਗੁਰੂ ਨਾਲ ਮਿਲ ਕੇ ਹਰਭਜਨ ਲਾਖਾ 'ਐਕਸ ਐੱਮ.ਪੀ. ਸਪੋਰਟਸ ਕਲੱਬ ਕਰਨਾਣਾ' ਵੀ ਚਲਾ ਰਹੇ ਹਨ।

ਬਲਕਾਰਜੀਤ ਸਿੰਘ ਬੱਬੀ ਆਪਣੇ ਸਮੇਂ ਦਾ ਚੋਟੀ ਦਾ ਕਬੱਡੀ ਦਾ ਖਿਡਾਰੀ ਰਿਹਾ। ਜਿਸ ਨੇ ਆਪਣੇ ਸਮੇਂ ਦੇ ਧਨੰਤਰ ਕਬੱਡੀ ਖਿਡਾਰੀ ਬਲਵਿੰਦਰ ਸਿੰਘ ਫਿੱਡੂ ਵਰਗੇ ਖਿਡਾਰੀਆਂ ਨੂੰ ਜੱਫੇ ਲਾਏ। ਉਹਨਾਂ ਦੇ ਬੇਟੇ ਗੁਰਪਿੰਦਰ ਸਿੰਘ ਗੋਪੀ ਨੰਬਰਦਾਰ ਐਥਲੈਟਿਕਸ ਵਿੱਚ ਆੱਲ ਇੰਡੀਆ ਇੰਟਰ ਯੂਨੀਵਰਸਿਟੀ ਪੱਧਰ ਤੱਕ ਖੇਡਿਆ, ਛੋਟੇ ਬੇਟੇ ਤਲਵਿੰਦਰ ਸਿੰਘ ਨੇ ਐਥਲੈਟਿਕਸ ਵਿੱਚ ਯੂਨੀਵਰਸਿਟੀ ਪੱਧਰ 'ਤੇ ਚਾਂਦੀ ਦਾ ਤਗ਼ਮਾ ਪ੍ਰਾਪਤ ਕੀਤਾ।ਬਲਵੀਰ ਸਿੰਘ ਪੀ.ਟੀ.ਆਈ. ਹੈਂਡਬਾਲ ਗੇਮ ਦੇ ਪੰਜਾਬ ਪੱਧਰ ਦੇ ਚੈਂਪੀਅਨ ਵੀ ਰਹੇ ਹਨ ਅਤੇ ਇਹਨਾਂ ਨੇ ਨੈਸ਼ਨਲ ਪੱਧਰ 'ਤੇ ਬੈਡਮਿੰਟਨ ਵਿੱਚ ਲਗਾਤਾਰ 21 ਸਾਲ ਕੋਚਿੰਗ ਦਿੱਤੀ।

ਉਲੰਪੀਅਨ ਸੁਰਿੰਦਰ ਸਿੰਘ ਸੋਢੀ, ਉਲੰਪੀਅਨ ਜਸਵੀਰ ਸਿੰਘ ਕਰਨਾਣਾ,ਆਈ.ਏ.ਐੱਸ. ਸੁਖਦੇਵ ਕੁਮਾਰ ਸੋਖੀ, ਡਾ. ਕੁਲਵੰਤ ਸਿੰਘ ਗਿੱਲ ਡਿਪਟੀ ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਰਾਸ਼ਟਰਪਤੀ ਵੱਲੋਂ ਸਨਮਾਨਿਤ ਕੈਪਟਨ ਪਰਸ ਰਾਮ, ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ, ਮਸ਼ਹੂਰ ਪਾਕਿਸਤਾਨੀ ਸੰਗੀਤਕਾਰ ਮਰਹੂਮ ਗ਼ੁਲਾਮ ਅਹਿਮਦ ਚਿਸ਼ਤੀ, ਪਾਕਿਸਤਾਨੀ ਗਾਇਕ ਮਸੂਦ ਅਹਿਮਦ ਰਾਣਾ, ਢਾਡੀ ਦੀਦਾਰ ਸਿੰਘ ਰਟੈਂਡਾ, ਗੀਤਕਾਰ ਜਸਬੀਰ ਗੁਣਾਚੌਰੀਆ, ਮਿਸ ਵਰਲਡ ਪੰਜਾਬਣ ਅਰਸ਼ਦੀਪ ਕੌਰ ਗੋਸਲ, ਸਮਾਜ ਸੇਵੀ ਬਿਲ ਬਸਰਾ ਕਨੇਡਾ ਤੇ ਵੇ੍ਟਲਿਫਟਰ ਜਗਦੀਸ਼ ਗੁਰੂ, ਸੰਤੋਖ ਸਿੰਘ ਬਿੱਲਾ ਆਦਿ ਨੇ ਵਿਲੱਖਣ ਤੇ ਪ੍ਰਾਪਤੀਆਂ ਦੀਆਂ ਸਿਖਰਾਂ ਨੂੰ ਛੂਹਿਆ।

**ਕਬੱਡੀ, ਵਾਲੀਵਾਲ, ਕ੍ਰਿਕਟ ਦੇ ਖਿਡਾਰੀ**

ਵੇ੍ਟ ਲਿਫਟਿੰਗ ਤੋਂ ਪਹਿਲਾਂ ਪਿੰਡ ਗੁਣਾਚੌਰ ਦੀ ਵਾਲੀਬਾਲ ਦੀ ਟੀਮ ਦਾ ਨਾਮ ਵੀ ਉੱਚ ਕੋਟੀ ਦਾ ਰਿਹਾ। ਜਿਹਨਾਂ ਵਿੱਚੋਂ ਉਸਤਾਦ ਦਰਸ਼ਨ ਸਿੰਘ, ਗੁਰਦੇਵ ਸਿੰਘ ਗਿੱਲ, ਗੁਲਜਾਰੀ ਲਾਲ, ਮੋਤਾ ਸਿੰਘ, ਬਾਵਾ ਸਿੰਘ, ਸੁੱਖਾ, ਸੁਰਿੰਦਰ ਕੁਮਾਰ ਭੂਨਾ, ਰਾਮ ਸਿੰਘ, ਓਂਕਾਰ ਸਿੰਘ, ਕੁਲਵੰਤ ਸਿੰਘ, ਸੁਖਪਾਲ ਸੁੱਖਾ, ਗੁਰਮੀਤ ਸਿੰਘ ਲੰਬੜਦਾਰ, ਬਲਕਾਰ ਬੱਬੀ, ਮਨਜਿੰਦਰ ਕੁਮਾਰ ਮੈਂਟੂ, ਦੇਵ ਰਾਜ, ਤਰਲੋਕ ਸਿੰਘ ਸੋਖੀ, ਬੱਬਾ, ਸਤਨਾਮ ਪੱਪੂ, ਸੁਰਜੀਤ ਛਾਂਗਾ, ਦੀਪੂ, ਸਾਬੀ, ਗੁਰਦੀਪ ਸਿੰਘ ਰਾਣੂੰ, ਲਛਮਣ ਦਾਸ, ਗੁਰਜੀਤ ਸਿੰਘ ਸ਼ੇਰਗਿੱਲ ਵੀ ਆਪਣੇ ਸਮੇਂ ਦੇ ਬਹੁਤ ਹੀ ਵਧੀਆ ਵਾਲੀਬਾਲ ਦੇ ਖਿਡਾਰੀ ਹੋਏ ਹਨ।ਗੁਰਦੇਵ ਸਿੰਘ ਗਿੱਲ 1960 ਵਿੱਚ ਵਾਲੀਬਾਲ ਟੀਮ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਕੈਪਟਨ ਵੀ ਰਹੇ ਅਤੇ ਤਿੰਨ ਵਾਰ ਕੋਆਪ੍ਰੇਟਿਵ ਸਹਿਕਾਰੀ ਸਭਾ ਦੇ ਪ੍ਰਧਾਨ ਵੀ ਰਹੇ। ਗੁਲਜਾਰੀ ਲਾਲ ਸੀ.ਆਰ.ਪੀ.ਐੱਫ. ਆੱਲ ਇੰਡੀਆ ਪੁਲਿਸ ਗੇਮ ਦੇ ਚੈਂਪੀਅਨ ਰਹੇ, ਪਿੰਡ ਦੀ ਨਾਮਵਰ ਸ਼ਖਸੀਅਤ'ਤੇ



ਬਿਜ਼ਨੈਸਮੈਨ ਸ.ਰਣਧੀਰ ਸਿੰਘ ਚੱਠਾ ਵੀ ਵਾਲੀਬਾਲ ਦੇ ਉੱਘੇ ਖਿਡਾਰੀ ਰਹੇ।

ਪਿੰਡ ਗੁਣਾਚੌਰ ਵਿੱਚ ਜਸਵੀਰ ਕੁਮਾਰ ਦੇ ਉੱਦਮ ਸਦਕਾ ਹਰ ਸਾਲ ਕ੍ਰਿਕਟ ਦਾ ਟੂਰਨਾਮੈਂਟ ਹੁੰਦਾ ਹੈ।ਜਿਸ ਵਿੱਚੋਂ ਅਵਤਾਰ ਕਾਕਾ ਸਪੇਨ, ਸੋਨੂੰ ਕਨੇਡਾ, ਐਨ.ਆਰ.ਆਈ. ਪਰਮਿੰਦਰ ਸਿੰਘ ਬਸਰਾ, ਪਵਨ ਇਟਲੀ, ਅਮੀਰ ਸਿੰਘ, ਅਮਨਦੀਪ ਮੀਰਪੁਰ ਲੱਖਾਂ, ਹਰਪ੍ਰੀਤ ਸਿੰਘ ਗੁਣਾਚੌਰ, ਸਨੀ ਜੰਜੂ, ਮਾਸਟਰ ਨਾਗੀ, ਨਛੱਤਰ ਪੰਚ, ਰਮਨ ਕੁਮਾਰ, ਅਸ਼ਵਨੀ ਕੁਮਾਰ ਇਹ ਸਭ ਵੱਧ ਚੜ੍ਹ ਕੇ ਟੂਰਨਾਮੈਂਟ ਨੂੰ ਨੇਪੜੇ ਚੜਾਉਣ ਵਿੱਚ ਮਦਦ ਕਰਦੇ ਹਨ।ਮੰਗੀ ਮਾਲਟਾ ਵੀ ਵਿਸ਼ੇਸ਼ ਸਹਿਯੋਗ ਦਿੰਦਾ ਹੈ। ਮੰਗੀ, ਗੁਰਪਿੰਦਰ ਲੰਬੜ, ਰਿੰਕੂ, ਦੀਪੂ ਹੁਣੀ ਵੀ ਵਿਸ਼ੇਸ਼ ਸਹਿਯੋਗ ਦਿੰਦੇ ਹਨ।

ਖੇਡਾਂ ਦੇ ਜੋ ਸਹਿਯੋਗੀ ਸਨ, ਜਿਹਨਾਂ ਦਾ ਲਗਾਅ ਵੀ ਖੇਡਾਂ ਨਾਲ ਹੈ। ਬਲਦੇਵ ਸਿੰਘ ਮਾਨ ਯੂ.ਐੱਸ.ਏ. ਜਿਹਨਾਂ ਨੇ ਵਾਲੀਬਾਲ ਖਾਸ ਕਰਕੇ ਵੇ੍ਟ ਲਿਫਟਿੰਗ ਨੂੰ ਬਹੁਤ ਹੀ ਮਦਦ

(ਬਾਕੀ ਅਗਲੇ ਸਫੇ 'ਤੇ)



ਗੁਰਦੁਆਰਾ ਸ਼੍ਰੀ ਸਰੋਵਰ ਸਾਹਿਬ



ਕਾਮਰੇਡ ਪਾਖਰ ਸਿੰਘ




(ਸਫਾ 28 ਦੀ ਬਾਕੀ)

ਕੀਤੀ ਅਤੇ ਆਪ ਵੀ ਵਾਲੀਬਾਲ ਦੇ ਬਹੁਤ ਵਧੀਆ ਖਿਡਾਰੀ ਸਨ। ਜਦੋਂ ਵੀ ਪਿੰਡ ਵਿੱਚ ਕੋਈ ਟੂਰਨਾਮੈਂਟ ਹੋਇਆ ਗੁਰਮੀਤ ਸਿੰਘ ਨੰਬਰਦਾਰ ਨੇ ਬਹੁਤ ਹੀ ਸਹਿਯੋਗ ਦਿੱਤਾ। ਸਵਰਗਵਾਸੀ ਬਚਿੱਤਰ ਸਿੰਘ ਸਮੇਂ-ਸਮੇਂ ਸਿਰ ਮਦਦ ਕਰਦੇ ਰਹੇ। ਸਵਰਗਵਾਸੀ ਮਦਨ ਮੋਹਣ ਸਿੰਘ (ਸਰਪੰਚ), ਸਵਰਗਵਾਸੀ ਚੂਹੜ ਸਿੰਘ, ਸਵਰਗਵਾਸੀ ਸਾਬਕਾ ਸਰਪੰਚ ਪਾਖਰ ਸਿੰਘ, ਦਲਵੀਰ ਸਿੰਘ ਦੁੱਲਾ, ਸਾਬਕਾ ਸਰਪੰਚ ਅਜੀਤ ਰਾਮ, ਸੁਖਵਿੰਦਰ ਕੌਰ ਪੰਚ, ਹਰਜੀਤ ਸਿੰਘ ਪੰਚ, ਤਰਸੇਮ ਲਾਲ ਪੰਚ ਸਾਹਿਬ ਦਾ ਪਰਿਵਾਰ ਜੋ ਕਿ ਇਸ ਵਾਰ ਕਬੱਡੀ ਦਾ ਟੂਰਨਾਮੈਂਟ ਵੀ ਕਰਾ ਚੁੱਕੇ ਹਨ।ਜੀਤਾ ਖੁਰਾਣਾ ਸਮੇਂ-ਸਮੇਂ ਤੇ ਖਿਡਾਰੀਆਂ ਨੂੰ ਮਦਦ ਕਰਦੇ ਰਹਿੰਦੇ ਹਨ, ਜੋ ਕਿ ਆਪ ਵੀ ਫੁੱਟਬਾਲ ਦਾ ਬਹੁਤ ਵਧੀਆਂ ਖਿਡਾਰੀ ਰਹਿ ਚੁੱਕਿਆ ਹੈ। ਅਵਤਾਰ ਸਿੰਘ, ਅਮੋਲਕ ਸਿੰਘ, ਸਵਰਗਵਾਸੀ ਹਰਜੀਤ ਸਿੰਘ ਦੁਆਰਾ ਕਲੱਬ ਦਾ ਛੱਪੜ ਪੂਰਨ ਵਿੱਚ ਬਹੁਤ ਵੱਡਾ ਯੋਗਦਾਨ ਰਿਹਾ।

### ਪਿੰਡ ਦੀ ਪੰਚਾਇਤ

ਪਿੰਡ ਦੀ ਮੌਜੂਦਾ ਪੰਚਾਇਤ ਦੇ ਮੈਂਬਰ ਕਮਲੇਸ਼ ਰਾਣੀ ਸਰਪੰਚ, ਸੁਖਵਿੰਦਰ ਕੌਰ ਪੰਚ, ਬਲਜੀਤ ਕੌਰ ਪੰਚ, ਸੰਕੁਤਲਾ ਦੇਵੀ ਪੰਚ, ਯੋਗਰਾਜ ਪੰਚ, ਹਰਮੇਸ਼ ਲਾਲ ਪੰਚ, ਹਰਜੀਤ ਸਿੰਘ ਪੰਚ ਬਹੁਤ ਹੀ ਸੂਝਵਾਨ ਹਨ। ਜੋ ਪਿੰਡ ਦੇ ਵਿਕਾਸ ਕਾਰਜਾਂ ਦੇ ਲਈ ਹਮੇਸ਼ਾ ਤਤਪਰ ਰਹਿੰਦੇ ਹਨ।

### ਸੰਗੀਤ ਜਗਤ

ਸੰਗੀਤ ਜਿਸ ਨੂੰ ਰੂਹ ਦੀ ਖੁਰਾਕ ਕਿਹਾ ਜਾਂਦਾ ਹੈ। ਸੰਗੀਤ ਜਗਤ ਵਿੱਚ ਅੰਬਰਾਂ ਨੂੰ ਛੂਹਣ ਵਾਲੇ ਪਾਕਿਸਤਾਨੀ ਬਾਬਾ ਚਿਸ਼ਤੀ ਦੇ ਨਾਮ ਨਾਲ ਮਕਬੂਲ ਮਰਹੂਮ ਸੰਗੀਤਕਾਰ ਉਸਤਾਦ ਬਾਬਾ ਗੁਲਾਮ ਅਹਿਮਦ ਚਿਸ਼ਤੀ, ਪਾਕਿਸਤਾਨੀ ਗਾਇਕ ਮਸੂਦ ਰਾਣਾ, ਢਾਡੀ ਦੀਦਾਰ ਸਿੰਘ ਰਟੈਂਡਾ, ਜਸਬੀਰ ਗੁਣਾਚੌਰੀਆ, ਵਿਜੇ ਗੁਣਾਚੌਰੀਆ ਅਤੇ ਉੱਭਰਦੇ ਸ਼ਾਇਰ ਤਲਵਿੰਦਰ ਸ਼ੇਰਗਿੱਲ ਆਦਿ ਦਾ ਨਾਮ ਸੁਰਖੀਆਂ ਵਿੱਚ ਛਾਇਆ ਹੋਇਆ ਹੈ। ਜਿੱਥੇ ਸੰਗੀਤ ਦੀ ਗੱਲ ਹੁੰਦੀ ਹੈ ਉੱਥੇ ਹੀ ਪੰਜਾਬੀ ਸੱਭਿਆਚਾਰ ਨੂੰ ਵਿਸ਼ਵ ਪੱਧਰੀ ਮੰਚ 'ਤੇ ਪੇਸ਼ ਕਰਨ ਵਾਲੇ ਪੰਜਾਬ ਦੇ ਪ੍ਰਸਿੱਧ ਟੀ.ਵੀ. ਚੈਨਲ ਪੀ.ਟੀ.ਸੀ. ਪੰਜਾਬੀ ਨੇ ਸਾਲ 2010 ਵਿੱਚ 'ਮਿਸ ਵਰਲਡ ਪੰਜਾਬਣ' ਐਵਾਰਡ ਵੀ ਗੁਣਾਚੌਰ ਦੀ ਜੰਮਪਲ ਅਰਸ਼ਦੀਪ ਕੌਰ 'ਗੋਸਲ'ਦੇ ਹੀ ਹਿੱਸੇ ਆਇਆ ਹੈ।

### ਦੀਦਾਰ ਸਿੰਘ ਰਟੈਂਡਾ

ਢਾਡੀ ਦੀਦਾਰ ਸਿੰਘ ਰਟੈਂਡਾ ਗੁਣਾਚੌਰ ਵਿਖੇ ਲੰਮਾ ਸਮਾਂ ਰਹਿੰਦਾ ਰਿਹਾ ਤੇ ਉਸ ਦਾ ਇੰਤਕਾਲ ਵੀ ਗੁਣਾਚੌਰ 'ਚ ਹੀ ਹੋਇਆ। ਉਸ ਵੇਲੇ ਦੀ ਸਭ ਤੋਂ ਮਸ਼ਹੂਰ ਰਿਕਾਰਡ ਕੰਪਨੀ ਐਚ.ਐਮ.ਵੀ ਨੇ 32 ਤਵੇ (ਕਲੀਆਂ) ਦੀਦਾਰ ਸਿੰਘ ਢਾਡੀ ਦੇ ਰਿਕਾਰਡ ਕੀਤੇ। ਇਸ ਢਾਡੀ ਦਾ ਜਨਮ ਅੱਜ ਦੇ ਪਾਕਿਸਤਾਨ ਵਿੱਚ ਹੋਇਆ। ਢਾਡੀ ਰਟੈਂਡਾ ਦੀ ਮਸ਼ਹੂਰ ਕਲੀ 'ਚੱਕ ਕੇ ਝਲਮਣ ਹੀਰ ਡੋਲੀ ਖੇੜਿਆਂ ਦੀ ਰਾਜੇ ਯਾਰ ਦੇ ਦਹੱਥਣ ਪੱਟੀ ਰੋਈ' ਰਹੀ। ਉਸ ਵੇਲੇ ਇਤਿਹਾਸ, ਮਿਥਿਹਾਸ, ਪ੍ਰੇਮ ਕਹਾਣੀਆਂ ਨੂੰ ਗਾਇਕ, ਢਾਡੀ ਅਜਿਹੇ ਢੰਗ ਨਾਲ ਪੇਸ਼ ਕਰਦੇ ਸਨ ਜਿਸ ਕਾਰਨ ਲੋਕ ਸਤਿਕਾਰ ਕਰਦੇ ਸਨ। ਦੀਦਾਰ ਨਾਮ ਬਾਰੇ ਇੱਕ ਵਾਰ ਇੱਕ ਸਰੋਤੇ ਤੇ ਢਾਡੀ ਦੀਦਾਰ ਸਿੰਘ ਦਾ ਅਖਾੜਾ ਦੇਖ ਕੇ ਆਪਣੇ ਅੰਦਰੋ ਅੰਦਰ ਤੈਅ ਕਰ ਲਿਆ ਕਿ ਜੇਕਰ ਮੇਰੇ ਹੁਣ ਲੜਕਾ ਪੈਦਾ ਹੋਇਆ ਤਾਂ ਉਸ ਦਾ ਨਾਮ ਵੀ ਦੀਦਾਰ ਹੀ ਰੱਖਣਾ। ਆਖਰ ਉਸ ਦੀ ਤਮੰਨਾ ਪੂਰੀ ਹੋਈ ਤੇ ਉਸਨੇ ਆਪਣੇ ਪੁੱਤਰ ਦਾ ਨਾਮ ਦੀਦਾਰ ਸੰਧੂ ਰੱਖ ਲਿਆ। ਅੱਗੋਂ ਉਹ ਅੱਜ ਗਾਇਕੀ ਦੇ ਖੇਤਰ ਵਿੱਚ ਦੀਦਾਰ ਸੰਧੂ ਦੇ ਨਾਮ ਨਾਲ ਮਸ਼ਹੂਰ ਹੋਇਆ। ਜਿਸ ਦਾ ਇੱਕ ਪ੍ਰਸਿੱਧ ਗੀਤ ਹੈ 'ਖੁੱਲ ਗਿਆ ਦਰਵਾਜਾ ਫਾਟਕ ਕੋਟਕ ਕਪੂਰੇ ਦਾ।'

### ਗਾਇਕ ਮਸੂਦ ਅਹਿਮਦ ਰਾਣਾ

ਗਾਇਕ ਮਸੂਦ ਅਹਿਮਦ ਰਾਣਾ ਦਾ ਜਨਮ 06 ਅਗਸਤ 1941 ਨੂੰ ਪਿੰਡ ਗੁਣਾਚੌਰ ਵਿਖੇ ਹੋਇਆ। 1947 ਦੇ ਰੌਲਿਆਂ ਵੇਲੇ ਪਾਕਿਸਤਾਨ ਚਲਾ ਗਿਆ। ਉਸ ਨੇ ਆਪਣੀ ਗਾਇਕੀ ਦੀ ਸ਼ੁਰੂਆਤ 1955 ਤੋਂ ਕੀਤੀ ਅਤੇ ਆਪਣੇ ਆਖਰੀ ਸਾਹਾਂ 1995 ਤੱਕ ਬਰਕਰਾਰ ਰੱਖੀ। ਉਸ ਨੇ ਕਈ ਉਰਦੂ ਅਤੇ ਪੰਜਾਬੀ ਭਾਸ਼ਾ ਵਿੱਚ ਕਾਫੀ ਪ੍ਰਸਿੱਧ ਗੀਤ ਗਾਏ। ਉਸ ਦੇ ਇੱਕ ਹਰਮਨ ਪਿਆਰੇ ਗੀਤ ਦੇ ਬੋਲ 'ਤਾਂਗੇ ਵਾਲਾ ਖ਼ੈਰ ਮੰਗਦਾ' ਲੋਕਾਂ ਦੀ ਜ਼ੁਬਾਨ 'ਤੇ ਹੈ।ਪਾਕਿਸਤਾਨ ਦੀਆਂ ਕਈ ਮਸ਼ਹੂਰ ਫਿਲਮਾਂ 'ਚ ਅਨੇਕਾਂ ਗੀਤ ਗਾਏ।

### ਗੀਤਕਾਰ ਸ਼ਮਸ਼ੇਰ ਸੰਧੂ

ਪਿੰਡ ਗੁਣਾਚੌਰ ਦੇ ਨੰਬਰਦਾਰ ਦਰਸ਼ਨ ਸਿੰਘ ਦੇ ਜਵਾਈ ਸ਼੍ਰੀ ਸ਼ਮਸ਼ੇਰ ਸੰਧੂ ਕਹਾਣੀਕਾਰ, ਲੇਖਕ ਤੇ ਗੀਤਕਾਰ ਹਨ। ਉਹ ਲੰਮਾ ਸਮਾਂ ਪੰਜਾਬੀ ਟ੍ਰਿਬਿਊਨ ਅਖ਼ਬਾਰ ਚੰਡੀਗੜ੍ਹ ਦੇ ਸਬ-ਐਡੀਟਰ ਵਜੋਂ ਵੀ ਸੇਵਾਵਾਂ ਨਿਭਾ ਚੁੱਕੇ ਹਨ। ਸ਼੍ਰੀ ਸ਼ਮਸ਼ੇਰ ਸੰਧੂ ਦੇ ਗੀਤ ਉੱਚ ਕੋਟੀ ਦੇ ਅਨੇਕਾਂ ਗਾਇਕਾਂ ਨੇ ਗਾ ਕੇ ਪ੍ਰਸਿੱਧੀ ਹਾਸਲ ਕੀਤੀ। ਪੰਜਾਬ ਦੇ ਸਵਰਗੀ ਮਸ਼ਹੂਰ ਗਾਇਕ ਸੁਰਜੀਤ ਬਿੰਦਰਖੀਆ ਨੂੰ ਉੱਚ ਕੋਟੀ ਦਾ ਗਾਇਕ ਬਣਾਉਣ ਵਿੱਚ ਸ਼ਮਸ਼ੇਰ ਸੰਧੂ ਦੀ ਕਲਮ ਦਾ ਦਮ ਸਾਫ ਝਲਕਦਾ ਸੀ। ਵਾਰਿਸ ਸ਼ਾਹ ਵਾਰੇ ਕਿਹਾ ਜਾਂਦਾ ਹੈ ਕਿ 'ਹੀਰ' ਵਾਰਿਸ ਸ਼ਾਹ ਕਰਕੇ ਮਸ਼ਹੂਰ ਹੋਈ, ਕਿ ਵਾਰਿਸ ਸ਼ਾਹ'ਹੀਰ' ਕਰਕੇ ਮਸ਼ਹੂਰ ਹੋਇਆ? ਇਸੇ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਬਿੰਦਰਖੀਆ ਸ਼ਮਸ਼ੇਰ ਸੰਧੂ ਕਰਕੇ ਮਸ਼ਹੂਰ ਹੋਇਆ ਜਾਂ ਸ਼ਮਸ਼ੇਰ ਸੰਧੂ ਬਿੰਦਰਖੀਏ ਕਰਕੇ ਮਸ਼ਹੂਰ ਹੋਇਆ? ਪਿੰਡ ਗੁਣਾਚੌਰ ਵਿੱਚ 1990 ਦੇ ਕਰੀਬ ਸ਼ਮਸ਼ੇਰ ਸੰਧੂ ਨੇ 6-7 ਸਾਲ ਕਲਾਕਾਰਾਂ ਦੇ ਅਖਾੜੇ ਵੀ ਲਵਾਏ। ਸੈਂਕੜੇ ਗੀਤਾਂ ਦੇ ਰਚੇਤਾ ਸ਼ਮਸ਼ੇਰ ਸੰਧੂ ਨੂੰ ਗੁਣਾਚੌਰ 'ਤੇ ਮਾਣ ਹੈ ਕਿ ਉਹ ਤਿੰਨ ਪੀੜ੍ਹੀਆਂ ਵਾਲੀ ਰਿਸ਼ਤੇਦਾਰੀ ਨਿਭਾ ਰਹੇ ਹਨ।

ਬਾਬਾ ਚਿਸ਼ਤੀ ਦੇ ਨਾਮ ਨਾਲ ਮਕਬੂਲ ਮਰਹੂਮ ਸੰਗੀਤਕਾਰ ਉਸਤਾਦ ਬਾਬਾ ਗੁਲਾਮ ਅਹਿਮਦ ਚਿਸ਼ਤੀ ਦਾ ਜਨਮ 17 ਅਗਸਤ 1905 ਨੂੰ ਪਿੰਡ ਗੁਣਾਚੌਰ ਵਿਖੇ ਹੋਇਆ। ਉਹ 1947 ਦੀ ਭਾਰਤ-ਪਾਕਿਸਤਾਨ ਦੀ ਵੰਡ ਤੋਂ ਬਾਅਦ ਪਾਕਿਸਤਾਨ ਚਲੇ ਗਏ। ਭਾਰਤੀ ਅਤੇ ਪਾਕਿਸਤਾਨੀ ਸੰਗੀਤ ਜਗਤ ਦੇ ਮੋਢੀਆਂ 'ਚ ਸ਼ੁਮਾਰ ਬਾਬਾ ਚਿਸ਼ਤੀ ਨੇ ਵੰਡ ਤੋਂ ਪਹਿਲਾਂ ਅਤੇ ਬਾਅਦ 'ਚ ਪਾਕਿਸਤਾਨ ਵਿੱਚ ਸੈਂਕੜੇ ਪ੍ਰਸਿੱਧ ਫ਼ਿਲਮਾਂ ਨੂੰ ਸੰਗੀਤ ਦਿੱਤਾ। ਪ੍ਰਸਿੱਧ ਗਾਇਕਾ ਬੀਬੀ ਨੂਰਜਹਾਂ ਨੂੰ ਸਥਾਪਿਤ ਕਰਨ ਵਿੱਚ ਬਾਬਾ ਚਿਸ਼ਤੀ ਦਾ ਵੱਡਾ ਯੋਗਦਾਨ ਸੀ। ਉਹਨਾਂ ਨੂੰ ਪਾਕਿਸਤਾਨ ਦੇ ਰਾਸ਼ਟਰਪਤੀ ਵਲੋਂ 1989 ਵਿੱਚ "Pride Of Performance ਨਾਲ ਸਨਮਾਨਿਤ ਕੀਤਾ ਗਿਆ।ਉਹਨਾਂ ਦਾ ਇੰਤਕਾਲ 25 ਦਸੰਬਰ 1994 ਨੂੰ ਲਾਹੌਰ (ਪਾਕਿਸਤਾਨ) ਵਿਖੇ ਹੋਇਆ।


**ਢਾਡੀ ਦੀਦਾਰ ਸਿੰਘ ਰਟੈਂਡਾ:** ਵਿਸ਼ਵ ਪ੍ਰਸਿੱਧ ਢਾਡੀ ਦੀਦਾਰ ਸਿੰਘ ਵੀ ਗੁਣਾਚੌਰ ਨਾਲ ਸੰਬੰਧਿਤ ਸਨ। ਬੇਸ਼ੱਕ ਉਹਨਾਂ ਨੇ ਆਪਣੇ ਨਾਮ ਪਿੱਛੇ ਆਪਣਾ ਜੱਦੀ ਪਿੰਡ ਰਟੈਂਡਾ ਵਰਤਿਆ। ਪਰ ਵੰਡ ਤੋਂ ਬਾਅਦ ਉਹਨਾਂ ਨੂੰ ਜਮੀਨ ਪਿੰਡ ਗੁਣਾਚੌਰ ਵਿਖੇ ਅਲਾਟ ਹੋਈ। ਲੰਮਾ ਸਮਾਂ ਉਹ ਪਿੰਡ ਗੁਣਾਚੌਰ ਵਿਖੇ ਰਹੇ। ਉਹਨਾਂ ਦੀ ਢਾਡੀ ਕਲਾ ਦੇ ਲੋਕ ਦੀਵਾਨੇ ਸਨ। ਉਹਨਾਂ ਦੇ ਦੀਵਾਨੇ ਵੰਡ ਤੋਂ ਬਾਅਦ ਵੀ ਉਹਨਾਂ ਨੂੰ ਮਿਲਣ ਗੁਣਾਚੌਰ ਆਉਂਦੇ ਰਹੇ। ਉਹਨਾਂ ਨੂੰ JV ਸਮੇਤ ਕਈ ਪ੍ਰਸਿੱਧ ਕੰਪਨੀਆਂ ਨੇ ਰਿਕਾਰਡ ਕੀਤਾ। ਉਹਨਾਂ ਦੀ ਗਾਈ 'ਹੀਰ' ਦੇ ਚਰਚੇ ਅਜੇ ਤੱਕ ਚੱਲਦੇ ਹਨ।

ਪੰਜਾਬ ਦਾ ਉਹ ਕਿਹੜਾ ਗਾਇਕ ਹੈ ਜਾਂ ਉਹ ਕਿਹੜਾ ਸੰਗੀਤ ਪ੍ਰੇਮੀ ਹੈ, ਜਿਸ ਨੇ ਜਸਬੀਰ ਗੁਣਾਚੌਰੀਆ ਦਾ

(ਬਾਕੀ ਅਗਲੇ ਸਫੇ 'ਤੇ)



ਪੰਜਾਬ ਦਾ ਧਾਰਮਿਕ ਸਥਾਨ ਮਜਾਰਾ ਰਾਜਾ ਸਾਹਿਬ



ਸਾਂਈ ਗੁਲਾਮ ਮੁਹੰਮਦ ਸ਼ਾਹ ਕਾਦਰੀ (ਗੁਲਾਮੀ ਸ਼ਾਹ) ਜੀ ਬੰਗਿਆਂ ਵਾਲਿਆਂ ਦਾ ਉਹਨਾਂ ਦੇ ਜੱਦੀ ਪਿੰਡ ਗੁਣਾਚੌਰ ਵਿਖੇ ਸਥਾਪਿਤ ਰੌਜ਼ੇ ਦਾ ਦ੍ਰਿਸ਼।



ਸਿੱਧ ਧਾਰਮਿਕ ਸਥਾਨ ਦਰਬਾਰ ਬਾਬਾ ਹਾਬੀ ਰਾਮ




ਪਰਮਜੀਤ ਸਿੰਘ, ਪ੍ਰਧਾਨ
ਸ਼ਡਿਊਲਡ ਕਾਸਟ ਵੈੱਲਫੇਅਰ
ਐਸੋਸੀਏਸ਼ਨ ਡਰਬੀ (ਇੰਗਲੈਂਡ)



ਇੰਜ ਅਜੀਤ ਰਾਮ
ਸਾਬਕਾ ਸੂਬਾ ਕਮੇਟੀ ਮੈਂਬਰ
ਬਸਪਾ ਪੰਜਾਬ



ਵਿਜੇ ਗੁਣਾਚੌਰੀਆ
ਉੱਘੇ ਸਮਾਜ ਸੇਵੀ



ਕਾਮਰੇਡ ਮਹਿੰਦਰ ਸਿੰਘ



ਗੁਰਦੇਵ ਸਿੰਘ ਵਾਲੀਬਾਲ ਖਿਡਾਰੀ


ਆਜ਼ਾਦੀ ਘੁਲਾਟੀਏ ਤੇ ਮਹਾਂਦਾਨੀ ਪੰਡਿਤ ਦੀਨਾ ਨਾਥ


ਪਿੰਡ ਗੁਣਾਚੌਰ ਦੇ ਜੰਮਪਲ ਉੱਘੇ ਸੰਗੀਤਕਾਰ ਬਾਬਾ ਗੁਲਾਮ ਅਹਿਮਦ ਚਿਸ਼ਤੀ ਆਪਣੇ ਸ਼ਾਗਿਰਦ ਨਾਲ


ਵਿਸ਼ਵ ਪ੍ਰਸਿੱਧ ਢਾਡੀ ਦੀਦਾਰ ਸਿੰਘ ਰਟੈਂਡਾ ਸਾਰੰਗੀ ਵਜਾਉਂਦੇ ਹੋਏ


'ਮਿਸ ਵਰਲਡ ਪੰਜਾਬਣ' ਅਰਸ਼ਦੀਪ ਕੌਰ ਗੋਸਲ



ਉੱਘੇ ਸੰਗੀਤਕਾਰ ਉਸਤਾਦ ਬਾਬਾ ਗ਼ੁਲਾਮ ਅਹਿਮਦ ਚਿਸ਼ਤੀ



ਉਸਤਾਦਾਂ ਦੇ ਉਸਤਾਦ ਜਗਦੀਸ਼ ਗੁਰੂ


ਗੀਤਕਾਰ ਵਿਜੈ ਗੁਣਾਚੌਰੀਆ ਸ਼ਾਇਰ ਤਲਵਿੰਦਰ ਸ਼ੇਰਗਿੱਲ



ਸਫਲ ਕਿਸਾਨ ਅਵਤਾਰ ਸਿੰਘ ਸਿੱਧੂ


ਉੱਘੇ ਕਾਮਰੇਡ ਆਗੂ ਦਲਜੀਤ ਸਿੰਘ ਕਾਲਾ


ਸਾਬਕਾ ਸਰਪੰਚ ਸ. ਪਰਮਜੀਤ ਸਿੰਘ


ਸ. ਪਿਆਰਾ ਲਾਲ ਸਾਬਕਾ ਸਰਪੰਚ


ਸਵ: ਸ. ਗੁਰਮੀਤ ਸਿੰਘ ਸਾਬਕਾ ਸਰਪੰਚ ਤੇ ਉੱਘੇ ਸਮਾਜ ਸੇਵੀ



ਐਨ. ਆਰ. ਆਈ. ਪਰਮਿੰਦਰ ਸਿੰਘ ਬਸਰਾ ਟੂਰਨਾਮੈਂਟ ਸਪਾਂਸਰ


ਸਰਕਾਰੀ ਹਾਈ ਸਕੂਲ ਗੁਣਾਚੌਰ ਦੇ ਮੁੱਖ ਅਧਿਆਪਕ ਸ. ਅਮਨਪ੍ਰੀਤ ਸਿੰਘ ਜੌਹਰ ਆਪਣੇ ਮਿਹਨਤੀ, ਕਾਬਿਲ ਤੇ ਹੋਣਹਾਰ ਸਟਾਫ਼ ਨਾਲ ਜਿਹਨਾਂ ਨੇ ਹਜਾਰਾਂ ਵਿਦਿਆਰਥੀਆਂ ਦੇ ਭਵਿੱਖ ਨੂੰ ਰੌਸ਼ਨਮਈ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ।

(ਸਫਾ 29 ਦੀ ਬਾਕੀ)

ਗੀਤ ਗਾਇਆ ਜਾਂ ਸੁਣਿਆ ਨਾ ਹੋਵੇ। ਜਸਬੀਰ ਗੁਣਾਚੌਰੀਆ ਦਾ ਗੀਤ 'ਕਿਤੇ ਕੱਲੀ ਬਹਿ ਕੇ ਸੋਚੀ ਨੀ, ਅਸੀਂ ਕੀ ਨਈਂ ਕੀਤਾ ਤੇਰੇ ਲਈ' ਜਿੱਥੇ ਸੰਗੀਤ ਪ੍ਰੇਮੀਆਂ ਨੇ ਵਾਰ-ਵਾਰ ਸੁਣਿਆ। ਉੱਥੇ ਗੀਤ ਕੱਲੀ ਬਹਿ ਕੇ ਸੋਚੀ ਵਾਲੇ ਗੀਤ ਨੂੰ ਰੂਪ ਮਾਨ ਕਰਦੀ ਤਸਵੀਰ ਵੀ ਖੂਬ ਵਿਕੀ।ਜੋ ਆਪਣੇ ਆਪ ਵਿੱਚ ਨਿਵੇਕਲਾ ਸੰਗੀਤਕ ਇਤਿਹਾਸ ਬਣ ਚੁੱਕਿਆ ਹੈ।

### ਸ਼ਬਦਾਂ ਦਾ ਵਣਜਾਰਾ ਗੀਤਕਾਰ ਜਸਬੀਰ ਗੁਣਾਚੌਰੀਆ

'ਕਿਤੇ ਕੱਲੀ ਬਹਿ ਕੇ ਸੋਚੀ ਨੀ,
ਅਸੀਂ ਕੀ ਨਈਂ ਕੀਤਾ ਤੇਰੇ ਲਈ' (ਮਨਮੋਹਣ ਵਾਰਿਸ)
'ਸਾਡਿਆਂ ਪਰਾਂ ਤੋਂ ਸਿੱਖੀ ਉੱਡਣਾ,
ਬਹਿ ਗਈ ਦੂਰ ਕਿਤੇ ਆਲ੍ਹਣਾ ਬਣਾ ਕੇ' (ਸਰਦੂਲ ਸਿਕੰਦਰ)
'ਜਿੰਦੇ ਨੀ ਜਿੰਦੇ' (ਕਮਲ ਹੀਰ)
'ਊਧਮ ਸਿੰਘ ਲੰਡਨ ਜਾ ਕੇ' (ਜੈਜ਼ੀ ਬੀ)
'ਟੱਪੇ' (ਹੰਸ ਰਾਜ ਹੰਸ)
'ਕਦੇ ਮਿਲਿਆ ਵੀ ਨਹੀਂ ਸਿੱਧੇ ਮੂੰਹ ਸੱਜਣਾ' (ਗੁਰਦਾਸ ਮਾਨ)
'ਨੱਚ-ਨੱਚ ਕੇ ਧਮਾਲਾ ਪਾ' (ਹਰਭਜਨ ਮਾਨ)
'ਅੱਥਰੂ' (ਕੰਠ ਕਲੇਰ)
'ਸਾਨੂੰ ਫਰਕ ਨੀ ਪੈਣਾ' (ਨਛੱਤਰ ਗਿੱਲ)
'ਜਿੰਦੇ' (ਮਾਸ਼ਾ ਅਲੀ)

ਪੰਜਾਬੀ ਸੰਗੀਤ ਦੀ ਦੁਨੀਆਂ ਵਿੱਚ ਗੀਤਕਾਰ ਜਸਬੀਰ ਗੁਣਾਚੌਰੀਆ ਦਾ ਨਾਮ ਪਹਿਲੇ ਨੰਬਰਾਂ 'ਚ ਆਉਂਦਾ ਹੈ। 500 ਤੋਂ ਵੱਧ ਗੀਤਾਂਦਾ ਕਲਮਸਾਜ ਤੇ ਲੇਖਕ ਜਿਸ ਦੇ ਗੀਤ ਪੰਜਾਬ ਦੇ ਸੁਪਰਸਟਾਰ ਗਾਇਕਾਂ-ਗਾਇਕਾਵਾਂ ਦੀ ਅਵਾਜ 'ਚ ਰਿਕਾਰਡ ਹੋ ਚੁੱਕੇ ਹਨ। ਜਸਬੀਰ ਨੇ ਜਿੱਥੇ ਆਪਣੇ ਸੱਭਿਆਚਾਰ ਅਤੇ ਨੌਜਵਾਨ ਪੀੜ੍ਹੀ ਦੇ ਜਜ਼ਬਾਤਾਂ ਦੀ ਗੱਲ ਕੀਤੀ ਹੈ। ਉੱਥੇ ਧਾਰਮਿਕ ਪੁਸਤਕ 'ਹੱਸਦੇ ਸ਼ਹੀਦੀਆਂ ਪਾ ਗਏ' ਵੀ ਪ੍ਰਕਾਸ਼ਤ ਹੋ ਚੁੱਕੀ ਹੈ, ਸੱਭਿਆਚਾਰਕ ਪੁਸਤਕਾਂ ਵਿੱਚ 'ਚਰਖੀ ਯਾਦਾਂ ਦੀ', 'ਕਿਤੇ ਕੱਲੀ ਬਹਿ ਕੇ ਸੋਚੀ ਨੀ', 'ਜਿੰਦੇ ਨੀ ਜਿੰਦੇ', 'ਮਿਠੀਏ ਜ਼ੁਬਾਨ ਦੀਏ', ਆਦਿ ਪ੍ਰਮੁੱਖ ਹਨ। ਜਸਬੀਰ ਜਿੱਥੇ ਗੀਤਕਾਰੀ ਵਿੱਚ ਸ਼ਬਦਾਂ ਦਾ ਵਣਜਾਰਾ ਕਰਕੇ ਮਸ਼ਹੂਰ ਹੈ, ਉੱਥੇ ਇੱਕ ਵਧੀਆ ਇਨਸਾਨ ਵੀ ਹੈ।ਪਿੰਡ ਗੁਣਾਚੌਰ ਵਾਸੀਆਂ ਨੂੰ ਇਸ ਗੱਲ ਦਾ ਬੜਾ ਮਾਣ ਹੈ ਕਿ ਜਸਬੀਰ ਨੇ ਪਿੰਡ ਗੁਣਾਚੌਰ ਦਾ ਨਾਮ ਸਰਹੱਦਾਂ ਤੋਂ ਪਾਰ ਦੁਨੀਆਂ ਭਰ ਵਿੱਚ ਮਸ਼ਹੂਰ ਕੀਤਾ ਹੈ।

### ਖੇਤੀਬਾੜੀ

ਪਿੰਡ ਦੇ ਬਹੁਗਿਣਤੀ ਲੋਕ ਖੇਤੀਬਾੜੀ ਨਾਲ ਜੁੜੇ ਹੋਏ ਹਨ। ਖੇਤੀਬਾੜੀ ਦੇ ਖੇਤਰ ਵਿੱਚ ਅਵਤਾਰ ਸਿੰਘ ਸਿੱਧੂ ਦਾ ਵੱਡਾ ਨਾਮ ਹੈ। ਜਿਸ ਨੇ ਕਣਕ-ਝੋਨਾ ਤੇ ਬਾਗਵਾਨੀ ਸਮੇ ਦੀ ਲੋੜ ਮੁਤਾਬਕ ਭਿੰਨ-ਭਿੰਨ ਪ੍ਰਕਾਰ ਦੀ ਖੇਤੀਬਾੜੀ ਨਾਲ ਸਬੰਧਤ ਸਮਾਨ, ਫਸਲਾਂ, ਸਬਜੀਆ ਨਵੀਆ ਯੂਨੀਵਰਸਿਟੀ ਵਾਲੀਆਂ ਤਕਨੀਕਾਂ ਰਾਹੀ ਇੱਕ ਸਫਲ ਕਿਸਾਨ ਵੱਜੋਂ ਵੱਡੇ ਸਨਮਾਨਯੋਗ ਇਨਾਮ ਪ੍ਰਾਪਤ ਕੀਤੇ।

### ਪਿੰਡ ਦੇ ਐੱਨ.ਆਰ.ਆਈ. ਅਤੇ ਹੋਰ ਸਮਾਜ ਸੇਵੀ ਸ਼ਖਸ਼ੀਅਤਾਂ ਦਾ ਯੋਗਦਾਨ

ਅਮਰੀਕਾ ਵਿੱਚ ਰਹਿ ਰਹੇ ਪਿੰਡ ਵਾਸੀ ਅਮੋਲਕ ਸਿੰਘ ਸਿੱਧੂ ਨੇ ਟਰਾਂਸਪੋਰਟ ਦੇ ਖੇਤਰ ਵਿੱਚ ਵਿਸ਼ਵ ਭਰ ਵਿੱਚ ਪ੍ਰਸਿੱਧੀ ਹਾਸਲ ਕੀਤੀ ਹੈ। ਉੱਥੇ ਉਹ ਪਿੰਡ ਵਸਦੇ ਲੋੜਵੰਦਾਂ ਦੀ ਮਦਦ ਲਈ ਵੀ ਹਮੇਸ਼ਾ ਤੱਤਪਰ ਰਹਿੰਦਾ ਹੈ। ਕਿਸਾਨ ਅੰਦੋਲਨ ਦੌਰਾਨ ਸਿੰਘੂ ਬਾਰਡਰ 'ਤੇ ਵੀ ਉਸਨੇ ਵੱਧ-ਚੜ੍ਹ ਕੇ ਯੋਗਦਾਨ ਪਾਇਆ। ਪਿੰਡ ਦੀ ਸਮਾਜ ਸੇਵੀ ਸ਼ਖਸ਼ੀਅਤ ਤੇ ਬਿਜਨੈਸਮੈਨ ਉਂਕਾਰ ਸਿੰਘ ਕਾਰੀ ਚਾਇਨਾ ਜੋ ਕਿ ਆਪ ਵੀ ਇੱਕ ਵਧੀਆ ਵ੍ਹੇਟ ਲਿਫਟਰ ਰਿਹਾ। ਪਿੰਡ ਵਿੱਚ ਜਦੋਂ ਵੀ ਕੋਈ ਟੂਰਨਾਮੈਂਟ ਹੁੰਦਾ ਹੈ ਤਾਂ ਵੱਧ-ਚੜ੍ਹ ਕੇ ਸਹਿਯੋਗ ਕਰਦਾ ਆ ਰਿਹਾ ਹੈ।

ਪਿੰਡ ਦੀ ਇੱਕ ਐੱਨ.ਆਰ.ਆਈ. ਸਭਾ ਹੈ।ਜੋ ਪਿੰਡ ਦੇ ਲੋੜਵੰਦਾ ਲੋਕਾਂ ਲਈ, ਪਿੰਡ ਦੇ ਹੋਰ ਅਨੇਕਾਂ ਕੰਮ ਕਰਨ ਲਈ ਜਿਵੇਂ ਸਕੂਲ ਲਈ ਮਦਦ ਕਰਨ ਵਾਸਤੇ ਹਮੇਸ਼ਾ ਸਹਿਯੋਗੀ ਰਹੀ ਹੈ। ਜਿਸ ਵਿੱਚ ਇੰਦਰਜੀਤ ਕਲਸੀ, ਰਾਮ ਸਿੰਘ, ਅਵਤਾਰ ਸਿੰਘ, ਤਜਿੰਦਰ ਸਿੰਘ ਬੱਬਾ, ਦਵਿੰਦਰ ਸਿੰਘ ਸਿੱਧੂ, ਮਾਨ ਸਿੰਘ ਮਾਨਾ, ਬਲਜਿੰਦਰ ਸਿੰਘ ਪੂੰਨੀ, ਲੈਂਬਰ ਸਿੰਘ ਪੂੰਨੀ, ਅਮੋਲਕ ਸਿੰਘ ਭੋਲਾ, ਰਣਜੀਤ ਸਿੰਘ ਸੋਢੀ, ਮਨਧੀਰ ਸਿੰਘ ਥਾਂਦੀ ਅਤੇ ਹੋਰ ਐੱਨ.ਆਰ.ਆਈ. ਭਰਾਵਾਂ ਦਾ ਸਹਿਯੋਗ ਹੈ।

ਸਵਰਗੀ ਸ਼੍ਰੀਮਤੀ ਕਮਲਾ ਚੌਧਰੀ ਪੰਚਾਇਤ ਸੰਮਤੀ ਬਲਾਕ ਔੜ ਦੇ ਚੇਅਰਮੈਨ ਰਹੇ ਅਤੇ ਉਹਨਾ ਦੇ ਪਤੀ ਸ਼੍ਰੀ ਅੰਮ੍ਰਿਤ ਲਾਲ ਲੰਬੇ ਸਮੇਂ ਤੋਂ ਸਿਆਸਤ ਵਿੱਚ ਸਰਗਰਮ ਹਨ।

### ਪਿੰਡ ਦੇ ਧਾਰਮਿਕ ਸਥਾਨ

ਇਸ ਪਿੰਡ ਦੇ ਬਿਲਕੁੱਲ ਨਾਲ ਦੇਪਿੰਡ 'ਮਜਾਰਾ ਨੌਂਅਬਾਦ' ਹੈ। ਜਿਸ ਨੂੰ ਆਮ ਬੋਲਚਾਲ ਵੇਲੇ 'ਰਾਜਾ ਸਾਹਿਬ ਦਾ ਮਜਾਰਾ' ਕਿਹਾ ਜਾਂਦਾ ਹੈ।ਬੰਗਾ ਇਲਾਕੇ 'ਚ ਇਸ ਧਾਰਮਿਕ ਅਸਥਾਨ ਦਾ ਇੱਕ ਵਿਸ਼ੇਸ਼ ਨਿਵੇਕਲਾ ਸਥਾਨ ਹੈ, ਜਿੱਥੇ ਲੋਕਾਂ ਦੀ ਅਸੀਮ ਧਾਰਮਿਕ ਸ਼ਰਧਾ-ਭਾਵਨਾ ਹੈ। ਸੰਗਤ ਮੇਲੇ ਵਾਲੇ ਦਿਨਾਂਤੋਂ ਬਿਨ੍ਹਾਂ ਹਰ ਸੰਗਰਾਂਦ ਅਤੇ ਐਤਵਾਰ ਵਾਲੇ ਦਿਨ ਵੱਡੀ ਗਿਣਤੀ 'ਚ ਨਤਮਸਤਕ ਹੁੰਦੇ ਹਨ। ਇੱਥੇ ਵਰਣਨਯੋਗ ਹੈ ਕਿ ਰਾਜਾ ਸਾਹਿਬ ਜੀ ਦਾ ਤੱਪ ਅਸਥਾਨ ਵੀ ਪਿੰਡ ਗੁਣਾਚੌਰ ਵਿਖੇ ਹੀ ਰਿਹਾ ਹੈ। ਜਿੱਥੇ ਹੁਣ ਸਰੋਵਰ ਸਾਹਿਬ ਗੁਰਦੁਆਰਾ ਸੁਸ਼ੋਭਿਤ ਹੈ। ਮੇਲੇ ਸਮੇਂ ਬੰਗਾ ਤੋਂ ਬੱਸਾਂ, ਕਾਰਾਂ ਦੀ ਫਰੀ ਸੇਵਾ ਕੀਤੀ ਜਾਂਦੀ ਹੈ। ਥਾਂ-ਥਾਂ ਖਾਣ-ਪੀਣ ਦੇ ਵਧੀਆਂ ਢੰਗ ਨਾਲ ਪ੍ਰਬੰਧ ਕੀਤੇ ਜਾਂਦੇ ਹਨ।ਇੱਕ ਵਾਰ ਤਾਂ ਦੇਖਕੇ ਦਿਮਾਗ 'ਚ ਫਿਰ ਇਹ ਉੱਠਦਾ ਹੈ ਕਿ 'ਪੰਜਾਬ ਵਸਦਾ ਗੁਰੂਆਂ ਦੇ ਨਾਮ 'ਤੇ' (ਭਾਈ ਪੂਰਨ ਸਿੰਘ) ਸੱਚ ਕਿਹਾ ਲੱਗਦਾ ਹੈ। ਇਸ ਜਗ੍ਹਾ 'ਤੇ ਲੰਗਰ ਬਣਾਉਣ ਵਾਲੇ ਅਨੇਕਾਂ ਉਪਕਰਨ ਸ਼੍ਰੀ ਹਰਮਿੰਦਰ ਸਾਹਿਬ ਅੰਮ੍ਰਿਤਸਰ ਸਾਹਿਬ ਵਾਂਗ ਹੀ ਉਪਲਬਧ ਹਨ।

ਇਸ ਪਿੰਡ ਦੇ ਵਸਨੀਕ ਸ. ਸੁਰਜੀਤ ਸਿੰਘ ਅਤੇ ਪ੍ਰਬੰਧਕ ਕਮੇਟੀ ਗੁਰਦੁਆਰਾ ਸਰੋਵਰ ਸਾਹਿਬ ਦੇ ਪ੍ਰਬੰਧਾਂ ਨੂੰ ਦੇਖਦੇ ਹਨ। ਇਸੇ ਗੁਣਾਚੌਰ ਪਿੰਡ ਦੇ ਵਸਨੀਕ ਸ. ਮਨਧੀਰ ਸਿੰਘ ਚੱਠਾ ਜਿਹੜੇ ਖੁਦ ਕਿਸੇ ਜਾਣ-ਪਹਿਚਾਣ ਦੇ ਮੁਹਤਾਜ ਨਹੀਂ। ਹੁਣ ਬਦਲ ਰਹੀ ਦੁਨੀਆਂ 'ਚ ਆਇਲਟਸ ਸੈਂਟਰ ਖੋਲ੍ਹ ਕੇ ਨੌਜਵਾਨਾਂ ਦੇ ਉੱਜਵਲ ਭਵਿੱਖ ਲਈ ਯਤਨਸ਼ੀਲ ਹਨ।

ਇਸੇ ਪਿੰਡ ਵਿੱਚ ਬਾਜੀਗਰ ਭਾਈਚਾਰੇ ਨਾਲ ਸੰਬੰਧਿਤ ਬਾਬਾ ਹਾਥੀ ਰਾਮ ਜੀ ਦਾ ਧਾਰਮਿਕ ਅਸਥਾਨ ਵੀ ਹੈ।ਜਿੱਥੇ ਸਮੁੱਚੇ ਪੰਜਾਬ ਦੇ ਲੋਕ ਨਤਮਸਤਕ ਹੁੰਦੇ ਹਨ। ਇਸੇ ਤਰਾਂ ਸੁੰਡ ਗੋਤ ਨਾਲ ਸੰਬੰਧਿਤ ਧਾਰਮਿਕ ਅਸਥਾਨ ਵੀ ਗੁਣਾਚੌਰ ਦੀ ਜਮੀਨ 'ਤੇ ਹੀ ਸੁਸ਼ੋਭਿਤ ਹੈ।

ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਅੰਸ਼-ਵੰਸ਼ ਗਿਆਰਵੀਂ ਪੀੜ੍ਹੀ ਬਾਬਾ ਸਾਹਿਬ ਸਿੰਘ ਬੇਦੀ ਦਾ ਚਰਨ ਛੋਹ ਗੁਰਦੁਆਰਾ ਸਾਹਿਬ ਸ਼੍ਰੀ ਦਮਦਮਾ ਸਾਹਿਬ ਵੀ ਇਸ ਪਿੰਡ ਵਿੱਚ ਸਥਿਤ ਹੈ। ਜਿੱਥੇ ਹਰ ਸਾਲ ਮੇਲੇ ਦੌਰਾਨ ਹਜਾਰਾਂ ਦੀ ਗਿਣਤੀ ਵਿੱਚ ਸੰਗਤਾ ਨਤਮਸਤਕ ਹੁੰਦੀਆਂ ਹਨ।

ਪਿੰਡ ਦੀਆਂ ਮੁੱਖ ਸ਼ਖਸ਼ੀਅਤਾਂ ਕਦੇ ਸਵ: ਮਦਨ ਮੋਹਣ ਸਿੰਘ ਪਿੰਡ ਦੇ ਸਰਪੰਚ, ਬਲਾਕ ਸੰਮਤੀ ਮੈਂਬਰ ਤੇ ਕਾਂਗਰਸ ਦੇ ਟਕਸਾਲੀ ਆਗੂ ਰਹੇ।ਉਹਨਾ ਦੇ ਸਪੁੱਤਰ ਪਵਨਜੀਤ ਸਿੰਘ ਪਵਨ ਕਿਸੇ ਸਮੇਂ ਸਿੱਖਿਆ ਵਿਭਾਗ ਵਿੱਚ ਸਰਵਿਸ ਕਰਦੇ ਸਨ 'ਤੇ ਉਹ ਮਨਿਸਟਰੀਅਲ ਸਟਾਫ਼ ਯੂਨੀਅਨ ਦੇ ਪੰਜਾਬ ਪ੍ਰਧਾਨ ਵੀ ਰਹੇ। ਪਿੰਡ ਵਿੱਚ ਬਾਕੀ ਪਾਰਟੀਆਂ ਵਾਂਗ ਬਹੁਜਨ ਸਮਾਜ ਪਾਰਟੀ ਦਾ ਵੀ ਪੂਰਾ ਬੋਲਬਾਲਾ ਹੈ।ਪੰਜਾਬ ਵਿੱਚ 1978 ਤੋਂ ਚੱਲੇ ਇਜ. ਅਜੀਤ ਰਾਮ ਗੁਣਾਚੌਰ ਪਾਰਟੀ ਦੇ ਸਭਾ ਕਮੇਟੀ ਦੇ ਮੈਂਬਰ ਰਹੇ। ਉਹ ਪਿੰਡ ਦੇ ਵੀ ਸਰਪੰਚ ਰਹੇ ਹਨ। ਵੱਡਾ ਲੜਕਾ ਵਿਜੇ ਗੁਣਾਚੌਰ ਵੀ ਪਾਰਟੀ ਨੂੰ ਸਮਰਪਿਤ ਹੈ। ਉਹ ਜਿੱਥੇ ਕਲਮ ਰਾਹੀਂ ਅੰਦਰਲੇ ਵਲਵਲੇ ਕੱਢਦਾ ਰਹਿੰਦਾ ਹੈ। ਉਹ ਜ਼ਿਲ੍ਹੇ ਦਾ 'ਬਹੁਜਨ ਸਮਾਜ ਪਾਰਟੀ' ਦਾ ਸਕੱਤਰ ਵੀ ਹੈ। ਪਰਮਜੀਤ ਸਿੰਘ ਭੋਲਾ, ਦਲਜੀਤ ਸਿੰਘ ਥਾਂਦੀ, ਬੀਬੀ ਮਨਜੀਤ ਕੌਰ ਆਦਿ ਸ਼੍ਰੋਮਣੀ ਅਕਾਲੀ ਦਲ (ਬ) ਦੇ ਸਿਰਕੱਢ ਆਗੂ ਹਨ। ਕਿਸੇ ਵੇਲੇ ਕਾਮਰੇਡ ਪਾਖਰ ਦੀ ਇਲਾਕੇ ਚ ਪੂਰੀ ਝੰਡੀ ਹੁੰਦੀ ਸੀ। ਉਸ ਦੀ ਪਿੰਡ 'ਚ ਸਮਾਧੀ ਬਣੀ ਹੋਈ ਹੈ। ਕਾਮਰੇਡ ਮਹਿੰਦਰ ਸਿੰਘ ਪਾਰਟੀ ਦੇ ਅੰਦੋਲਨ ਲਈ ਤਿੰਨ ਵਾਰ ਜੇਲ ਵੀ ਗਏ। ਉਹ 1953 ਤੋਂ ਸੀ.ਪੀ.ਆਈ.ਐੱਮ ਦੇ ਮੈਂਬਰ ਰਹੇ। ਉਹ 1998 ਵਿੱਚ ਜਿਲ੍ਹਾ ਵਰਕਰ ਕਮੇਟੀ ਦੇ ਮੈਂਬਰ ਵੀ ਰਹੇ। 2016-2017 ਦੌਰਾਨ ਸੀ.ਪੀ.ਆਈ.ਐੱਮ ਦੇ ਮੀਤ ਪ੍ਰਧਾਨ ਵੀ ਰਹੇ। ਭਾਰਤ ਦੇ ਮਸ਼ਹੂਰ, ਪ੍ਰਸਿੱਧ ਤੇ ਮੋਹਰਲੀ ਕਤਾਰ ਦੇ ਕਾਮਰੇਡ ਆਗੂ ਸ਼੍ਰੀ ਹਰਕ੍ਰਿਸ਼ਨ ਸਿੰਘ ਸੁਰਜੀਤ ਵੱਲੋਂ ਵੀ ਇਹਨਾਂ ਨੂੰ ਸਨਮਾਨਿਤ ਕੀਤਾ ਗਿਆ। ਇਹਨਾ ਦੇ ਸਾਥੀ ਕਾਮਰੇਡ ਗੁਰਦੇਵ ਸਿੰਘ, ਕਾਮਰੇਡ ਸੰਤ ਰਾਮ, ਕਾਮਰੇਡ ਪਾਖਰ ਸਿੰਘ, ਕਾਮਰੇਡ ਮਹਿੰਦਰ ਸਿੰਘ ਦੁਸਾਂਝ, ਕਾਮਰੇਡ ਸਵਰਨ ਸਿੰਘ ਦੁਸਾਂਝ ਨੰਬਰਦਾਰ ਵੀ ਸੀ.ਪੀ.ਆਈ.ਐੱਮ ਪੰਜਾਬ ਪੱਧਰ ਦੇ ਪ੍ਰਮੁੱਖ ਆਗੂ ਰਹੇ। ਸਿੱਖਿਆ ਦੀ ਗੱਲ ਕਰੀਏ ਤਾਂ ਇਸ ਪਿੰਡ ਵਿੱਚ ਇੱਕ ਸਰਕਾਰੀ ਹਾਈ ਸਕੂਲ ਹੈ। ਸਕੂਲ ਦੇ ਮੌਜੂਦਾ ਹੈੱਡਮਾਸਟਰ ਅਮਨਦੀਪ ਸਿੰਘ ਜੌਹਰ, ਸਟਾਫ ਮੈਂਬਰ ਰਾਜਵੀਰ ਸਿੰਘ, ਕੁਲਦੀਪ ਸਿੰਘ, ਰੁਪਿੰਦਰਜੀਤ ਕੌਰ, ਸਤਵਿੰਦਰ ਸਿੰਘ, ਰਾਜ ਕਮਲ, ਗੁਰਵਿੰਦਰ ਸਿੰਘ, ਗੁਰਮੀਤ ਸਿੰਘ, ਅਵਤਾਰ ਸਿੰਘ, ਕੁਸਮ ਕੁਮਾਰੀ ਲੂਬਨਾ, ਤਸਨੀਮ, ਮਮਤਾ ਕੌੜਾ, ਵਿਪਨ ਕੁਮਾਰ ਅਤੇ ਮਨਜੂਰਾ ਸਾਰਾ ਸਟਾਫ ਹੀ ਬਹੁਤ ਮਿਹਨਤੀ ਹੈ। ਸਕੂਲ ਦਾ ਨਤੀਜਾ ਹਰ ਸਾਲ ਬਹੁਤ ਵਧੀਆਂ ਆਉਂਦਾ ਹੈ। ਜਿਸ ਦਾ ਕਾਰਨ ਬੱਚਿਆ ਨੂੰ ਸਟਾਫ ਦੁਆਰਾ ਦਿੱਤੀ ਜਾਂਦੀ ਚੰਗੀ ਸਿੱਖਿਆ ਹੈ। ਪਿੰਡ ਗੁਣਾਚੌਰ ਦੇ ਇਤਿਹਾਸ ਨਾਲ ਇੱਕ ਹੋਰ ਗੱਲ ਜੁੜਦੀ ਹੈ ਕਿ ਇਸ ਪਿੰਡ ਦੇ ਰਾਮੂ ਨਾਮ ਦੇ ਮੁਸਲਮਾਨ ਨੇ ਪਿੰਡ ਚੱਕ ਕਲਾਲ ਵਸਾਇਆ ਹੋਇਆ ਹੈ।

ਪਿੰਡ ਗੁਣਾਚੌਰ ਜਿੱਥੇ ਇਤਿਹਾਸ, ਉੱਥੇ ਮਿਥਿਆਸ ਪੱਖੋਂ ਸਾਡੇ ਹਿਰਦੇ ਵਿੱਚ ਵਸਿਆ ਹੋਇਆ ਹੈ। ਹਰ ਵਰਗ ਹਰ ਭਾਈਚਾਰਕ ਸਾਂਝ ਨਾਲ ਜੁੜਿਆ ਹੋਇਆ ਵੱਖ-ਵੱਖ ਰੰਗਾ ਦਾ ਸੁਮੇਲ ਹੈ। ਜਿਸ ਦੀ ਕਾਮਯਾਬੀ ਦੀ ਝੰਡੀ ਬਰਕਰਾਰ ਹੈ। ਦੁਆਬੇ ਦਾ ਇਹ ਇੱਕ ਮਸ਼ਹੂਰ ਪਿੰਡ ਹੈ, ਜਿੱਥੇ ਦੇ ਨੌਜਵਾਨ ਵੀ ਵੱਡੀ ਗਿਣਤੀ 'ਚ ਵਿਦੇਸ਼ਾ 'ਚ ਰੋਜੀ-ਰੋਟੀ ਲਈ ਗਏ ਹਨ। ਨੌਜਵਾਨਾਂ ਦਾ ਖੇਡਾਂ ਵੱਲ ਵੱਡੀ ਗਿਣਤੀ 'ਚ ਜੋਰ ਅਜਮਾਈ ਕਰਨਾ ਤੇ ਸਿਖਰਾਂ ਨੂੰ ਛੂਹਣਾ ਨੌਜਵਾਨ ਵਰਗ ਲਈ ਪਥ ਪ੍ਰਦਰਸ਼ਕ ਹੈ, ਜਿਹਨਾ ਤੋਂ ਸੇਧ ਲੈ ਕੇ ਭਵਿੱਖ ਰੋਸ਼ਨਮਈ ਬਣਾਇਆ ਜਾ ਸਕਦਾ ਹੈ।

ਸ਼ਡਿਊਲਡ ਕਾਸਟ ਵੈੱਲਫੇਅਰ ਐਸੋਸੀਏਸ਼ਨ ਡਰਬੀ (ਇੰਗਲੈਂਡ) ਦੇ ਚੇਅਰਮੈਨ ਪਰਮਜੀਤ ਸਿੰਘ ਗੁਣਾਚੌਰ ਪਿਛਲੇ ਕਰੀਬ 12 ਸਾਲ ਤੋਂ ਲੋੜਵੰਦ, ਗਰੀਬ ਤੇ ਹੁਸ਼ਿਆਰ ਲੜਕੇ-ਲੜਕੀਆਂ ਦੀ ਕਰੀਬ 15 ਲੱਖ ਰੁਪਏ ਨਾਲ ਆਰਥਿਕ ਮਦਦ ਕੀਤੀ। ਉਹਨਾਂ ਦੇ ਆਰਥਿਕ ਸਹਿਯੋਗੀਆਂ ਸਦਕਾ ਅਨੇਕਾਂ ਵਿਦਿਆਰਥੀਆਂ ਨੇ ਨੌਕਰੀ ਹਾਸਲ ਕੀਤੀ ਹੈ ਅਤੇ ਕਈ ਵਿਦੇਸ਼ਾਂ ਵਿੱਚ ਸੈਟਲ ਹੋਏ ਹਨ। ਇੰਝ ਮਹਿਸੂਸ ਹੋ ਰਿਹਾ ਹੈ ਕਿ ਇਹ ਸਾਰੀਆਂ ਜਾਤਾਂ, ਧਰਮਾਂ ਦਾ ਇੱਕ ਸਾਂਝਾ ਭਾਈਚਾਰਕ ਮੰਚ ਹੈ ਤੇ ਸਾਂਝੇ ਮੰਚ ਦਾ ਨਾਮ ਹੈ ਪਿੰਡ ਗੁਣਾਚੌਰ। ਅਸੀਂ ਇਸ ਇਤਿਹਾਸਕ ਤੇ ਸੁਨਹਿਰੀ ਪ੍ਰਾਪਤੀਆਂ ਵਾਲੇ ਪਿੰਡ ਲਈ ਜਿੱਥੇ ਫਖ਼ਰ ਮਹਿਸੂਸ ਕਰਦੇ ਹਾਂ, ਉੱਥੇ ਸ਼ੁੱਭਕਾਮਨਾਵਾਂ ਭੇਂਟ ਕਿ ਪਿੰਡ ਇਸੇ ਤਰ੍ਹਾਂ ਹਮੇਸ਼ਾਂ ਚੜ੍ਹਦੀ ਕਲਾ 'ਚ ਰਹੇ।

# ਪ੍ਰਸ਼ਨ- ਉੱਤਰ

1- ਬਲਦਾਂ ਦੇ ਪੈਰਾਂ ਥੱਲੇ ਪੈਰਾਂ ਨੂੰ ਘਸਣ ਤੋਂ ਰੋਕਣ ਲਈ ਜੋ ਲੋਹੇ ਦੀ ਚੀਜ਼ ਲਾਉਂਦੇ ਹਨ, ਉਸ ਨੂੰ ਕੀ ਕਹਿੰਦੇ ਹਨ?
2- ਛੱਟ ਬਣਾਕੇ ਆਟਾ ਚੱਕੀ 'ਤੇ ਆਟਾ ਪੀਸਣ ਵਾਸਤੇ ਭੇਜੇ ਜਾਣ ਵਾਲੇ
ਦਾਣਿਆਂ ਨੂੰ ਕੀ ਕਹਿੰਦੇ ਹਨ?
3 ਦੇਸੀ ਮਹੀਨੇ ਕੱਤਕ ਤੋਂ ਪਹਿਲਾਂ ਕਿਹੜਾ ਮਹੀਨਾ ਆਉਂਦਾ ਹੈ?
4- ਠੇਠ ਪੰਜਾਬੀ ਵਿਚ 'ਆਥਣ' ਵੇਲਾ ਕਿਸ ਨੂੰ ਕਹਿੰਦੇ ਹਨ?
5- ਦੇਸੀ ਮਹੀਨੇ ਮੱਘਰ ਤੋਂ ਅਗਲਾ ਦੇਸੀ ਮਹੀਨਾ ਕਿਹੜਾ ਹੁੰਦਾ ਹੈ?
6- ਵਿਆਹੀ ਲੜਕੀ ਦੀ ਡੋਲੀ ਮੋਢਿਆ 'ਤੇ ਚੁੱਕਣ ਵਾਲਿਆਂ ਨੂੰ ਕੀ ਕਹਿੰਦੇ ਹਨ?
7- ਪਹਿਲੇ ਜੰਮੇ ਪੁੱਤ ਨੂੰ ਠੇਠ ਪੰਜਾਬੀ 'ਚ ਕੀ ਕਹਿੰਦੇ ਹਨ?
8- ਗੁਲਕੰਦ ਬਣਾਉਣ ਲਈ ਕਿਹੜੇ ਫੁੱਲਾਂ ਦੀ ਵਰਤੋਂ ਕੀਤੀ ਜਾਂਦੀ ਹੈ?
9- ਜਿਸ ਸੋਟੀ ਨਾਲ ਟਾਂਗੇ ਵਾਲਾ ਘੋੜੇ ਨੂੰ ਹੱਕਦਾ ਹੈ, ਉਸ ਸੋਟੀ ਨੂੰ ਠੇਠ
ਪੰਜਾਬੀ 'ਚ ਕੀ ਕਹਿੰਦੇ ਹਨ?
10- ਖੇਤਾਂ 'ਚ ਕੰਮ ਕਰਦੇ ਕਿਸਾਨ ਲਈ ਰੋਟੀ ਲੈ ਕੇ ਜਾਣ ਨੂੰ ਠੇਠ ਪੰਜਾਬੀ 'ਚ ਕੀ ਕਹਿੰਦੇ ਹਨ?
ਉੱਤਰ-(1) ਖੁਰੀਆਂ, (2) ਪੀਹਣ, (3) ਅੱਸੂ, (4) ਸ਼ਾਮ ਦੇ ਵੇਲੇ ਨੂੰ, (5) ਪੋਹ,
(6) ਕੁਹਾਰ, (7) ਜੇਠਾ, (8) ਗੁਲਾਬ, (9) ਚਾਬਕ, (10) ਭੱਤਾ



ਤਸਵਿੰਦਰ ਸਿੰਘ ਬੜੈਚ
91-98763-22677

# ਕਾਵਿ ਵਿਅੰਗ/ ਵਿਆਹ 'ਚ ਬੀ ਦਾ ਲੇਖਾ?

ਪੈਂਦੀ ਹੋਵੇ 'ਗੜਗੱਜ' ਮਨਮਰਜੀਆਂ ਦੀ
ਉਦੋਂ ਵਿਰਸੇ ਦਾ 'ਡੌਰੂ' ਖੜਕਾਈ ਦਾ ਨਹੀਂ।

'ਧਨੀ ਅਕਲ' ਦਾ ਸਾਰਾ ਜਹਾਨ ਹੋਇਆ
ਮੱਤਾਂ ਦੇਣ ਲਈ ਸਿਰ ਖਪਾਈ ਦਾ ਨਹੀਂ।

ਢਕੀ ਰਿੱਝਦੀ ਕਿਸੇ ਨੇ ਰਿੰਨ੍ਹ ਲਈ ਜੇ
'ਤੁੜਕਾ' ਹੋਰ ਫਿਰ ਓਸ ਨੂੰ ਲਾਈ ਦਾ ਨਹੀਂ।

ਖਾਊ 'ਅੱਗ' ਜੋ ਉਹੀ ਅੰਗਿਆਰ ਹੱਗੂ
ਐਵੇਂ ਆਪਣਾ ਆਪ ਸੜਾਈ ਦਾ ਨਹੀਂ।

ਵੇਲੇ ਸਿਰ 'ਨਮਾਜ' ਹੀ ਪੜ੍ਹੀ ਸੋਂਹਦੀ
ਮਗਰੋਂ ਰਾਗ 'ਕੁਵੇਲੇ ਦਾ' ਗਾਈ ਦਾ ਨਹੀਂ।

ਹੁੰਦੇ ਵਿਆਹ 'ਬੀ-ਲੇਖੇ' ਦੇ ਦੇਖ ਲਈਏ
'ਬੀ ਦਾ ਲੇਖਾ' ਵਿਆਹਾਂ ਵਿੱਚ ਪਾਈ ਦਾ ਨਹੀਂ !

**-ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268



# ਤੋਤਾ



ਸਾਡੇ ਘਰ ਇੱਕ ਤੋਤਾ ਆਇਆ,
ਸਭ ਨੇ ਬੜਾ ਲਾਡ ਲਡਾਇਆ।
ਉਸਦੇ ਪੈਰਾਂ ਵਿਚ ਕੁੱਝ ਖਰਾਬੀ,
ਤੁਰਦਾ ਪਿਆ ਸੀ ਵਾਂਗ ਸ਼ਰਾਬੀ।
ਰੌਣਕ, ਰੋਮਾਂਚਕ ਵੀ ਆਏ ਭੱਜੇ,
ਦੋਵੇਂ ਬੈਠ ਗਏ ਓਹਦੇ ਸੱਜੇ ਖੱਬੇ।
ਈਸਟਾ, ਏਕੂ ਨੇ ਬਣਾਈ ਚੂਰੀ,
ਫਿਰ ਵੀ ਤੋਤੇ ਨੇ ਬਣਾਈ ਦੂਰੀ।
ਸੁਦਿਕਸ਼ਾ ਨੇ ਖੁਆਏ ਚਨੇ ਕਾਲੇ,
ਪਰ ਨਹੀਂ ਖੁੱਲੇ ਜੁ ਦੇ ਤਾਲੇ।
ਕੋਨੇ ਦੇ ਵਿੱਚ ਬੈਠਾ ਸੀ ਰਹਿੰਦਾ,
ਕਿਸੇ ਨੂੰ ਓਹ ਕੁੱਝ ਨਾ ਕਹਿੰਦਾ।
ਦੇਸੀ ਬਣਾਕੇ ਦਿੱਤੀ ਸੀ ਦਵਾਈ,
ਸੇਵਾ ਕੀਤੀ ਜਿਵੇਂ ਹੋਵੇ ਜਵਾਈ।
ਖਾਵੇ ਚਾਅ ਨਾਲ ਗਰੀਨ ਚਿੱਲੀ,
ਦੂਰ ਹੀ ਰੱਖੀ ਉਸ ਕੋਲੋਂ ਬਿੱਲੀ।
ਠੀਕ ਹੁੰਦੇ ਨੂੰ ਲੱਗਾ ਪੂਰਾ ਵੀਕ,
ਉੱਡ ਗਿਆ ਓਹ ਮਾਰ ਕੇ ਚੀਕ।

**ਚਮਨਦੀਪ ਸ਼ਰਮਾ**
91-95010 33005



# ਅਰਮਾਨ

ਆਪਣੇ ਅਰਮਾਨਾਂ ਦੀ ਧੂਣੀ ਬਾਲ ਰਹੇ।
ਬੇ-ਫਿਕਰੇ ਜਹੇ ਲੋਕ ਵਕਤ ਨੂੰ ਟਾਲ ਰਹੇ।

ਵਕਤ ਗੁਆਇਆ ਮੁੜਕੇ ਹੱਥ ਨਹੀਂ ਆਉਂਦਾ,
ਜ਼ਿੰਦਗੀ ਐਵੇਂ ਲਾਰਿਆਂ ਨਾਲ ਹੀ ਗਾਲ਼ ਰਹੇ।

ਓਹਨਾਂ ਨੂੰ ਕੀ ਕਹਿਣਾ ਜੋ ਨੇ ਬੇ-ਸਮਝੇ,
ਸਮਝਾਂ ਵਾਲੇ ਵੀ ਤਾਂ ਮੰਦੜੀ ਚਾਲ ਰਹੇ।

ਸੁਝਵਾਨਾਂ ਦੀ ਢਾਣੀ ਬਹਿ ਕਿਉਂ ਸੋਚੇ ਨਾ,
ਉਹ ਵੀ ਕੇਵਲ ਆਪਣੇ ਬੱਚੇ ਪਾਲ਼ ਰਹੇ।

ਜੋ ਲੰਘਦੇ ਪਲ ਫੜਨੇ ਤੋਂ ਇਨਕਾਰੀ ਨੇ,
ਆਉਣ ਵਾਲੇ ਕੱਲ੍ਹ ਨੂੰ ਹੀ ਓਹੋ ਜਾਲ਼ ਰਹੇ।

ਸੱਜਣ ਅਖਵਾਉਣੇ ਦਾ ਹੱਕਦਾਰ ਹੈ ਉਹ,
ਮਾੜੇ ਸਮਿਆਂ ਵਿਚ ਵੀ ਜਿਹੜਾ ਨਾਲ ਰਹੇ।

**- ਕੇਹਰ ਸ਼ਰੀਫ਼**



# ਪਾਣੀ ਬਚਾਓ

ਜੇ ਧਰਤੀ ਹੇਠੋਂ ਯਾਰੋ, ਮੁੱਕ ਗਿਆ ਪਾਣੀ,
ਬਚਣਾ ਨਾ ਫਿਰ ਇੱਥੇ ਕੋਈ ਜੀਵਤ ਪ੍ਰਾਣੀ।
ਪਾਣੀ ਬਿਨਾਂ ਦਿਸਣੇ ਨਾ ਹਰੇ,ਭਰੇ ਰੁੱਖ,
ਜਿਹੜੇ ਮਨੁੱਖ ਨੂੰ ਦਿੰਦੇ ਨੇ ਯਾਰੋ,ਸੌ ਸੁੱਖ।
ਬੀਜੋ ਕਿਰਸਾਨੋ ਘੱਟ ਪਾਣੀ ਵਾਲੀਆਂ ਫਸਲਾਂ,
ਜੇ ਜੀਵਤ ਰੱਖਣੀਆਂ ਆਣ ਵਾਲੀਆਂ ਨਸਲਾਂ।
ਨਹਾਣ ਤੇ ਕਪੜੇ ਧੋਣ ਲਈ ਘੱਟ ਵਰਤੋ ਪਾਣੀ,
ਗੱਡੀਆਂ ਤੇ ਸਕੂਟਰਾਂ ਉੱਤੇ ਨਾ ਬਹੁਤਾ ਸੁੱਟੋ ਪਾਣੀ।
ਨਦੀਆਂ ਤੇ ਦਰਿਆਵਾਂ ਦਾ ਪਾਣੀ ਰੱਖੋ ਸਾਫ,
ਇਨ੍ਹਾਂ ਵਿਚ ਸੁੱਟੋ ਨਾ ਕੂੜਾ ਤੇ ਲਿਫਾਫੇ ਆਪ।
ਸਾਫ ਪਾਣੀ ਫਸਲਾਂ ਤੇ ਪੰਛੀਆਂ ਦੇ ਆਏਗਾ ਕੰਮ,
ਇਸ ਨਾਲ ਖਰਾਬ ਨਹੀਂ ਹੋਵੇਗਾ ਕਿਸੇ ਦਾ ਚੰਮ।
ਇਸ ਤੋਂ ਪਹਿਲਾਂ ਕਿ ਬਹੁਤ ਮਹਿੰਗਾ ਪਾਣੀ ਹੋ ਜਾਵੇ,
ਇਸ ਤੋਂ ਪਹਿਲਾਂ ਕਿ ਇਹ ਪਹੁੰਚ ਤੋਂ ਬਾਹਰ ਹੋ ਜਾਵੇ,
ਪਾਣੀ ਬਚਾਣਾ ਸ਼ੁਰੂ ਕਰ ਦਿਉ ਤੁਸੀਂ ਅੱਜ ਤੋਂ ਹੀ,
ਸਭ ਨੂੰ ਜੀਵਤ ਰੱਖਣ ਲਈ ਸੋਚੋ ਅੱਜ ਤੋਂ ਹੀ।

**- ਮਹਿੰਦਰ ਸਿੰਘ ਮਾਨ**
91-99158-03554



# ਗੁਰੂ ਜੀ

ਗੁਰੂ ਜੀ ਤੇਰੀ ਕਲਮ 'ਚੋਂ ਨਿਕਲੇ ਹਰਫ਼ਾਂ ਨੇ ਕਰ ਦਿੱਤੇ ਦੂਰ ਹਨੇਰੇ
ਡੋਲੇ ਫਿਰਦੇ ਸੀ ਜਿਹੜੇ ਬੰਨ੍ਹ ਦਿੱਤੇ ਜੇਰੇ,
ਬਾਬਾ ਜੀ ਤੇਰੀ ਤੇਰੀ ਕਲਮ 'ਚੋਂ ਨਿਕਲੇ ਹਰਫ਼ਾਂ ਨੇ ਕਰ ਦਿੱਤੇ ਦੂਰ ਹਨੇਰੇ

ਕੁੱਲੀਆਂ ਵਿਚ ਚਾਨਣ ਹੋਇਆ,
ਨੀਚਾਂ ਦਾ ਕੰਮ ਸੇਵਾ ਦਾਗ ਇਹ ਪਾਕ ਵਿਚਾਰਾਂ ਦੇ ਨਾਲ ਧੋਇਆ,
ਤੈਥੋਂ ਸ਼ਕਤੀ ਲੈ ਕੇ ਤੈਹ ਕਰੇ ਪੰਧ ਲੰਮੇਰੇ।
ਗੁਰੂ ਜੀ ਤੇਰੀ ਕਲਮ 'ਚੋਂ ਨਿਕਲੇ ਹਰਫ਼ਾਂ ਨੇ ਕਰ ਦਿੱਤੇ ਦੂਰ ਹਨੇਰੇ

ਉਹ ਪੈੜਾਂ ਸਾਡੇ ਰਾਸ ਆਈਆਂ,
ਮਨੂੰਵਾਦ ਦੇ ਸਿਰ ਤੇ ਬਹਿਕੇ ਜੋ ਇਤਿਹਾਸ ਦੀ ਹਿੱਕ ਤੇ ਪਾਈਆਂ,
ਪੜੋ,ਜੁੜੋ,ਸੰਘਰਸ਼ ਕਰੋ ਸਾਡੇ ਰਾਹ ਦਿਸੇਰੇ।
ਬਾਬਾ ਜੀ ਤੇਰੀ ਤੇਰੀ ਕਲਮ 'ਚੋਂ ਨਿਕਲੇ ਹਰਫ਼ਾਂ ਨੇ ਕਰ ਦਿੱਤੇ ਦੂਰ ਹਨੇਰੇ

ਜਿੱਥੇ ਹੱਕ ਨਹੀਂ ਸੀ ਜਿਉਣ ਦਾ,
ਲੜੀ ਲੜਾਈ ਹੱਕਾਂ ਦੀ ਤੇ ਹੱਕ ਦਿਵਾਇਆ ਮਨੁੱਖ ਹੋਣ ਦਾ,
ਉੱਥੇ ਤੇਰੀ ਸੋਚ ਤੇ ਪਹਿਰਾ ਹੈ ਹੁਣ ਸ਼ਾਮ ਸਵੇਰੇ
ਬਾਬਾ ਜੀ ਤੇਰੀ ਤੇਰੀ ਕਲਮ 'ਚੋਂ ਨਿਕਲੇ ਹਰਫ਼ਾਂ ਨੇ ਕਰ ਦਿੱਤੇ ਦੂਰ ਹਨੇਰੇ

ਲਲਕਾਰ ਤੇਰੀ ਤਖ਼ਤ ਡੋਲਣ ਲਾ ਤੇ,
ਤੂੰ ਜੌੜੇ ਮਲਕੀਤ ਜਿਹੇ ਗੂੰਗੇ ਹਿੱਕ ਤੇ ਹੱਥ ਰੱਖ ਬੋਲਣ ਲਾ ਤੇ,
ਮੁਜ਼ਲੂਮਾਂ ਦੀ ਖ਼ਾਤਰ ਲੜਿਆ ਸਦਕੇ ਮੈਂ ਤੇਰੇ।
ਬਾਬਾ ਜੀ ਤੇਰੀ ਤੇਰੀ ਕਲਮ 'ਚ ਨਿਕਲੇ ਹਰਫ਼ਾਂ ਨੇ ਕਰ ਦਿੱਤੇ ਦੂਰ ਹਨੇਰੇ।
ਗੁਰੂ ਜੀ ਤੇਰੀ ਕਲਮ 'ਚੋਂ ਨਿਕਲੇ ਹਰਫ਼ਾਂ ਨੇ ਕਰ ਦਿੱਤੇ ਦੂਰ ਹਨੇਰੇ।




**ਮਲਕੀਤ ਸਿੰਘ ਜੌੜਾ**

# ਸਰਦਾਰਨੀਆਂ

**ਰੀਵਿਊਕਾਰ: ਬਲਜਿੰਦਰ ਮਾਨ**
98150-18947
**ਕਵੀ: ਰਾਮ ਲਾਲ ਭਗਤ**
**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ ਲੁਧਿਆਣਾ,**
**ਪੰਨੇ:118,ਮੁੱਲ:250**

ਰਾਮ ਲਾਲ ਭਗਤ ਦੀ ਮਿਹਨਤ ਅਤੇ ਲਗਨ ਸਦਕਾ ਅੰਤਰ ਰਾਸ਼ਟਰੀ ਸਾਹਿਤਕ ਗਰੁੱਪ 'ਮਹਿਕ ਪੰਜਾਬ ਦੀ' ਪੂਰੀ ਦੁਨੀਆ ਵਿਚ ਮਕਬੂਲ ਹੈ। ਉਹਨਾਂ ਆਪਣੀ ਕਲਮ ਰਾਹੀਂ ਧੀਆਂ ਭੈਣਾਂ ਦੇ ਮਾਣ ਸਨਮਾਨ ਨੂੰ ਕਾਇਮ ਕਰਨ ਵਾਸਤੇ ਅਜ ਤਕ ਇਕ ਦਰਜਨ ਤੋਂ ਵੱਧ ਪੁਸਤਕਾਂ ਦੀ ਸਿਰਜਣਾ ਕੀਤੀ ਹੈ। ਇਹਨਾਂ ਪੁਸਤਕਾਂ ਰਾਹੀਂ ਜਗ ਜਣਨੀ ਦੇ ਕੰਮਾਂ ਅਤੇ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ ਗਈ ਹੈ ਤਾਂ ਕਿ ਉਹ ਆਪਣੇ ਬਣਦੇ ਹੱਕ ਹਾਸਲ ਕਰ ਸਕਣ ਅਤੇ ਸਮਾਜ ਵਿਚ ਸਨਮਾਨਯੋਗ ਰੁਤਬਾ ਹਾਸਲ ਕਰ ਸਕਣ। ਉਹਨਾਂ ਦੀਆਂ ਪੁਸਤਕਾਂ ਦੇ ਨਾਮ ਸ਼ੇਰਨੀਆਂ, ਰੂਹਾਂ, ਸ਼ਹਿਜਾਦੀਆਂ, ਨੂੰਹਾਂ ਆਦਿ ਔਰਤ ਜਗਤ ਨੂੰ ਸਮਰਪਿਤ ਹਨ। ਇਹ ਸਭ ਪੁਸਤਕਾਂ ਪਾਠਕਾਂ ਦੁਆਰਾ ਮਾਣੀਆਂ ਗਈਆਂ ਹਨ।ਇਹਨਾਂ ਦੀ ਕੌਮਾਂਤਰੀ ਪੱਧਰ ਤਕ ਸ਼ਲਾਘਾ ਹੋਈ ਹੈ। ਹੱਥਲੀ ਪੁਸਤਕ ਸਰਦਾਰਨੀਆਂ ਲਗਭਗ ਦੋ ਸਾਲ ਚੱਲੇ ਕਿਸਾਨੀ ਸੰਘਰਸ਼ ਵਿਚ ਧੀਆਂ ਭੈਣਾਂ ਅਤੇ ਬਜ਼ੁਰਗ ਬੀਬੀਆਂ ਵਲੋਂ ਪਾਏ ਯੋਗਦਾਨ ਨੂੰ ਸਮਰਪਿਤ ਹੈ।




ਕਵੀ ਰਾਮ ਲਾਲ ਭਗਤ ਨੇ ਸਰਦਾਰਨੀਆਂ ਪੁਸਤਕ ਰਾਹੀਂ ਵੀ ਉਹਨਾਂ ਔਰਤਾਂ ਨੂੰ ਸਲਾਮ ਆਖੀ ਜਿਹਨਾਂ ਬਹਾਦਰੀ ਭਰੇ ਕਾਰਨਾਮਿਆਂ ਨਾਲ ਮਰਦਾਂ ਨੂੰ ਸੇਧ ਦਿੱਤੀ ਅਤੇ ਮੋਢੇ ਨਾਲ ਮੋਢਾ ਲਾ ਕੇ ਮੋਰਚਾ ਜਿੱਤਿਆ। 84 ਕਵਿਤਾਵਾਂ ਅਤੇ ਗੀਤਾਂ ਦਾ ਗੁਲਦਸਤਾ ਰੂਪੀ ਇਹ ਪੁਸਤਕ ਇਸ ਮੋਰਚੇ ਵਿਚ ਔਰਤਾਂ ਵਲੋਂ ਪਾਏ ਯੋਗਦਾਨ ਦੀ ਨਿਸ਼ਾਨਦੇਹੀ ਕਰਦੀ ਹੈ। ਉਹਨਾਂ ਹਰ ਪ੍ਰਕਾਰ ਦੇ ਮੌਸਮ ਅਤੇ ਸਰਕਾਰੀ ਬੰਧਸ਼ਾਂ ਵਿਚ ਆਪਣੀ ਭੂਮਿਕਾ ਨੂੰ ਇਤਿਹਾਸਕ ਬਣਾਈ ਰੱਖਿਆ।ਜਿਸ ਵਿਚ ਕੁਝ ਨੇ ਜੋਸ਼ੀਲੇ ਵਿਚਾਰਾਂ ਅਤੇ ਕਵਿਤਾਵਾਂ ਨਾਲ ਵੀ ਯੋਧਿਆਂ ਦੇ ਹੌਸਲੇ ਨੇ ਬੁਲੰਦੀ ਬਖ਼ਸ਼ੀ।ਸਰਦਾਰਨੀਆਂ ਪੁਸਤਕ ਪੰਜਾਬ ਅਤੇ ਭਾਰਤ ਦੇ ਵਿਕਾਸ ਦੇ ਨਾਲ ਨਾਲ ਪ੍ਰਦੇਸਾਂ ਵਿਚ ਕੀਤੀ ਜਾਂ ਰਹੀ ਮਿਹਨਤ ਮੁਸ਼ੱਕਤ ਦਾ ਵੀ ਜ਼ਿਕਰ ਕਰਦੀ ਹੈ। ਜਿਸ ਨਾਲ ਨਵੀਆਂ ਕੁੜੀਆਂ ਨੂੰ ਪ੍ਰੇਰਨਾ ਮਿਲਦੀ ਹੈ।ਕਈ ਗੀਤਾਂ ਤੇ ਕਵਿਤਾਵਾਂ ਵਿਚ ਕਵੀ ਨੇ ਨਵੇਂ ਨਵੇਂ ਛੰਦ ਪ੍ਰਬੰਧ ਦਾ ਵੀ ਪ੍ਰਯੋਗ ਕੀਤਾ ਹੈ। ਟੱਪਿਆਂ ਸਮੇਤ ਕਈ ਗੀਤ ਸੁਰਬੰਧ ਕੀਤੇ ਗਏ ਹਨ। ਇਸ ਤਰ੍ਹਾਂ ਰਾਮ ਲਾਲ ਭਗਤ ਹੁਰਾਂ ਦੀ ਇਹ ਪੁਸਤਕ ਇਕ ਇਤਿਹਾਸਕ ਦਸਤਾਵੇਜ਼ ਬਣਦੀ ਹੈ।

ਜੋ ਸਾਨੂੰ ਇਕ ਅਹਿਮ ਸੰਘਰਸ਼ ਵਿਚ ਇਸਤਰੀਆਂ ਦੇ ਜੱਦੋ ਜਹਿਦ ਤੋਂ ਜਾਣੂ ਕਰਵਾਉਂਦੀ ਹੈ। ਸੱਚਮੁੱਚ ਹੀ ਇਹ ਪੁਸਤਕ ਕੁੜੀਆਂ ਨੂੰ ਸ਼ੇਰਨੀਆਂ

# ਹੁਣ ਵੀ ਨਹੀਂ, ਤਾਂ ਕਦੇ ਵੀ ਨਹੀਂ।

## ਪੰਜਾਬ ਸਰਕਾਰ ਜਿਸ ਨੇ ਆਉਂਦਿਆਂ ਹੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਰਾਖਵੇਂ ਹੱਕਾਂ ਤੇ ਡਾਕਾ ਮਾਰਿਆ ਹੈ




ਲਾਅ ਅਫਸਰਾਂ ਦੀਆਂ ਪੋਸਟਾਂ, ਮੁਹੱਲਾ ਕਲੀਨਿਕਾਂ ਲਈ ਡਾਕਟਰਾਂ ਤੇ ਹੋਰ ਪੈਰਾ ਮੈਡੀਕਲ ਸਟਾਫ, ਅਧਿਆਪਕਾਂ, ਯੂਨੀਵਰਿਟੀਆਂ ਦੇ ਪ੍ਰੋਫ਼ੈਸਰਾਂ, ਆਦਿ ਵਿੱਚ ਮੌਲਿਕ ਅਧਿਕਾਰ ਰਾਖਵੇਂਕਰਨ ਨੂੰ ਛਿੱਕੇ ਟੰਗ ਕੇ ਭਰਤੀਆਂ ਕਰ ਲਈਆਂ ਹਨ।

**ਸਮੂਹ ਪੰਜਾਬ ਦੀਆਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਨਾਂ ਹੇਠ ਚਲ ਰਹੇ ਧਾਰਮਿਕ, ਸਮਾਜਿਕ, ਟ੍ਰੇਡ ਯੂਨੀਅਨਾਂ, ਰਾਜਨੀਤੀਕ ਸੰਗਠਨਾਂ ਨੂੰ ਬੇਨਤੀ ਹੈ ਕਿ ਆਪਣੀ ਆਉਣ ਵਾਲੀ ਪੀੜ੍ਹੀ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ 2 ਅਪ੍ਰੈਲ 2018 ਨੂੰ ਦੋਹਰਾਈਏ।**

**ਮਿਤੀ - 17 ਜੁਲਾਈ 2022**

**ਦਿਨ ਐਤਵਾਰ ਸ਼ਮਾ 11.00 ਵਜੇ**

**ਸਥਾਨ ਅੰਬੇਡਕਰ ਭਵਨ ਜਲੰਧਰ**

Not Advt.